# ਪੁਨਰਵਾਸ

ਮਿੱਤਰ ਸੈਨ ਮੀਤ

ਰਵੀ ਸਾਹਿਤ ਪ੍ਰਕਾਸ਼ਨ
ਹਾਲ ਬਾਜ਼ਾਰ, ਅੰਮ੍ਰਿਤਸਰ

# ਪੁਨਰਵਾਸ

(ਕਹਾਣੀ-ਸੰਗ੍ਰਹਿ)

ਇਸ ਪੁਸਤਕ ਨੂੰ ਪ੍ਰਕਾਸ਼ਤ ਕਰਨ ਵਾਸਤੇ
ਪੰਜਾਬੀ ਸਾਹਿਤ ਸਭਾ, ਬਰਨਾਲਾ ਵਲੋਂ ਦਿੱਤੀ ਗਈ
ਮਾਇਕ ਸਹਾਇਤਾ ਵਾਸਤੇ ਲੇਖਕ ਸਭਾ ਦਾ ਧੰਨਵਾਦੀ ਹੈ।

**ਇਸੇ ਕਲਮ ਤੋਂ**

ਅੱਗ ਦੇ ਬੀਜ (ਨਾਵਲ)
ਕਾਫ਼ਲਾ (ਨਾਵਲ)

# ਪੁਨਰਵਾਸ

ਮਿੱਤਰ ਸੈਨ ਮੀਤ

ਰਵੀ ਸਾਹਿਤ ਪ੍ਰਕਾਸ਼ਨ
ਹਾਲ ਬਾਜ਼ਾਰ, ਅੰਮ੍ਰਿਤਸਰ

PUNERVAS (Short Stories)
By : Mitter Sain Meet
B-X/480, Kacha College Road
BARNALA (Sangrur) 148101
Pub. By : RAVI SAHIT PARKASHAN
Hall Bazar, AMRITSAR-143006

ਪਹਿਲੀ ਵਾਰ : 1987
© ਮਿੱਤਰ ਸੈਨ ਮੀਤ
ਸਰਵਰਕ : ਸੁਖਵੰਤ ਸਿੰਘ
ਮੁੱਲ : 25 ਰੁਪਏ

ਪ੍ਰਕਾਸ਼ਕ :
ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ-143006

ਛਾਪਕ :
ਹਰਮੁਖ ਪ੍ਰਿੰਟਰਜ਼, ਮਹਾਂ ਸਿੰਘ ਗੇਟ, ਅੰਮ੍ਰਿਤਸਰ

ਓਮ ਪ੍ਰਕਾਸ਼ ਗਾਸੋ
ਤੇ
ਦਰਸ਼ਨ ਸਿੰਘ ਗਿੱਲ
ਦੇ ਨਾਂ

## ਤਤਕਰਾ

9 ਰਾਤ ਦੇ ਸੂਰਜ
16 ਸੜਕੋ ਸੜਕ
22 ਮਸਲਾ
34 ਕਲਮੂੰਹੇਂ
43 ਲਾਟਾਂ
57 ਨੌਕਰੀ/ਨਰਕ/ਤੇ ਕੀੜਾ
61 ਹਵਾ ਦਾ ਰੁਖ
72 ਗੱਲ ਇਕ ਰਾਤ ਦੀ
76 ਡਰ ਅਤੇ ਚੋਰੀ
78 ਦਾਗ਼ੀ ਚਿਹਰਾ
80 ਲੇਖਕ ਨਾਲ ਬਿਤਾਇਆ ਹਰ ਪਲ
82 ਪੁਨਰਵਾਸ
85 ਮਹਿਮਾਨ ਤੇ ਉਸਦੀ ਸੁਗਾਤ
93 ਬਰਫ਼ ਦੇ ਟੁਕੜੇ
97 ਜਲਨ
102 ਪਿਉ ਦਾ ਮੋਹ
109 ਅਠਿਆਨੀ
113 ਇਕ ਦਿਨ ਹੜਤਾਲ ਦਾ
120 ਜਦੋਂ ਕੁਲੀਆਂ 'ਚੋਂ ਨਵਾਂ ਸੂਰਜ ਚੜ੍ਹੇਗਾ
127 ਹਲਾਂ ਦੇ ਮੁੰਨੇ
129 ਫ਼ਾਇਰ

## ਸਮਾਂ-ਮੀਤ-ਪੁਨਰਵਾਸ

ਮਿੱਤਰ ਸੈਨ ਮੀਤ ਦੀ ਕਲਮ ਨੇ ਸਾਹਿਤਕ ਸਫ਼ਰ ਦਾ ਪ੍ਰਾਰੰਭ ਨਕਸਲੀ ਲਹਿਰ ਦੇ ਪ੍ਰਭਾਵ ਅਧੀਨ ਕੀਤਾ; ਸਾਹਿਤ ਦੇ ਕਰਤਵ ਨੂੰ ਸਪਸ਼ਟ ਕਰਨਾ ਇਸ ਲਹਿਰ ਦੀ ਦੇਣ ਹੈ। 'ਸਾਹਿਤ ਲੋਕਾਂ ਲਈ' ਦੇ ਮੱਤ ਦਾ ਹੁਣ ਕੋਈ ਵਿਰੋਧ ਨਹੀਂ ਕਰ ਸਕਦਾ। ਉਸ ਕਾਲ ਦੇ ਲੇਖਕਾਂ ਨੇ ਡੰਕੇ ਦੀ ਚੋਟ ਨਾਲ ਪ੍ਰਥਮ ਵਾਰ ਲੋਕਾਂ ਦੇ ਦੁੱਖ-ਦਰਦ, ਸਮੱਸਿਆਵਾਂ ਤੇ ਸੰਘਰਸ਼ ਨੂੰ ਸਾਹਿਤ ਵਿਚ ਪ੍ਰਸਤੁਤ ਕੀਤਾ; ਉਹਨਾਂ ਨੇ, ਵਸਤੂ (Content) ਲੋਕ-ਪੱਖੀ, ਤੇ ਰੂਪ (Form) ਕੋਈ ਮਸਲਾ ਨਹੀਂ-ਦੀ ਧਾਰਨਾ ਦਾ ਸਮਰਥਨ ਕੀਤਾ।

ਓਸ ਸਮੇਂ ਕਾਫੀ ਰਿਸਾਲਿਆਂ ਨੇ ਨਵੇਂ ਲੇਖਕਾਂ ਦੀਆਂ ਲਿਖਤਾਂ ਛਾਪ ਕੇ ਲਿਖਣ ਲਈ ਉਤਸ਼ਾਹਤ ਕਰਿਆ; 'ਸਰਦਲ' ਨੇ ਨਕਸਲੀ ਲਹਿਰ ਦੇ ਸਾਹਿਤਕ ਤੇ ਸਭਿਆਚਾਰਕ ਪੱਖ ਤੇ ਬਹੁਤ ਕੰਮ ਕੀਤਾ। ਮੀਤ ਆਪ ਉਸ ਵੇਲੇ ਆਪਣੀ ਪੀਹੜੀ ਦੇ ਸੰਕਟ ਦਾ ਸ਼ਿਕਾਰ ਤੇ ਜ਼ਿੰਦਗੀ ਲਈ ਸੰਘਰਸ਼ ਕਰਨ ਵਾਲਾ ਵਿਦਿਆਰਥੀ ਸੀ; ਅਤੇ ਦੇਸ਼ ਦੇ ਪੂੰਜੀਵਾਦੀ ਵਿਕਾਸ ਦੇ ਪੱਥ ਤੇ ਤੁਰਨ ਕਾਰਨ ਉਤਪੰਨ ਹੋਣ ਵਾਲੇ ਸੰਕਟ ਪ੍ਰਤੱਖ ਹੋਣ ਲੱਗ ਪਏ ਸਨ; ਹੇਠਲੇ ਵਰਗ, ਵਿਸ਼ੇਸ਼ ਮਧ-ਸ਼੍ਰੇਣਿਕ ਗੱਭਰੂਆਂ ਸਨਮੁਖ ਬੇ-ਰੁਜ਼ਗਾਰੀ ਦਾ ਦਿਓ ਮੂੰਹ ਅੱਡੀ ਆ ਖਲੋਇਆ; ਭਵਿੱਖ ਹਨੇਰਾ ਦਿਸਣ ਲੱਗਾ। ਇਹ ਕਿਸੇ ਤੱਤ-ਫੱਟ ਪਰਿਵਰਤਨ ਦੇ ਇੱਛਕ ਸਨ; ਨਕਸਲੀ ਲਹਿਰ ਨੇ ਇਹਨਾਂ ਨੂੰ ਪ੍ਰਭਾਵਤ ਕੀਤਾ। ਦੱਬੇ-ਕੁਚਲੇ ਲੋਕਾਂ ਨੂੰ ਚੇਤਨ ਤੇ ਲਾਮਬੰਦ ਕਰਕੇ ਲੰਮੇ ਤੇ ਸਿਰੜੀ ਸ਼੍ਰੇਣੀ ਸੰਘਰਸ਼ ਲਈ ਲੜਾਉਣਾ ਬਹੁਤ ਕਠਨ ਤੇ ਉਕਤਾ ਦੇਣ ਵਾਲਾ ਕਾਰਜ ਸੀ ਜੋ ਮਧ ਵਰਗ ਦੇ ਸ਼੍ਰੇਣੀ ਖ਼ਾਸੇ ਦੇ ਪ੍ਰਤੀਕੂਲ ਸੀ। ਮੂਲ ਜਮਾਤੀ ਵਿਰੋਧਤਾਈਆਂ ਦੀ ਥਾਂ ਓਪਰੀਆਂ ਜਮਾਤੀ ਵਿਰੋਧਤਾਈਆਂ ਲੱਭੀਆਂ ਗਈਆਂ। ਆਰਥਿਕ

ਲੁੱਟ ਦੀ ਥਾਂ ਨਾਰੀ ਦੀ ਪਤ ਲੁੱਟਣ ਨੂੰ, ਤੇ ਸਾਂਝੇ ਜਮਾਤੀ ਐਕਸ਼ਨਾਂ ਦੇ ਵਿਪਰੀਤ ਵਿਅਕਤੀਗਤ ਕਤਲਾਂ ਨੂੰ ਜਮਾਤੀ ਸੰਘਰਸ਼ ਦਾ ਮੁੱਖ ਆਧਾਰ ਬਣਾ ਦਿੱਤਾ ਗਿਆ। ਨਤੀਜੇ ਜੋ ਨਿਕਲਣੇ ਸਨ, ਉਹੋ ਹੀ ਨਿਕਲੇ।

'ਪੁਨਰਵਾਸ' ਵਿਚਲੀਆਂ ਕਹਾਣੀਆਂ ਦੀ ਵਸਤੂ (Content) ਉਕਤ ਤੱਥਾਂ ਨੂੰ ਮੂਰਤੀਮਾਨ ਕਰਦੀ ਹੈ; ਮੀਤ ਇਸੇ ਕਾਰਨ ਆਪਣੇ ਕਾਲ ਦਾ ਪ੍ਰਤੀਨਿਧ ਲੇਖਕ ਹੈ। ਉਸ ਦੌਰ ਦੀਆਂ ਪ੍ਰਾਪਤੀਆਂ ਤੇ ਊਣਤਾਈਆਂ ਇਨ੍ਹਾਂ ਕਹਾਣੀਆਂ 'ਚ ਵਿਦਮਾਨ ਹਨ; ਉਨ੍ਹਾਂ 'ਚੋਂ ਬਹੁਤੇ ਲੇਖਕ ਹੁਣ ਅਲੋਪ ਹਨ, ਤੇ ਕਈ ਚਿੰਤਨ ਤੇ ਕਲਾ ਪੱਖੋਂ ਵਿਕਾਸ ਨਹੀਂ ਕਰ ਸਕੇ। ਪ੍ਰੰਤੂ ਮੀਤ ਉਹਨਾਂ ਲੇਖਕਾਂ ਵਿਚੋਂ ਹੈ ਜੋ ਅਜੇ ਵੀ ਸਮਾਜ ਅੰਦਰ ਬੁਨਿਆਦੀ ਪਰਿਵਰਤਨ ਦੇ ਉਦੇਸ਼ ਲਈ ਕਲਮ ਤੇ ਕਲਾ ਦੇ ਉਪਯੋਗ ਦੇ ਹਾਮੀ ਹਨ। 'ਪੁਨਰਵਾਸ' ਵਿਚ ਸੰਕਲਿਤ ਕਹਾਣੀਆਂ ਸੱਤਰਵੇਂ ਦਹਾਕੇ ਦੇ ਮੁੱਢ 'ਚ ਲਿਖੀਆਂ ਤੇ 'ਸਰਦਲ' ਆਦਿ ਰਸਾਲਿਆਂ ਵਿਚ ਛਪੀਆਂ ਸਨ; ਇਨ੍ਹਾਂ ਦੀ ਹੁਣ ਇਤਿਹਾਸਕ ਅਹਿਮੀਅਤ ਹੈ। ਇਹ ਕਹਾਣੀਆਂ ਆਪਣੇ ਸਮੇਂ ਦੇ ਸਾਹਿਤ, ਚਿੰਤਨ ਤੇ ਮਾਨਸਿਕਤਾ ਨੂੰ ਪ੍ਰਸਤੁਤ ਕਰਨ ਦੇ ਸੰਗ 'ਮੀਤ' ਦੀ ਕਲਾ ਦੇ ਮੁੱਢਲੇ ਦੌਰ ਨੂੰ ਵੀ ਮੂਰਤੀਮਾਨ ਕਰਦੀਆਂ ਹਨ; ਕਲਾ ਦੀ ਕੁਝ ਕਚਿਆਈ ਦੇ ਬਾਵਜੂਦ ਉਸਦੇ ਚਿੰਤਨ, ਸਾਹਿਤਕ ਤੇ ਸਮਾਜਿਕ ਦ੍ਰਿਸ਼ਟੀਕੋਣ 'ਤੇ ਉਸਦੀ ਲੋਕਾਂ ਨਾਲ ਪ੍ਰਤੀਬਧਤਾ ਦਾ ਦਸਤਾਵੇਜ਼ੀ ਪ੍ਰਮਾਣ ਅਵੱਸ਼ ਹਨ।

ਮਿੱਤਰ ਸੈਨ ਮੀਤ ਦੇ ਦੋ ਨਾਵਲ 'ਅੱਗ ਦੇ ਬੀਜ' ਤੇ 'ਕਾਫ਼ਲਾ' ਪ੍ਰਕਾਸ਼ਤ ਹੋ ਚੁੱਕੇ ਹਨ। ਇਨਾਂ ਨਾਵਲਾਂ ਦਾ ਆਧਾਰ 'ਪੁਨਰਵਾਸ' ਵਿਚਲੀਆਂ ਦੋ ਕਹਾਣੀਆਂ ਹਨ। ਮੀਤ ਕੋਲ ਤੀਖਣ ਅਨੁਭਵ, ਸਪਸ਼ਟ ਦ੍ਰਿਸ਼ਟੀਕੋਣ ਤੇ ਸਾਦਾ ਬਿਆਨ ਸ਼ਕਤੀ ਦੇ ਮੀਰੀ ਗੁਣ ਹਨ ਜੋ ਉਸ ਦੇ ਉਤਮ ਲੇਖਕ ਹੋਣ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਦੇ ਹਨ। ਮੈਂ ਉਸ ਦੇ ਇਸ ਕਹਾਣੀ ਸੰਗ੍ਰਹਿ 'ਪੁਨਰਵਾਸ' ਦਾ ਸੁਆਗਤ ਕਰਦਾ ਹਾ ਤੇ ਉਮੀਦ ਹੈ ਪਾਠਕ ਵੀ ਕਰਨਗੇ।

ਘੋਲੀਆ ਕਲਾਂ ਸੁਰਜੀਤ ਗਿੱਲ
25.3.87



# ਰਾਤ ਦੇ ਸੂਰਜ

ਗੁਰਦੁਆਰੇ ਦੇ ਘੜਿਆਲ ਨੇ ਬਾਰਾਂ ਵਜਾਏ।

ਬੇਚੈਨ ਜਾਗ ਰਿਹਾ ਕੇਹਰਾ ਆਪਣੇ ਨਿੱਘੇ ਬਿਸਤਰੇ ਵਿਚੋਂ ਉਠ ਬੈਠਾ। ਉਸ ਦੇ ਮੰਜੇ ਦੇ ਨਾਲ ਜੀਤੋ ਦਾ ਮੰਜਾ ਸੀ ਜਿਹੜੀ ਪਾਲੇ ਤੋਂ ਡਰਦੀ ਢਿੱਡ ਵਿਚ ਲੱਤਾਂ ਘਸੋੜੀ ਪਈ ਸੀ। ਫਟਿਆ ਕੰਬਲ ਮੰਜੇ ਤੋਂ ਅੱਧਾ ਹੇਠਾਂ ਲਟਕ ਰਿਹਾ ਸੀ। ਉਸ ਵਿਚਲੀਆਂ ਟਾਕੀਆਂ ਜਿਵੇਂ ਮੁਸਕੜੀਆਂ ਭਰਦੀਆਂ ਸਨ। ਕੇਹਰੂ ਨੂੰ ਬੈਠਾ ਵੇਖ ਉਹ ਵੀ ਉਠ ਬੈਠੀ, ਕੰਬਲ ਨੂੰ ਮੰਜੇ ਤੋਂ ਖਿੱਚ ਕੇ ਉਪਰ ਲੈ ਲਿਆ।

ਕੁਝ ਦੇਰ ਉਸ ਦੇ ਪੀਲੇ ਪਏ ਚਿਹਰੇ ਤੇ ਵੇਖਦੀ ਰਹੀ। ਕੇਹਰੇ ਨੇ ਆਪਣੀਆਂ ਅੰਦਰ ਧਸੀਆਂ ਅੱਖਾਂ ਤੇ ਹੱਥ ਫੇਰਿਆ। ਆਪਣੀ ਚਿੱਟੀ ਦਾੜ੍ਹੀ ਵਿਚ ਉਂਗਲਾਂ ਨਾਲ ਕੰਘੀ ਕਰਦਾ ਅੰਗੜਾਈਆ ਭੰਨਣ ਲਗ ਪਿਆ। ਜੀਤੋ ਨੇ ਉਠ ਕੇ ਲਾਲਟੈਨ ਦੀ ਬੱਤੀ ਵੱਡੀ ਕਰ ਦਿਤੀ। ਕੱਚਾ ਕੋਠਾ ਲਾਲੀ ਨਾਲ ਜਗਮਗਾ ਉਠਿਆ। ਹੁਣ ਕੇਹਰੂ ਦੇ ਚਿਹਰੇ ਤੋਂ ਵੀ ਲਾਲੀ ਵਿਖਾਈ ਦਿੰਦੀ ਸੀ।

'ਰਾਤ ਰਸਦ ਬੰਨ੍ਹ ਦਿਤੀ ਸੀ।' ਕੇਹਰੂ ਦੇ ਬੁੱਲ੍ਹ ਫਰਕੇ।

'ਆਹੋ ਕਿੰਨੇ ਵਜੇ ਆ, ਅੱਜ ਪਾਣੀ ਦੀ ਵਾਰੀ।'

'ਦੋ ਵਜੇ।'

'ਹਾਲੇ ਤਾਂ ਫਿਰ ਬਾਰਾਂ ਈ ਵਜੇ ਨੇ। ਕੀ ਕਾਹਲੀ ਪਈ ਏ ਜਾਣ ਦੀ।'

'ਘੰਟੇ ਵਿਚ ਉਥੇ ਪਹੁੰਚਾਂਗਾ ਵੀ। ਖੇਤ ਦੋ ਮੀਲ ਭਰ ਐ। ਨਾਲੇ

ਪਹਿਲਾਂ ਹੀ ਪਹੁੰਚਣ 'ਚ ਭਲਾ।'

'ਪਹਿਲਾਂ ਚੰਗੀ ਭਲੀ ਨਿਆਈਂ ਸੀ। ਲਵੇ ਦੀ ਲਵੇ। ਹੁਣ ਔਹ ਪੰਜਾਹ ਮੀਲ ਤੇ ਪਿਆ।'

'..............।'

'ਪਾਲਾ ਬਹੁਤ ਪੈਂਦਾ। ਪੋਹ ਦਾ ਮਹੀਨਾ। ਮੇਰੇ ਤਾਂ ਬਿਸਤਰੇ ਵਿਚ ਬੈਠੀ ਦੇ ਵੀ ਹੱਥ ਪੈਰ ਕੰਬੀ ਜਾਂਦੇ ਨੇ।'

'ਕੰਮ ਕਰਦਿਆਂ ਦਾ ਪਾਲਾ ਲੱਥ ਜਾਂਦਾ ਹੁੰਦਾ। ਨਾਲੇ ਇਹ ਕਿਹੜਾ ਬਸ ਬਾਬੇ ਦਾ ਰੋਗ ਆ। ਢਿੱਡ ਭਰਨੇ ਨੇ ਤਾਂ ਸਭ ਕੁਝ ਕਰਨਾ ਪੈਣਾ।'

'ਪਰ ਪਾਣੀ ਤਾਂ ਬਰਫੋਂ ਵੀ ਠੰਡਾ ਹੋਊ—ਜੰਮੇ ਪਾਣੀ 'ਚ ਕਿਦਾਂ ਖੜੇਂਗਾ...।'

'ਅੱਜ ਤੂੰ ਕਿਹੋ ਜਿਹੀਆਂ ਗੱਲਾਂ ਕਰਨੀ ਏਂ। ਉਠ ਰਸਦ ਫੜਾ। ਝੱਲੀ...।'

'ਮੈਂ ਆਖਿਆ ਜਾਂਦੇ ਜ਼ਰਾ ਸਰਦਾਰਾਂ ਦੇ ਕਾਕੇ ਨੂੰ ਵੀ ਨਾਲ ਲੈਂਦੇ ਜਾਣਾ ਜੇ।'

'ਕਿਉਂ ?' ਕੇਹਰੇ ਨੇ ਬੜੀ ਹੈਰਾਨੀ ਨਾਲ ਪੁਛਿਆ।

'ਕਿਉਂ ਕੀ ? ਉਹ ਵੀ ਤਾਂ ਅੱਧੀ ਫਸਲ ਲਿਜਾਂਦੇ ਨੇ। ਜੇ ਕਦੇ ਨਾਲ ਹੱਥ ਵਟਾ ਦੇਣਗੇ ਫੇਰ ਕੀ ਮਰਦੇ ਨੇ। ਪਿੜਾਂ ਵੇਲੇ ਤਾਂ ਟਰਾਲੀਆਂ ਪਹਿਲਾਂ ਭਰ ਲੈਂਦੇ ਨੇ।'

'ਕਮਲੀਏ ਉਹ ਬਾਦਸ਼ਾਹ ਨੇ। ਵਡਿਆਂ ਨੂੰ ਵੇਖ ਕੇ ਜਲੀਦਾ ਨੀਂ ਹੁੰਦਾ। ਉਨ੍ਹਾਂ ਦੇ ਕਰਮਾਂ ਵਿਚ ਐਸ਼ ਲਿਖੀ ਹੋਈ ਐ।'

'ਆਖ਼ਰ ਐਸ਼ ਵੀ ਤਾਂ ਸਾਡੇ ਸਿਰਾਂ ਤੇ ਹੀ ਕਰਦੇ ਨੇ। ਜੇ ਅਸੀਂ ਹਿੰਮਤ ਨਾ ਕਰੀਏ ਤਾਂ ਇਹਨਾਂ ਦੀ ਬਾਦਸ਼ਾਹੀ ਕਿਧਰ ਜਾਵੇ। ਸ਼ਰਾਬ ਦਾ ਨਸ਼ਾ ਜੋ ਸਾਰਾ ਦਿਨ ਚੜ੍ਹਿਆ ਰਹਿੰਦੈ ਮਿੰਟੀਂ ਉਤਰ ਜਾਵੇ। ਜੇ ਕਿਤੇ ਮੈਂ ਤੇਰੇ ਥਾਂ ਹੁੰਦੀ ਹੁਣ ਨੂੰ ਕਿੱਦਨ ਦੀ ਕੁਝ ਕਰ ਵਿਖਾਂਦੀ। ਕਰਾਂ ਕੀ ਰੱਬ ਨੇ ਚੂੜੀਆਂ ਪਾ ਦਿੱਤੀਆਂ ਨੇ।'

'ਕਮਲੀਏ ਖ਼ੂਨ ਮੇਰਾ ਬਥੇਰਾ ਉਬਾਲੇ ਖਾਂਦਾ ਏ, ਪਰ ਕਰਾਂ ਕੀ ? ਕੱਲਾ ਇਡਿਆਂ ਨਾਲ ਕਿਵੇਂ ਲੜਾਈ ਲਵਾਂ। ਪਿਛਲੀ ਵਾਰੀ ਬੋਲਿਆ ਸੀ ਨਾ



ਪਿਆਰਾ। ਵਿਚਾਰਾ ਜਾਨ ਗਵਾ ਬੈਠਾ। ਨਾਲੇ ਉਸ ਤੋਂ ਪੁਲਸ ਵੀ ਡਰਦੀ ਸੀ। ਇਹ ਤਾਂ ਬਾਬਾ ਸ਼ੇਰ ਨੇ।'

'ਸ਼ੇਰ ਨਹੀਂ, ਸ਼ੇਰ ਬਣਾ ਦਿਤੇ ਨੇ। ਅੰਨ੍ਹਿਆਂ ਵਿਚ ਕਾਣਾ ਰਾਜਾ। ਤੁਸੀਂ ਇਕੱਠੇ ਹੋ ਕੇ ਹੱਲਾ ਕਿਉਂ ਨਹੀਂ ਬੋਲ ਦਿੰਦੇ। ਜਦੋਂ ਆਪਸ ਵਿਚ ਈ ਲੜ ਲੜ ਮਰਦੇ ਓ ਤਾਂ ਉਹ ਫਾਇਦਾ ਨਾ ਉਠਾਣ ਤਾਂ ਕੀ ਕਰਨ। ਇਕ ਹਿੰਮਤ ਕਰਦਾ ਦੂਜਾ ਸਰਦਾਰ ਦੇ ਕੰਨ ਭਰ ਦਿੰਦਾ। ਲਾਹਨਤ ਐ ਅਜਿਹੇ ਬੰਦਿਆਂ ਤੇ। ਇਕੋ ਸਰਦਾਰ ਪਿੰਡ ਦੇ ਹਜ਼ਾਰਾਂ ਕਿਸਾਨਾਂ, ਕਾਮਿਆਂ ਨੂੰ ਕਾਬੂ ਕਰੀ ਬੈਠਾ।'

'ਅੱਜ ਕਿਤੇ ਨਿਹਾਲੇ ਹੋਰੀਂ ਤਾਂ ਨਹੀਂ ਸੀ ਆ ਗਏ ਜੋ ਅਜਿਹੀਆਂ ਗੱਲਾਂ ਕਰਨੀ ਏਂ ?' ਕੇਹਰੇ ਨੂੰ ਲਗਿਆ ਸੀ ਜਿਵੇਂ ਜੀਤੋ ਅੰਦਰੋਂ ਕੋਈ ਹੋਰ ਬੋਲ ਰਿਹਾ ਹੋਵੇ।

'ਆਹੋ ਆਏ ਸੀ। ਤੈਨੂੰ ਉਡੀਕਦੇ ਪਏ ਸੀ। ਉਹ ਵੀ ਤਾਂ ਕਾਮਿਆਂ ਦੇ ਜਾਏ ਨੇ। ਦੂਜਿਆਂ ਖਾਤਰ ਰੁਖੀਆਂ ਸੁਖੀਆਂ ਖਾ ਕੇ, ਭੁਖੇ ਰਹਿ ਕੇ ਵੀ ਭਟਕਦੇ ਫਿਰਦੇ ਨੇ। ਹਜ਼ਾਰਾਂ ਰੁਪਏ ਖਰਚ ਕੇ ਵੀ ਨੌਕਰੀਆਂ ਤੇ ਨੀਂ ਲੱਗੇ। ਖੱਦਰਾਂ ਵਿਚ ਫਿਰਦੇ ਨੇ ਜਿਵੇਂ ਕਾਲਜਾਂ ਦਾ ਮੂੰਹ ਨੀਂ ਵੇਖਿਆ ਹੁੰਦਾ। ਬਰਫ਼ ਵਾਂਗ ਜੰਮੀਆਂ ਰਾਤਾਂ ਵਿਚ ਵੀ ਘਰੀਂ ਫਿਰਦੇ ਨੇ। ਉਹਨਾਂ ਕੀ ਜ਼ਮੀਨਾਂ ਆਪ ਸਾਂਭਣੀਆਂ ਨੇ। ਤੁਹਾਡੇ ਫ਼ਾਇਦੇ ਵਾਸਤੇ ਫਿਰਦੇ ਨੇ...।'

'ਫਿਰ ਆਉਣਗੇ ਕਿ ਨਹੀਂ।'

'ਹਾਲੇ ਪਿੰਡ ਈ ਨੇ। ਆਂਹਦੇ ਸੀ ਸਭ ਦੇ ਘਰੀਂ ਫਿਰਨਾ।'

'ਅੱਛਾ ਉਹਨਾਂ ਨੂੰ ਕਹੀਂ ਬਚ ਕੇ ਆਇਆ ਕਰਨ। ਜੇ ਸਰਦਾਰ ਨੂੰ ਪਤਾ ਲੱਗ ਗਿਆ ਤਾਂ ਖਰਾਬ ਕਰੂ। ਆਪਾਂ ਤਾਂ ਇਹਨਾਂ ਤੋਂ ਖਾਣੈ।'

'ਫੇਰ ਉਹੋ ਕਮੀਨੀ ਗੱਲ। ਸਗੋਂ ਇਹ ਤਾਂ ਸਾਥੋਂ ਖਾਂਦੇ ਨੇ।' ਜੀਤੋ ਆਪਣੀ ਗੱਲ ਤੇ ਅੜੀ ਹੋਈ ਸੀ।

'ਅੱਛਾ ਬਾਬਾ ਰਸਦ ਫੜਾ ਮੈਂ ਜਾਵਾਂ। ਸਮਾਂ ਹੁੰਦਾ ਜਾਂਦੈ। ਜੇ ਆਏ ਤਾਂ ਉਧਰ ਘੱਲ ਦੇਈਂ। ਕਹੀਂ ਬਾਹਰ ਹੀ ਮਿਲ ਲਿਆ ਕਰੋ। ਦੀਵਾਰਾਂ ਦੇ ਵੀ ਕੰਨ ਹੁੰਦੇ ਨੇ।'

'ਜੀਤੋ ਨੇ ਚੁੱਕ ਕੇ ਰਸਦ ਫੜਾ ਦਿੱਤੀ। ਇਕ ਲੜ ਗੁੜ ਦਾ ਭੋਰਾ

ਦੂਜੇ ਲੜ ਮਾਸਾ ਕੁ ਪੱਤੀ। ਖੱਦਰ ਦਾ ਕੁੜਤਾ ਜਿਸ ਤੇ ਵਡੀ ਸਾਰੀ ਟਾਕੀ ਸਕੜੀਆਂ ਭਰਦੀ ਸੀ। ਸੱਜੇ ਪੈਰ ਵਿਚ ਠਿੱਬੀ ਜੁੱਤੀ ਤੇ ਖੱਬੇ ਪੈਰੋਂ ਨੰਗਾ ਹਰੂ ਮੋਢੇ ਤੇ ਕਹੀ ਰੱਖ ਕੇ ਹਨੇਰੇ ਵਿਚ ਗੁੰਮ ਹੋ ਗਿਆ।

ਪੋਹ ਦੀ ਰਾਤ ਦੇ ਬਾਰਾਂ ਦਾ ਸਮਾਂ ਸੀ। ਠੰਡ ਨਾਲ ਖੂਨ ਜੰਮਦਾ ਜਾ ਰਿਹਾ ਸੀ। ਕਾਲੀ ਸ਼ਾਹ ਰਾਤ। ਚਾਰੇ ਪਾਸੇ ਖ਼ਮੋਸ਼ੀ ਦਾ ਰਾਜ। ਪਹੇ ਦਾ ਰੇਤਾ ਵੀ ਜਿਵੇਂ ਠੰਡ ਨਾਲ ਜੰਮ ਗਿਆ ਸੀ। ਕੇਹਰਾ ਤੇਜ਼ ਤੇਜ਼ ਕਦਮ ਪੁੱਟਦਾ ਖੇਤ ਵਲ ਵਧਦਾ ਰਿਹਾ। ਇਕੱਲੇ-ਪਨ ਤੋਂ ਘਬਰਾ ਕੇ ਕੇਹਰੇ ਨੇ ਹੀਰ ਛੇੜ ਦਿਤੀ। ਕੁਝ ਕੁ ਪੁਲਾਂਘਾਂ ਭਰੀਆਂ ਸਨ ਕਿ ਨਿਆਈਂ ਆ ਗਈ। ਕੇਹਰੇ ਦੀ ਜ਼ਬਾਨ ਤਾਲੂਏ ਨਾਲ ਲੱਗ ਗਈ। ਉਸ ਨੂੰ ਮਹਿਸੂਸ ਹੋਇਆ ਜਿਵੇਂ ਅੱਜ ਫੇਰ ਉਹ ਇਸੇ ਨਿਆਈਂ ਵਿਚ ਹੱਲ ਵਾਹ ਰਿਹਾ ਹੋਵੇ। ਕਿੰਨੇ ਦਿਲ ਨਾਲ ਉਸ ਨੇ ਇਸ ਨਿਆਈਂ ਨੂੰ ਸਵਾਰਿਆ ਸੀ। ਸਾਰਾ ਸਾਰਾ ਦਿਨ, ਸਾਰੀ ਸਾਰੀ ਰਾਤ ਇਕ ਕਰਕੇ, ਖੂਨ ਪਸੀਨੇ ਨਾਲ ਸਿੰਜ ਕੇ ਜਦੋਂ ਉਸ ਨੂੰ ਤਿਆਰ ਕੀਤਾ ਸੀ ਤਾਂ ਸਰਦਾਰ ਨੇ ਠੇਕਾ ਵਧਾ ਦਿਤਾ ਸੀ। ਕੇਹਰੇ ਨੇ ਬਥੇਰਾ ਲਿਲਕੜੀਆਂ ਕਢੀਆਂ ਪਰ ਉਹ ਨਾ ਮੰਨਿਆਂ, ਮੁੜ ਕਦੇ ਕੇਹਰੇ ਨੇ ਦਿਲ ਲਾ ਕੇ ਕੰਮ ਨਹੀਂ ਕੀਤਾ। ਮੁੜ ਕਦੇ ਖੇਤ ਸੰਵਾਰਨ ਨੂੰ ਉਹਦੀ ਰੂਹ ਨਹੀਂ ਕੀਤੀ। ਬਸ ਐਵੇਂ ਗਲ ਪਿਆ ਢੋਲ ਵਜਾਉਂਦਾ ਪਿਆ ਸੀ।

ਵਿੰਗ ਵਲ ਖਾਂਦਾ ਕੇਹਰੂ ਖੇਤ ਪਹੁੰਚ ਗਿਆ। ਹਾਲੇ ਕਾਫ਼ੀ ਵਕਤ ਪਿਆ ਸੀ। ਉਸ ਨੇ ਥਬਾ ਭਰ ਕੇ ਛਿਟੀਆਂ ਦਾ ਬਾਲ ਲਿਆ। ਛਿਟੀਆਂ ਦੇ ਪਟਾਕੇ ਦੂਰ ਦੂਰ ਦੀ ਚੁਪ ਤੋੜ ਰਹੇ ਸਨ। ਉਸ ਵਿਚੋਂ ਨਿਕਲਦੀ ਲਾਟ ਦੂਰ ਦੂਰ ਚਾਨਣ ਕਰ ਦਿੰਦੀ।

'ਚੁਕ ਲੈ ਹਥੌੜੇ ਅੱਜ
ਭੰਨ ਦੇ ਤੂੰ ਸੀਨੇ ਪੱਥਰਾਂ ਦੇ...।'

ਕੋਈ ਸੁਰੀਲੀ ਅਵਾਜ਼ ਉਸ ਵਲ ਵਧ ਰਹੀ ਸੀ। ਕੇਹਰੇ ਨੇ ਹੋਰ ਛਿਟੀਆਂ ਅੱਗ ਵਿਚ ਸੁੱਟ ਦਿਤੀਆਂ।

ਦੂਰੋਂ ਕਈ ਪਰਛਾਵੇਂ ਉਸ ਵਲ ਆਉਂਦੇ ਵਿਖਾਈ ਦਿਤੇ। ਕੇਹਰੂ ਸਹਿਮ ਗਿਆ। ਕਹੀ ਆਪਣੇ ਵਲ ਖਿੱਚ ਲਈ ਤੇ ਅੱਗ ਠੀਕ ਕਰਨ ਲੱਗ ਪਿਆ।



'ਓ ਕੰਜਰੋ ਤੁਸੀਂ। ਸੌਹਰੀ ਦਿਉ ਇੰਨੀ ਠੰਡ ਵਿਚ ਕਿਵੇਂ ਗੇੜੇ ਦਿੰਦੇ ਫਿਰਦੇ ਓ।'

'ਤੇਰੇ ਵਰਗੇ ਚੈਨ ਵੀ ਲੈਣ ਦੇਣ। ਸਾਰਾ ਦਿਨ ਸਾਉਣ ਦੇ ਬੱਦਲਾਂ ਵਾਂਗ ਦਿਮਾਗ ਤੇ ਛਾਏ ਰਹਿੰਦੇ ਓ।' ਇਕ ਖੱਦਰਪੋਸ਼ ਬੋਲਦਾ ਕੇਹਰੂ ਕੋਲ ਬੈਠ ਗਿਆ। ਬਾਕੀ ਘੇਰਾ ਘੱਤ ਕੇ ਉਸ ਦੁਆਲੇ ਬੈਠ ਗਏ। ਕੇਹਰੇ ਨੇ ਦੋ ਛਿਟੀਆਂ ਹੋਰ ਸੁਟ ਦਿਤੀਆਂ। ਅੱਗ ਦੀ ਲਾਲੀ ਉਹਨਾਂ ਸਾਫ ਚਿਹਰਿਆਂ ਤੇ ਡਾਢੀ ਸੋਹਣੀ ਲਗਦੀ ਸੀ।

'ਅੱਗ ਤਾਂ ਬੜੀ ਨਿੱਘੀ ਐ...।' ਹੱਥ ਮਸਲਦਾ ਇਕ ਬੋਲਿਆ।

'ਨਿੱਘ ਤਾਂ ਓਦੋਂ ਮਹਿਸੂਸ ਹੋਊ ਜਦੋਂ ਇੰਨਾ ਦਾ ਖੂਨ ਨਿੱਘਾ ਹੋਊ।'

'ਵੇਖਾਂ ਮੇਰਾ ਖੂਨ ਪਹਿਲਾਂ ਈ ਨਿੱਘਾ ਪਿਐ...।' ਉਨ੍ਹਾਂ ਦੀਆਂ ਗੱਲਾਂ ਤੋਂ ਕੇਹਰਾ ਬੇ-ਸਮਝ ਸੀ।

'ਇਸ ਗਰਮੀ ਨੂੰ ਕੀ ਕਰੀਏ, ਜਿੰਨਾ ਚਿਰ ਖ਼ੂਨ ਵਿਚ ਉਬਾਲ ਨੀਂ ਆਉਂਦਾ ਉਨਾਂ ਚਿਰ ਇਹ ਠੰਡਾ ਰਹੇਗਾ। ਜੰਮਿਆ ਪਿਆ।'

'ਅੱਜ ਇੱਡੀ ਰਾਤ ਕਿੱਦਾਂ ?'

'ਸਾਡਾ ਕੰਮ ਹੀ ਹਨੇਰਿਆਂ ਨਾਲ ਟੱਕਰ ਲੈਣਾ ਹੈ', ਅੱਗ ਵਿਚ ਛਿਟੀਆਂ ਸੁੱਟਦੇ ਇਕ ਨੌਜਵਾਨ ਨੇ ਕਿਹਾ।

'ਮੈਨੂੰ ਕੁਝ ਨਹੀਂ ਸਮਝ ਪੈਂਦਾ। ਦੱਸਣਾ ਤਾਂ ਠੀਕ ਬੋਲ ਕੇ ਦੱਸ। ਹਨੇਰੇ ਸਨੇਰੇ।'

'ਜਿੱਦਣ ਸਮਝ ਲਿਆ ਮੁੜ ਅਸੀਂ ਕਾਹਨੂੰ ਆਵਾਂਗੇ। ਫੇਰ ਆਪੇ ਟਕਰਾਵੇਂਗਾ ਹਨੇਰੇ ਨਾਲ।'

ਇਸ ਵਾਰ ਉਹ ਚੁੱਪ ਰਿਹਾ। ਕਾਫੀ ਦੇਰ ਖਾਮੋਸ਼ੀ ਛਾਈ ਰਹੀ।

'ਤੇਰੇ ਫਸਲ ਕਿੰਨੀ ਕੁ ਹੁੰਦੀ ਆ ?'

'ਆਹੀ ਸੌ ਕੁ ਮਣ।'

'ਪੰਜਾਹ ਮਣ ਉਨ੍ਹਾਂ ਦੇ। ਵੱਡੇ ਸਰਦਾਰਾਂ ਦੇ।' ਇਕ ਵਿਅੰਗ ਨਾਲ ਬੋਲਿਆ।

'ਹਾਂ।'

'ਭਲਾ ਜੇ ਜ਼ਮੀਨ ਤੇਰੀ ਹੋਵੇ ਕਿਹੋ ਜਿਹਾ ਰਹੇ ਗੁਜ਼ਾਰਾ।'

'ਬੜਾ ਵਧੀਆ।'

'ਫੇਰ ਕਿਉਂ ਨਹੀਂ ਅੰਗੂਠਾ ਦਿਖਾ ਦਿੰਦੇ ਸਰਦਾਰਾਂ ਨੂੰ ?'

'ਕਿਉਂ ?'

'ਆਖੋ; ਅਸੀਂ ਵਾਹੁਣੇ ਹਾਂ। ਜ਼ਮੀਨ ਸਾਡੀ...।'

'ਭਲਿਆ ਲੋਕਾ ਉਸ ਨਾਲ ਲੜੂ ਕੌਣ ?'

'ਅਸੀਂ ਸਾਰੇ। ਸਾਰਾ ਪਿੰਡ। ਸਾਰੇ ਰਲ ਕੇ ਅੰਗੂਠਾ ਵਿਖਾਵਾਂਗੇ। ਤਿਆਰੀਆਂ ਜ਼ੋਰਾਂ ਤੇ ਨੇ। ਪੂਰੀ ਤਿਆਰੀ ਰੱਖ। ਬੋਲ ਤਿਆਰ ਏਂ ?' ਨਿੱਘੇ ਹੱਥ ਨੂੰ ਘੁੱਟਦਾ ਖੱਦਰਪੋਸ਼ ਬੋਲਿਆ। ਕੇਹਰਾ ਚੁੱਪ ਰਿਹਾ। ਕਾਫੀ ਦੇਰ ਸੋਚਦਾ ਰਿਹਾ। ਪਿਛਲੀ ਟੱਕਰ ਵਿਚ ਮਰੇ ਪਿਆਰੇ ਦੀ ਭਿਆਨਕ ਮੌਤ ਉਸ ਦੀਆਂ ਅੱਖਾਂ ਅੱਗੇ ਨੱਚ ਰਹੀ ਸੀ।

ਇਕ ਨੌਜਵਾਨ ਨੇ ਆਪਣੇ ਝੋਲੇ ਵਿਚੋਂ ਇਕ ਲਾਲ ਕੱਪੜਾ ਕੱਢਿਆ ਤੇ ਕੇਹਰੇ ਅੱਗੇ ਕਰਕੇ ਬੋਲਿਆ, 'ਅਸੀਂ ਕਸਮ ਖਾਧੀ ਸੀ ਪਿਆਰੇ ਦੇ ਇਸ ਗਾੜ੍ਹੇ ਖ਼ੂਨ ਦੀ। ਯਾਦ ਏ ਨਾ ਪਿਛਲੀ ਵਾਰ ਉਹ ਸਾਡੀ ਹੀ ਖਾਤਰ ਮਰਿਆ ਸੀ। ਸੋਚ ਭਲਾ ਉਸ ਐਮ.ਏ. ਪੜ੍ਹੇ ਨੇ ਕੀ ਲੈਣਾ ਸੀ ਸਾਥੋਂ। ਚੰਗੀ ਭਲੀ ਨੌਕਰੀ ਮਿਲ ਗਈ ਸੀ। ਚਾਹੁੰਦਾ ਤਾਂ ਸੋਹਣੀ ਰੋਟੀ ਖਾ ਸਕਦਾ ਸੀ। ਪਰ ਐਸ਼ੋ-ਇਸ਼ਰਤ ਨੂੰ ਲੱਤ ਮਾਰ ਕੇ ਮੌਤ ਨੂੰ ਜੱਫੀ ਪਾਈ ਤਾਂ ਸਾਡੀ ਖਾਤਰ... ਸੋਚ ਕੀ ਤੂੰ ਅਜਿਹੇ ਵੀਰਾਂ ਦੇ ਖ਼ੂਨ ਨੂੰ ਠੁਕਰਾਏਂਗਾ। ਬੋਲ ਕੇਹਰਿਆ। ਜਵਾਬ ਦੇਹ !' ਖ਼ੂਨ ਨਾਲ ਲਿਬੜਿਆ ਕੁੜਤਾ ਉਸ ਦੇ ਹੱਥਾਂ ਵਿਚ ਕੰਬ ਰਿਹਾ ਸੀ।

ਛਿਟੀਆਂ ਦੀ ਅੱਗ ਨੂੰ ਭੱਖਦੇ ਰੱਖਣ ਲਈ ਇਕ ਮੁੱਠ ਛਿਟੀਆਂ ਦੀ ਸੁੱਟਦਾ ਦੂਜਾ ਬੋਲਿਆ, 'ਵੇਖ ਕੇਹਰਿਆ ਜੇ ਇਕ ਇਕ ਕਰਕੇ ਮਚੀਏ ਤਾਂ ਸੇਕ ਨੀਂ ਨਿਕਲਦਾ, ਜੇ ਇਕੱਠੇ ਹੋ ਕੇ ਮਚੇ ਉਨ੍ਹਾਂ ਨੂੰ ਵਿਚੇ ਜਾਲ ਸੁੱਟਾਂਗੇ। ਇਕੱਲੇ ਇਕੱਲੇ ਨਾ ਜਲੋ। ਭਾਂਬੜ ਬਣ ਕੇ ਮਚੋ। ਇਹ ਤਾਂ ਫੂਸ ਦੇ ਢੇਰ ਨੇ। ਇਕ ਤੀਲੀ ਨਾਲ ਇੰਨਾ ਮਚ ਕੇ ਸਵਾਹ ਹੋ ਜਾਣਾ। ਉਪਰੋਂ ਹੋਰ ਅੰਦਰੋਂ ਹੋਰ ਨੇ। ਕਈ ਸਾਨੂੰ ਜ਼ਮੀਨਾਂ ਦੇਣ ਨੂੰ ਤਿਆਰ ਨੇ। ਪਰ ਅਸੀਂ ਕੀ ਕਰਨੀਆਂ ਨੇ। ਸਾਨੂੰ ਤਾਂ ਹੱਕ ਚਾਹੀਦੇ ਨੇ...ਬੋਲ ਨਾ ਤੇਰੀ ਕੀ ਰਾਏ ਹੈ...।'

'ਅਸੀਂ ਵਿਚੋਂ ਕੁਝ ਖੱਟਣਾ ਥੋੜਾ ਈ ਏ। ਜਾਨਾਂ ਤਲੀ ਤੇ ਟਿਕਾਈ ਫਿਰਦੇ ਹਾਂ। ਪੁਲੀਸ ਸਾਡੇ ਪਿਛੇ ਛਾਂ ਵਾਂਗ ਲੱਗੀ ਰਹਿੰਦੀ ਹੈ। ਕਹਿਰਾਂ ਦੀ



ਠੰਡ ਵਿਚ ਖੇਤਾਂ ਵਿਚ ਭਉਂਦੇ ਫਿਰਦੇ ਹਾਂ। ਪਰ ਕਿਉਂ ? ਤਾਂ ਜੋ ਸਾਡੇ ਛੋਟੇ ਭਰਾ, ਪੁੱਤ, ਪੋਤੇ ਸਾਡੇ ਬਾਪ ਦਾਦਿਆਂ ਵਾਂਗ ਭੁੱਖ ਦੀ ਮੌਤ ਨਾ ਮਰਨ। ਆਪਣੇ ਹੱਡ ਪੀਹ ਕੇ ਵੀ ਭੁੱਖੇ ਨਾ ਮਰਨ...।'

'ਕੀ ਤੂੰ ਨਹੀਂ ਚਾਹੁੰਦਾ ਤੇਰੇ ਪੁੱਤ ਰਲ ਕੇ ਜਵਾਨੀਆਂ ਨਾ ਮਾਨਣ...ਬੋਲ ਕੇਹਰਿਆ...ਕੁਝ ਤਾਂ ਬੋਲ...।'

'ਨਹੀਂ ਮੇਰੇ ਪੁੱਤ ਭੁੱਖੇ ਨਾ ਮਰਨ। ਉਹਨਾਂ ਖ਼ਾਤਰ ਤਾਂ ਮੈਂ ਭੁੱਖਾ ਮਰਦਾਂ...'

'ਫੇਰ ਤੈਨੂੰ ਕੁਝ ਕਰਨਾ ਪਊਗਾ।'

'ਕੀ ? ਮੈਂ ਤਿਆਰ ਹਾਂ...।'

'ਕਬਜ਼ਾ...।'

'ਮੈਂ ਤਿਆਰ ਹਾਂ ਆਪਣੀ ਜਾਨ ਵਾਰ ਕੇ ਵੀ। ਮੈਨੂੰ ਵੀ ਪਿਆਰੇ ਦੇ ਖ਼ੂਨ ਦੀ ਕਸਮ...।'

'ਚੰਗਾ ਹੁਣ ਅਸੀਂ ਚਲੇ ਆਂ। ਸਾਡਾ ਹਾਲੇ ਕੰਮ ਰਹਿੰਦੈ। ਸਾਡਾ ਬੰਦਾ ਆਊ ਤੈਨੂੰ ਸਭ ਕੁਝ ਸਮਝਾ ਜਾਊ। ਉਸ ਤੋਂ ਅਗਲੇ ਦਿਨ ਤੂੰ ਜ਼ਮੀਨ ਦਾ ਮਾਲਕ ਹੋਵੇਂਗਾ।'

ਤੇ ਉਹ ਰੋਕਦੇ ਰੋਕਦੇ ਵੀ ਹਨੇਰੇ ਵਿਚ ਛੁਪ ਗਏ। ਪਰ ਕੇਹਰੂ ਨੂੰ ਹਾਲੇ ਵੀ ਉਨ੍ਹਾਂ ਦੀਆਂ ਕਿਰਨਾਂ ਵਿਖਾਈ ਦੇ ਰਹੀਆਂ ਸਨ। ਉਸ ਦੇ ਦਿਮਾਗ਼ ਅੰਦਰ ਰੌਸ਼ਨੀ ਜਿਹੀ ਭਰ ਗਈ ਸੀ।

ਉਸ ਨੇ ਮੋਢੇ ਤੇ ਕਹੀ ਧਰ ਲਈ ਤੇ ਨੱਕਾ ਜਾ ਵੱਢਿਆ।

ਅੱਜ ਜਿੰਨਾ ਕੰਮ ਵਿਚ ਦਿਲ ਲਗਿਆ, ਉਸ ਦਾ ਪਹਿਲਾਂ ਕਦੇ ਨਹੀਂ ਸੀ ਲਗਿਆ।

—ਅਕਤੂਬਰ 1972

## ਸੜਕੋ ਸੜਕ

ਅੱਜ ਫੇਰ ਉਸ ਨੂੰ ਹਾਰ ਹੋਈ।

ਇਹ ਉਸ ਦੀ ਗਰੀਬੀ ਦੇ ਮੂੰਹ ਤੇ ਇਕ ਹੋਰ ਥੱਪੜ ਸੀ।

ਆਪਣੀ ਜ਼ਿੰਦਗੀ ਵਾਂਗ ਖਾਲਮ-ਖਾਲੀ ਤੇ ਵੀਰਾਨ ਸੜਕ ਤੇ ਉਹ ਤੁਰਿਆ ਜਾ ਰਿਹਾ ਸੀ, ਬਿਨਾਂ ਕਿਸੇ ਮੰਜ਼ਲ ਤੇ ਫਿਰ ..।

ਇਸ ਪੰਜਵੀਂ ਹਾਰ ਨੇ ਤਾਂ ਉਸ ਦਾ ਲੱਕ ਤੋੜ ਦਿੱਤਾ।

'ਇਥੇ ਸਿਫਾਰਸ਼ਾਂ ਤੋਂ ਬਿਨਾਂ ਕੋਈ ਨੀ ਪੁੱਛਣ ਲਗਿਆ। ਤੇਰੀ ਫਸਟ-ਕਲਾਸ ਨਾਲੋਂ ਹੋਰਾਂ ਦੀ ਥਰਡ-ਕਲਾਸ ਦੀ ਜ਼ਿਆਦਾ ਇਮਪਾਰਟੈਂਸ ਹੈ--।' ਉਸ ਦਾ ਅੰਦਰ ਕੁਰਲਾਇਆ।

ਆਖਰ ਕਿੰਨਾ ਕੁ ਚਿਰ ਮੈਂ ਇਸੇ ਤਰ੍ਹਾਂ ਠੋਕਰਾਂ ਖਾਂਦਾ ਰਹਾਂਗਾ, ਕਿੰਨਾ ਕੁ ਚਿਰ ਮੇਰੇ ਭੈਣ ਭਰਾ ਮੇਰੇ ਨਿਰਾਸ਼ ਮੂੰਹ ਨੂੰ ਵੇਖ ਕੇ ਨਿਰਾਸ਼ ਹੁੰਦੇ ਰਹਿਣਗੇ। ਕਿੰਨਾ ਕੁ ਚਿਰ ਸੌਦੇ ਦੇ ਬਿੱਲਾਂ ਵਾਲਿਆਂ ਨੂੰ ਨਿਰਾਸ਼ ਮੁੜਨਾ ਪਏਗਾ ਤੇ ਕਿੰਨਾ ਕੁ ਚਿਰ ਇਹ ਪਾਟੀਆਂ ਪੈਂਟਾਂ ਮੇਰਾ ਖਹਿੜਾ ਨਹੀਂ ਛੱਡਣਗੀਆਂ।'

ਇਕ ਫਿੱਕੀ ਸਫੈਦ ਕਾਰ ਨੇ ਉਸ ਦਾ ਧਿਆਨ ਉਖੇੜ ਦਿੱਤਾ। ਰੋੜਿਆਂ ਉਪਰ ਦੀ ਬੁੜ੍ਹਕਦੀ ਕਾਰ ਫੁਰਨ ਦੇ ਕੇ ਕੋਲ ਦੀ ਲੰਘ ਗਈ। ਮਿੱਟੀ ਦਾ ਬੱਦਲ ਉਠਿਆ ਤੇ ਉਸ ਦੇ ਚਿਹਰੇ ਤੇ ਜੰਮਣ ਲੱਗ ਪਿਆ। ਉਹ ਤੁਰਦਾ ਗਿਆ...।

'ਇਹ ਸੜਕ ਕਿੰਨੀ ਵੀਰਾਨ ਹੈ...।' ਅਚਾਨਕ ਉਸ ਦਾ ਖਿਆਲ



ਬਦਲਿਆ, 'ਬਿਲਕੁਲ ਮੇਰੀ ਜ਼ਿੰਦਗੀ ਵਾਂਗ। ਕੋਈ ਵੀ ਹੁਸੀਨ ਜੋੜਾ, ਕੋਈ ਗੱਦੇਦਾਰ ਕਾਰ, ਕੋਈ ਨਵੇਂ ਫੈਸ਼ਨ ਦੀ ਟੈਕਸੀ, ਕੋਈ ਸੈਰ ਕਰਨ ਨਿਕਲਿਆ ਅਮੀਰ ਆਦਮੀ ਕੁਝ ਵੀ ਤਾਂ ਇਸ ਸੜਕ ਤੇ ਆ ਕੇ ਇਸ ਦੀ ਸ਼ੋਭਾ ਨਹੀਂ ਵਧਾਉਂਦਾ।' ਟੁਟੇ ਫੁਟੇ ਤਾਂਗੇ, ਡਿੰਚੂ ਡਿੰਚੂ ਕਰਦੀਆਂ ਰੇੜ੍ਹੀਆਂ, ਬੀਮਾਰੀ ਦੇ ਖਾਧੇ ਡਰਾਈਵਰ, ਖਊਂ ਖਊਂ ਕਰਦੇ ਮੁਸਾਫਰ, ਪਾਟਿਆਂ ਕਪੜਿਆਂ ਵਾਲੀਆਂ ਕੁੜੀਆਂ, ਝਥਰੇ ਵਾਲਾਂ ਵਾਲੀਆਂ ਬੁਢੀਆਂ, ਡਰਾਉਣਿਆਂ ਚਿਹਰਿਆਂ ਵਾਲੇ ਮੁੰਡੇ, ਅੱਖਾਂ ਤੇ ਗਿੱਡ ਜੰਮੀ ਵਾਲੇ ਜੁਆਨ, ਕੁਝ ਕੁ ਪੈਸਿਆਂ ਲੁਟੀ ਜਵਾਨੀ ਵਾਲੀਆਂ ਮੁਟਿਆਰਾਂ, ਗਰੀਬੀ ਦੇ ਗਲੇ ਘੁਟੇ ਵਾਲੇ ਅਣਖਹੀਣ ਬਾਪ ਤੇ ਪੀਲੇ ਚਿਹਰਿਆਂ ਵਾਲੇ ਜੁਆਨ, ਇਹ ਸਭ ਇਸ ਸੜਕ ਦੇ ਉਖੜੇ ਰੋੜਿਆਂ, ਜ਼ਿੰਦਗੀ ਤੋਂ ਭਟਕੇ ਇਸ ਸੜਕ ਦੇ ਸ਼ਿੰਗਾਰ ਨੇ ਤੇ ਜਿਗਰ ਦੇ ਟੋਟੇ ਨੇ। ਟੁਟੇ ਫੁਟੇ ਤਾਂਗੇ, ਟੁਟੀਆਂ ਫੁਟੀਆਂ ਰੇੜ੍ਹੀਆਂ ਹੀ ਇਸ ਦੀਆਂ 'ਏਅਰ ਕੰਡੀਸ਼ਨ' ਕਾਰਾਂ ਨੇ। ਆਖਰ ਗੰਦੀ ਬਸਤੀ ਵੱਲ ਜਾਂਦੀ ਸੜਕ ਜੋ ਹੋਈ...।

ਹੁਣੇ ਹੁਣੇ ਗਈ ਕਾਰ ਵਾਪਸ ਮੁੜਦੀ ਵਿਖਾਈ ਦਿੱਤੀ। ਉਸ ਦੀਆਂ ਲਾਈਟਾਂ ਜਗ ਗਈਆਂ ਸਨ। ਆਲੇ ਦੁਆਲੇ ਤੋਂ ਉਡਿਆ ਰੇਤਾ ਉਸ ਦੇ ਚਮਕਦੇ ਸ਼ੀਸ਼ਿਆਂ ਤੇ ਜੰਮ ਗਿਆ ਸੀ। ਪਲਕ ਦੇ ਝਪਕੇ ਵਿਚ ਕਾਰ ਕੋਲੋਂ ਦੀ ਲੰਘ ਗਈ...।

'ਇਹ ਕਾਰਾਂ ਤਾਂ ਇਸ ਸੜਕ ਦੀ ਸ਼ੋਭਾ ਨਹੀਂ—ਇਹ ਤਾਂ ਬੁੱਢਾ ਕੇਹਰ ਆਖਦਾ ਸੀ। 'ਸ਼ਿਕਾਰੀ ਜਾਲ' ਨੇ ਮਜਬੂਰ ਮੁਟਿਆਰਾਂ ਨੂੰ—।' ਅਗਾਂਹ ਉਸ ਤੋਂ ਸੋਚਿਆ ਨਾ ਗਿਆ। ਇਕ ਪੱਥਰ ਤੇ ਠੋਕਰ ਲੱਗਣ ਕਰਕੇ ਉਹ ਮਸਾਂ ਡਿਗਦਾ ਡਿਗਦਾ ਬਚਿਆ ਸੀ। 'ਤਾਂ ਕੀ ਇਹ ਕਾਰ ਵੀ ਕੇਹਰੂ ਦੇ ਕਹਿਣ ਮੁਤਾਬਕ ਆਪਣਾ ਸ਼ਿਕਾਰ ਲੈ ਕੇ ਚੱਲੀ ਏ...?' ਉਸੇ ਬਸਤੀ ਦੇ ਵਸਨੀਕ ਦੇ ਸ਼ਬਦ ਉਸ ਦੇ ਕੰਨਾਂ ਵਿਚ ਖੜਕੇ।

ਹਾਂ ਕਦੇ ਕਦੇ ਰਾਤ ਨੂੰ ਜ਼ਰੂਰ ਕੋਈ ਕਾਰ ਇਸ ਸੜਕ ਤੇ ਪਸਰੇ ਹਨੇਰੇ ਨੂੰ ਚੀਰਦੀ ਆ ਜਾਂਦੀ। ਇਕ-ਅੱਧ ਹਾਰਨ ਵੱਜਦਾ, ਕੋਈ ਨਾ ਕੋਈ ਮੁਟਿਆਰ ਅੰਦਰੋਂ ਨਿਕਲਦੀ ਆਪਣੇ ਪੇਟ ਲਈ, ਆਪਣੇ ਬੱਚਿਆਂ ਦੇ ਪੇਟ ਲਈ, ਆਪਣੀ ਜਵਾਨੀ ਵੇਚਣ ਨੂੰ ਕਾਰ ਦੀ ਪਿਛਾਂਹ ਵਾਲੀ ਸੀਟ ਤੇ ਜਾ ਬੈਠਦੀ, ਕਾਰ ਆਪਣਾ ਸ਼ਿਕਾਰ ਲੈ ਕੇ ਮੁੜਦੀ। ਸਾਰੀ ਰਾਤ ਕੋਈ ਜਵਾਨੀ ਕਿਸੇ

ਦੀਆਂ ਬਾਹਾਂ ਵਿਚ, ਕਿਸੇ ਦੇ ਕਲਾਵੇ ਵਿਚ ਔਖੇ ਔਖੇ ਸਾਹ ਭਰਦੀ ਤੇ ਸਵੇਰੇ ਇਕ ਪੰਜਾਂ ਦਾ ਨੋਟ ਫੜ ਕੇ ਹਾਰੀ ਥੱਕੀ, ਅੰਗ-ਅੰਗ ਵਿਚ ਦਰਦ, ਸ਼ਰਾਬ ਦੀ ਬਦਬੋ ਤੇ ਆਪਣੀ ਆਤਮਾ ਦੇ ਗਹਿਰੇ ਚਟਾਕ ਲੈ ਕੇ ਟੁਟੇ ਫੁਟੇ ਕਦਮਾਂ ਨਾਲ ਟੁਟੀ-ਫੁਟੀ ਸੜਕ ਤੇ ਫਟੀਆਂ ਫਟੀਆਂ ਨਿਗਾਹਾਂ ਵਾਲੀ ਮੁਟਿਆਰ ਆਪਣੇ ਘਰੇ ਜਾ ਡਿਗਦੀ। ਭੁਖਣ-ਭਾਣੇ ਬੱਚੇ, ਰੋਂਦੇ ਭੈਣ ਭਰਾ; ਦੁਆਲੇ ਹੋ ਖਲੋਂਦੇ। ਉਖੜੇ ਸਾਹਾਂ ਵਾਲੀ ਮੁਟਿਆਰ, ਆਪਣੀ ਝੋਲੀ ਢੇਰੀ ਕਰ ਦਿੰਦੀ–। ਉਹਨਾਂ ਲਈ ਸਭ ਕੁਝ ਲੁਟਾ ਦਿੰਦੀ। ਪਤੀ ਸਾਹਮਣੇ ਨੀਵੀਂ ਪਾ ਲੈਣੀ। ਸਾਰਾ ਸਾਰਾ ਦਿਨ ਕੰਮਾਂ ਵਿਚ ਖੋਏ ਰਹਿਣਾ—ਤੇ ਰਾਤ ਨੂੰ ਕਿਸੇ ਦੀਆਂ ਬਾਹਾਂ ਵਿਚ।

ਤਾਂਗੇ ਦੀ ਠੱਕ ਠੱਕ ਤੇ ਚੀਂ ਚੀਂ ਉਸ ਦੇ ਕੰਨਾਂ ਵਿਚ ਕੜਕੀ। ਸੜਕ ਖਾਲੀ ਕਰਕੇ ਹੇਠਾਂ ਉਤਰ ਗਿਆ। ਟਾਂਗੇ ਵਾਲਾ ਸੜਕੋਂ ਥਲੇ ਉਤਰ ਆਇਆ। ਘੋੜੇ ਦੀ ਲਗਾਮ ਖਿਚਦਾ ਬੋਲਿਆ, 'ਕਿਧਰ ਬਾਊ ਜੀ ? ਬਸਤੀ ਚਲਣਾ ਤੇ ਆਉ ਚਲੀਏ ? ਹਾਲੇ ਤਾਂ ਕਾਫੀ ਦੂਰ ਜੇ।' ਉਹ ਤਾਂਗੇ ਵਿਚ ਬੈਠ ਗਿਆ। ਘੋੜਾ ਫਿਰ ਆਪਣੀ ਰਫਤਾਰ ਛਿੜ ਪਿਆ।

ਕੋਈ ਨੌਕਰੀ ਲਗੀ ਬਾਬੂ ਜੀ ? ਤੁਹਾਨੂੰ ਤਾਂ ਕਾਫੀ ਦੇਰ ਹੋ ਗਈ ਪੜ੍ਹਾਈ ਖਤਮ ਕੀਤਿਆਂ। ਧੰਨ ਓ ਤੁਸੀਂ ਲੋਕ ਜੋ ਪੜ੍ਹ ਜਾਂਦੇ ਓ–।' ਘੋੜੇ ਦੇ ਛਾਂਟੇ ਮਾਰਦਾ ਟਾਂਗੇ ਵਾਲਾ ਬੋਲਿਆ।

ਖਿਆਲਾਂ ਦੀ ਲੜੀ ਟੁਟ ਗਈ। ਗੰਭੀਰਤਾ ਨਾਲ ਟਾਂਗੇ ਵਾਲੇ ਦੇ ਚਿਹਰੇ ਤੇ ਤਕਿਆ। ਖਰਬੜੇ ਕਾਲੇ ਚਿਹਰੇ ਤੇ ਲੰਬੀ ਦਾੜ੍ਹੀ ਵਧ ਆਈ ਸੀ। ਉਸਦੀ ਜਵਾਨੀ ਇਸ ਉਲਝੇ ਝੂੰਡ ਵਿਚ ਰੁਲ ਕੇ ਰਹਿ ਗਈ। ਉਹ ਵੀ ਇਸ ਵਾਂਗ ਹੋਰ ਹੋਰ ਉਲਝਦਾ ਗਿਆ।

ਨੌਕਰੀਆਂ ਤਾਂ ਸਿਫ਼ਾਰਸ਼ਾਂ ਨਾਲ ਮਿਲਦੀਆਂ ਵੀਰਿਆ ! ਜਾਂ ਫੇਰ ਨੋਟਾਂ ਦੇ ਦਬੇ ਚਾਹੀਦੇ ਨੇ। ਪਰ ਆਪਾਂ ਕੋਲ ਤਾਂ ਕੁਝ ਵੀ ਨੀਂ–ਧੱਕੇ ਖਾਈ ਜਾਨੇ ਆਂ–' ਉਸ ਨੇ ਠੰਡਾ ਹਉਕਾ ਲਿਆ।

'ਹਾਂ ਬਾਬੂ ਇਹ ਤੇ ਹੈ ਹੀ—।'

ਤਾਂਗਾ ਤੁਰਦਾ ਗਿਆ। ਟੁਟੀ ਹਾਰੀ ਰਫਤਾਰ। ਉਸ ਦੇ ਖਿਆਲੀ ਘੋੜ ਹੋਰ ਵੀ ਤੇਜ਼ ਦੌੜਨ ਲਗੇ। ਕਿਤੇ ਕਿਤੇ ਕੋਈ ਸੁਕੇ ਪਤਿਆਂ ਵਾਲਾ ਦਰੱਖਤ



ਕੋਲ ਦੀ ਲੰਘ ਜਾਂਦਾ। ਕਿੰਨਾ ਕਿੰਨਾ ਚਿਰ ਉਹ ਦਰੱਖਤਾਂ ਉਪਰ ਬੈਠੇ ਚੋਗੇ ਲਈ ਲੜਦੇ ਪੰਛੀਆਂ ਨੂੰ ਵੇਖੀ ਜਾਂਦਾ। ਸੂਰਜ ਦੀਆਂ ਕਿਰਨਾਂ ਦੂਰ ਨਿਕਲ ਗਈਆਂ ਸਨ। ਪਰਛਾਵੇਂ ਕਿਧਰੇ ਤੁਰ ਗਏ। ਇਸ ਤਾਂਗੇ ਵਾਲੇ ਦੀ ਜਵਾਨੀ ਦੇ ਪਰਛਾਵੇਂ ਵੀ ਇਸ ਦਾ ਸਾਥ ਛਡ ਗਏ। ਹਾਲੇ ਦੋ ਸਾਲ ਪਹਿਲਾਂ ਉਹ ਕਿੱਡਾ ਸੋਹਣਾ ਜਵਾਨ ਪਿਆ ਸੀ। ਜਦੋ ਉਹ ਚੰਡੀਗੜ੍ਹ ਪੜ੍ਹਨ ਜਾਂਦਾ ਹੁੰਦਾ ਸੀ ਤਾਂ ਕਈ ਵਾਰ ਇਸੇ ਤਾਂਗੇ ਤੇ ਗਿਆ ਸੀ। ਕਿੰਨਾ ਫਰਕ ਸੀ ਉਸ ਤੇ ਇਸ ਰੁਲੀਏ (ਤਾਂਗੇ ਵਾਲੇ) ਵਿਚ !

ਬਸਤੀ ਨੇੜੇ ਵਿਖਾਈ ਦੇਣ ਲੱਗੀ। ਕਿਤੇ ਕਿਤੇ ਕਿਸੇ ਚੁਲ੍ਹੇ ਵਿਚ ਬਲਦੀ ਅੱਗ ਤਾਰਿਆਂ ਵਾਂਗ ਚਮਕਦੀ। ਕਦੇ ਕਦੇ ਠੰਡੀ ਹਵਾ ਦਾ ਬੁੱਲਾ ਸਰੀਰ ਠੰਡਾ ਕਰ ਜਾਂਦਾ।

'ਤੈਨੂੰ ਕਿਦਾਂ ਪਤਾ ਲਗਿਆ ਮੈਂ ਨੌਕਰੀ ਲਭਨਾਂ ਵਾਂ–ਤੇ ਪੜ੍ਹਾਈ ਖਤਮ ਕਰ ਲਈ ਏ–' ਬਿਨਾਂ ਮਤਲਬ ਉਸਨੇ ਗੱਲ ਅਗਾਂਹ ਤੋਰੀ।

'ਤੁਸੀਂ ਮੇਰੇ ਤਾਂਗੇ ਵਿਚ ਬੈਠ ਕੇ ਪੜ੍ਹਨ ਗਏ ਸੀ ਕਈ ਵਾਰ। ਆਪਣੀ ਬਸਤੀ ਦੇ ਬੰਦੇ ਨੂੰ ਮੈਂ ਕਿਵੇਂ ਭੁੱਲ ਸਕਨਾਂ–ਤੁਸੀਂ ਭਾਵੇਂ ਨਾ ਪਛਾਣੋ–ਮੈਂ ਨੀਂ ਭੁੱਲਣ ਡਿਹਾ–' ਤਾਂਗੇ ਵਾਲਾ ਮੁਸਕਰਾਇਆ।

ਪਰ ਉਹ ਸੋਚਦਾ ਰਿਹਾ। ਕਾਫ਼ੀ ਦੇਰ। ਫੇਰ ਬੋਲਿਆ, ਮੇਰੇ ਨਾਲੋਂ ਤਾਂ ਤੇਰੀ ਮਜ਼ਦੂਰੀ ਚੰਗੀ ਏ। ਕੋਈ ਫ਼ਿਕਰ ਫਾਕਾ ਤਾਂ ਨੀਂ। ਆਥਣ ਨੂੰ ਢਿੱਡ ਭਰ ਕੇ ਖਾ ਤਾਂ ਲੈਨਾ–ਪਰ ਮੈਂ ਨਾ ਟਿਕ ਸਕਦਾਂ, ਨਾ ਬੈਠ ਸਕਦਾਂ, ਨਾ ਕਮਾ ਸਕਦਾਂ, ਨਾ ਖਾ ਸਕਦਾਂ, ਨਾ ਘਰ ਜਾ ਸਕਦਾਂ, ਨਾ ਬਾਹਰ ਰਹਿ ਸਕਦਾਂ–।'

'ਹਾਂ ਹਾਂ ਦੂਜਿਆਂ ਦੀ ਥਾਲੀ 'ਚ ਲੱਡੂ ਵੱਡੇ ਹੀ ਲੱਗਦੇ ਹੁੰਦੇ ਨੇ ਬਾਬੂ ਜੀ। ਆ ਵੇਖੋ ਐਧਰ ਪਾਟਿਆ ਕੁੜਤਾ, ਪੁਰਾਣਾ ਕੰਬਲ, ਭੁੱਖਾ ਘੋੜਾ–ਘਰੇ ਜੁਆਨ ਕੁੜੀ, ਘਰ ਵਾਲੀ ਦੀ ਬੀਮਾਰੀ, ਤਾਂਗੇ ਦਾ ਭਾੜਾ–ਮੈਨੂੰ ਕਿਤੇ ਘੱਟ ਨੀਂ ਬਣੀ ਬਾਬੂ ਜੀ।...ਤੁਸੀਂ ਤਾਂ ਅੱਜ ਨੀਂ ਕੱਲ ਲੱਗ ਈ ਜਾਓਗੇ ਫੇਰ ਵਾਰੇ-ਨਿਆਰੇ ਹੋ ਜਾਣਗੇ ਪਰ ਅਸੀਂ ਤਾਂ ਇਹੋ ਨਰਕ ਦੇ ਕੀੜੇ ਬਣੇ ਰਹਿਣਾ। ਤਾਂਗੇ ਵਾਲੇ ਦੇ ਗਲੇਡੂ ਭਰ ਆਏ, ਜਿਵੇਂ ਕਿਸੇ ਦੀ ਯਾਦ ਨੇ ਤੜਫਾ ਦਿੱਤਾ ਹੋਵੇ। ਅੱਖਾਂ ਵਿਚੋਂ ਦੋ ਨਿੱਘੇ ਅੱਥਰੂ ਕਿਰ ਕੇ ਖਰਬੜੀ ਦਾੜ੍ਹੀ ਵਿਚ ਗੁਆਚ ਗਏ।

ਹਾਰਨ ਵਜਿਆ। ਤਾਂਗਾ ਸੜਕੋਂ ਉਤਰ ਗਿਆ। ਰਸਤਾ ਸਾਫ ਸੀ।

ਕਾਰ ਅਗਾਂਹ ਲੰਘ ਗਈ।

'ਅੱਜ ਇਸ ਸੜਕ ਤੇ ਕਾਰਾਂ ਕਿਸ ਤਰ੍ਹਾਂ ਆ ਗਈਆਂ?' ਉਸ ਨੇ ਹੈਰਾਨੀ ਨਾਲ ਪੁੱਛਿਆ।

ਤਾਂਗੇ ਵਾਲੇ ਨੇ ਹਉਕਾ ਭਰਿਆ ਤੇ ਗੰਭੀਰ ਆਵਾਜ਼ ਵਿਚ ਬੋਲਿਆ, 'ਕੀ ਪੁੱਛਣਾ ਤੁਸੀਂ ਇਹਨਾਂ ਕਾਰਾਂ ਬਾਰੇ ਬਾਬੂ ਜੀ—ਇਹਨਾਂ ਵਿਚ ਬੈਠੀਆਂ ਬਸਤੀ ਦੀਆਂ ਮੁਟਿਆਰਾਂ ਵੇਖ ਕੇ ਮੇਰਾ ਖ਼ੂਨ ਉਬਲ ਜਾਂਦਾ ਹੈ—ਮੇਰੀ ਬਿਲੋ ਯਾਦ ਆ ਜਾਂਦੀ ਹੈ। ਦਿਲ ਕਰਦਾ ਕਾਰਾਂ ਚੂਰ ਚੂਰ ਕਰ ਦਿਆਂ—ਪਰ ਬਾਬੂ ਜੀ ਜਦੋਂ ਕਿਸੇ ਦੀ ਅਣਖ ਈ ਮਰ ਜਾਵੇ ਦੂਜਾ ਕੀ ਕਰੇ।'

ਉਸ ਨੂੰ ਲੱਗਿਆ ਜਿਵੇਂ ਤਾਂਗੇ ਵਾਲੇ ਦੇ ਦਿਲ ਵਿਚ ਕੋਈ ਡੂੰਘਾ ਰਾਜ਼ ਹੋਵੇ। ਅੰਦਰ ਫੋੜੇ ਵਾਂਗ ਉਬਲ ਤੇ ਜਵਾਲਾ ਵਾਂਗ ਭੜਕ ਰਿਹਾ ਹੋਵੇ।

'ਕਰਨ ਵੀ ਤੇ ਕੀ ਬਾਬੂ—ਮਜਬੂਰ ਨੇ—ਪੇਟਾਂ ਲਈ ਪੇਟੀਂ ਪਾਲਦੀਆਂ ਨੇ... ਕਿਸੇ ਦੀ ਉਲਾਦ ਜ਼ਾਦਾ, ਕਿਸੇ ਦੇ ਘਰ ਵਾਲਾ ਨੀਂ, ਕਿਸੇ ਦੇ ਘਰ ਨੀਂ, ਕਿਸੇ ਦਾ ਮਾਂ ਪਿਉ ਬੁੱਢਾ—ਕੋਈ ਆਪਾ ਵੇਚ ਕੇ ਹੋਰਾਂ ਨੂੰ ਬਚਾਉਣਾ ਲੋਚਦੀ ਏ—ਤੇ ਕੋਈ ਇਸ ਨਰਕ ਤੋਂ ਛੁਟਕਾਰਾ ਪਾਉਣ ਲਈ ਬਾਹਰ ਪੜ੍ਹਦਿਆਂ ਨੂੰ ਖਰਚ ਭੇਜਦੀ ਹੈ, ਪੜ੍ਹਾਉਂਦੀ ਹੈ—ਗਰੀਬੀ ਏ ਬਾਬੂ—' ਤਾਂਗੇ ਵਾਲੇ ਨੂੰ ਖੰਘ ਛਿੜ ਪਈ। ਖੰਘਦਾ ਰਿਹਾ, ਖੰਘਦਾ ਰਿਹਾ—ਕਿੰਨਾ ਹੀ ਚਿਰ—।

ਉਸ ਦੇ ਹੋਸ਼ ਉਡ ਗਏ। ਦਿਮਾਗ ਚਕਰਾ ਗਿਆ। ਹਥੌੜੇ ਜਿਹੇ ਵੱਜਣ ਲੱਗੇ, 'ਹਰ ਮੁਟਿਆਰ ਜਾਂਦੀ-ਕਿਸੇ ਦੇ ਬਾਹਰ ਪੜ੍ਹਦੇ ਨੇ—ਹਾਂ ਬਾਬੂ ਹਰ ਮੁਟਿਆਰ ਜਾਂਦੀ ਏ—ਤੇ ਤਾਂ ਕੀ ਮੇਰੀ ਭੈਣ—ਨਹੀਂ ਨਹੀਂ ਇਹ ਕਿਵੇਂ ਹੋ ਸਕਦਾ—ਇਹ ਨਹੀਂ ਹੋ ਸਕਦਾ—ਤਾਂ ਹੋਰ ਮੇਰੀ ਪੜ੍ਹਾਈ ਲਈ ਪੈਸੇ ਕਿਥੋਂ ਆਉਦੇ ਸੀ? ਨਹੀਂ ਉਹ ਕੰਮ ਕਰਦੀ ਸੀ—ਕਿੰਨਾ ਕੁ ਕੰਮ? ਘਰ ਦੇ ਖਰਚ ਤੋਂ ਬਿਨਾਂ ਮੇਰੇ ਲਈ? ਕੰਮ ਕਰਕੇ...ਮੁਸ਼ਕਲ ਏ—?. ਫੇਰ ..? ਨਹੀਂ ਨਹੀਂ ਮਜਬੂਰੀ ਏ? ਮੈਂ ਪਾਪੀ ਹਾਂ—ਉਸਨੂੰ ਮਜਬੂਰ ਕੀਤਾ—ਆਪਣੇ ਸਵਾਰਥ ਲਈ—ਅੱਜ ਤੱਕ ਮੈਂ ਪੈਸਿਆਂ ਬਾਰੇ ਕਿਉਂ ਨਾ ਸੋਚਿਆ—ਮੈਂ ਪਾਪੀ ਹਾਂ, ਮਜਬੂਰੀ ਏ—ਨਹੀਂ ਨਹੀਂ ਉਨ੍ਹਾਂ ਕਾਰਾਂ ਵਾਲਿਆਂ ਲਾਲਚ ਦਿੱਤਾ ਹੋਣਾ, ਡਰਾਵਾ ਦਿੱਤਾ ਹੋਣਾ—ਲਾਲਚ...ਡਰਾਵਾ...ਕਾਰਾਂ...।'

'ਤਾਂਗਾ ਰੋਕ—ਤਾਂਗਾ ਰੋਕ—ਮੈਂ ਆਖਿਆ ਤਾਂਗਾ ਰੋਕ—ਮੈਂ ਇਹ ਕਾਰ



ਵੇਖਣੀ ਏ, ਇਹਨਾਂ ਦੇ ਮਾਲਕ ਵੇਖਣੇ ਨੇ—।' ਤੇ ਉਹ ਉਖੜੇ ਸਾਹੀਂ ਤਾਂਗੇ ਵਿਚੋਂ ਕੁਦ ਪਿਆ। ਇਕ ਝਟਕੇ ਨਾਲ ਤਾਂਗੇ ਪਿੱਛੇ ਲੱਗਿਆ ਬਾਂਸ ਉਖੇੜ ਲਿਆ।

ਤਾਂਗੇ ਵਾਲਾ ਜੋ ਕਿੰਨੇ ਚਿਰ 'ਤੋਂ ਹੋ ਰਹੇ ਉਸ ਦੇ ਚਿਹਰੇ ਦੇ ਪਰੀਵਰਤਨ ਨੂੰ ਵੇਖ ਰਿਹਾ ਸੀ, ਛਾਲ ਮਾਰ ਕੇ ਹੇਠਾਂ ਉਤਰ ਆਇਆ। ਉਸ ਦੀਆਂ ਅੱਖਾਂ ਵਿਚ ਖ਼ੁਸ਼ੀ ਸੀ ਜਿਵੇਂ ਖਜ਼ਾਨਾ ਲੱਭਾ ਹੋਵੇ।

'ਕਾਰਾਂ ਮੈਂ ਵੀ ਵੇਖਣੀਆਂ ਨੇ—ਜਿਨ੍ਹਾਂ ਮੇਰੀ ਬਿਲੋ ਖੋਹ ਲਈ, ਭਜਾ ਦਿੱਤੀ, ਵੇਚ ਦਿੱਤੀ—ਮੈਂ ਵੀ ਇਸ ਕਾਰ ਦੇ ਵਿਸ਼ਈਆਂ ਨੂੰ ਮਿਲਣਾ, ਅਸੀਂ ਹੁਣ ਦੋ ਹਾਂ।'

ਅੱਗੇ ਵਧ ਕੇ ਉਸ ਤਾਂਗਾ ਸੜਕ ਵਿਚਾਲੇ ਅੜਾ ਦਿੱਤਾ।

ਤੇ ਉਹ ਗੁੱਸੇ ਨਾਲ ਕਾਰ ਦਾ ਇੰਤਜ਼ਾਰ ਕਰਨ ਲੱਗੇ। ਤਾਂਗੇ ਵਾਲੇ ਦੇ ਹੱਥ ਵਿਚ ਵੀ ਛਾਂਟਾ ਉਭਰਿਆ ਹੋਇਆ ਸੀ।

—ਅਪਰੈਲ 1971

## ਮਸਲਾ

ਅੱਜ ਫੇਰ ਉਸ ਨੂੰ ਇੰਟਰਵਿਊ ਕਾਰਡ ਆਇਆ ਸ਼ੀ। ਪਰ ਇਸ ਵਾਰ ਅਗੇ ਵਰਗੀ ਖ਼ੁਸ਼ੀ, ਹੌਂਸਲਾ, ਫੁਰਤੀ ਤੇ ਆਸ ਉਸ ਵਿਚ ਨਹੀਂ ਸੀ–ਅਗਲੇ ਸੈਂਕੜੇ ਚਕਰਾਂ ਵਾਂਗ ਉਸ ਦਾ ਇਹ ਚਕਰ ਵੀ ਦਫ਼ਤਰਾਂ ਦੀ ਖਾਕ ਛਾਣ ਕੇ ਘਰ ਮੁੜ ਆਉਣ ਤਕ ਹੀ ਸੀਮਤ ਰਹਿਣਾ ਸੀ–। ਟੁਟੇ ਜਿਹੇ ਹਥੀਂ ਉਹਨੇ ਦਸਖ਼ਤ ਕੀਤੇ, ਰਜਿਸਟਰੀ ਛੁਡਾਈ ਤੇ ਲਫਾਫੇ ਨੂੰ ਤਿੰਨ ਚਾਰ ਥਾਵਾਂ ਤੋਂ ਮਰੋੜ ਕੇ ਘਸੀ ਜਿਹੀ ਪੈਂਟ ਦੀ ਪਿਛਲੀ ਜੇਬ ਵਿਚ ਅੜਾ ਲਿਆ।

ਡਾਕਖਾਨੇ ਤੋਂ ਵਾਪਸ ਆਉਂਦੇ ਕਰਤਾਰ ਦੀ ਨਜ਼ਰ ਵੱਡੇ ਸਰਦਾਰ ਦੀ ਕੋਠੀ ਉਤੇ ਜਾ ਟਿਕੀ। ਇਕ ਦਮ ਉਸ ਦੇ ਦਿਮਾਗ ਵਿਚ ਫੁਰਨਾ ਫੁਰਿਆ ਤੇ ਅੰਦਰੋਂ ਇਕ ਆਸ ਦਾ ਚਸ਼ਮਾ ਜਿਹਾ ਫੁਟ ਤੁਰਿਆ। 'ਕਿਉਂ ਨਾ ਇਕ ਵਾਰ ਇਸ ਨੂੰ ਅਜ਼ਮਾ ਲਈਏ।' ਅਗੇ ਵੀ ਪਿੰਡ ਦੇ ਬਥੇਰੇ ਲੋਕ ਲਵਾਏ ਸਨ। ਕਿਸੇ ਨੂੰ ਬਿਜਲੀ 'ਚ, ਕਿਸੇ ਨੂੰ ਫੂਡ ਸਪਲਾਈ ਵਿਚ ਤੇ ਕਿਸੇ ਨੂੰ ਬੀ. ਡੀ. ਓ. ਦੇ ਦਫ਼ਤਰ ਵਿਚ। ਉਸਦੀ ਚਲਦੀ ਵੀ ਤੇ ਕੋਈ ਘਟ ਨਹੀਂ ਸੀ–ਧੁਰ ਮਨਿਸਟਰੀਆਂ ਤਕ ਪਹੁੰਚ ਸੀ–ਚਾਹੇ ਤਾਂ ਘਰ ਬੈਠਾ ਚਿੱਟ ਨਾਲ ਹੀ ਲਵਾ ਦੇਵੇ–ਪਿਛਲੀਆਂ ਚੋਣਾਂ ਵਿਚ ਮਨਿਸਟਰ ਚਾਰ ਚਾਰ ਦਿਨ ਉਹਦੇ ਘਰੇ ਠਹਿਰਦੇ ਰਹੇ ਸਨ। ਤੇ ਉਹਨੇ ਵੀ ਉਨ੍ਹਾਂ ਦੀ ਹਮਾਇਤ ਤੇ ਪੈਸੇ ਪਾਣੀ ਵਾਂਗ ਬਹਾਏ ਸੀ—' ਸੋਚਾਂ



'ਚ ਗੜੂੰਦ ਕਰਤਾਰ ਦੇ ਕਦਮ ਆਪਣੇ ਆਪ ਕੋਠੀ ਵਲ ਘੁੰਮ ਗਏ।

ਗੇਟ ਤੇ ਚਪੜਾਸੀ ਲਾਲ ਅੱਖਾਂ ਕਰੀ ਖੜਾ ਸੀ। ਕਰਤਾਰ ਨੇ ਨਮਸਤੇ ਬੁਲਾਈ ਅਗੋਂ ਕੋਈ ਜਵਾਬ ਨਾ ਆਇਆ। ਉਹ ਬੜਾ ਹੈਰਾਨ ਹੋਇਆ। ਚਪੜਾਸੀ ਵੀ ਨਮਸਤੇ ਨਹੀਂ ਮੰਨਦੇ। ਇਕ ਵਾਰ ਉਹਨੇ ਫੇਰ ਬੁਲਾਈ–ਇਸ ਵਾਰ ਜਦੋਂ ਅੱਖਾਂ ਫਾੜ ਕੇ ਚਪੜਾਸੀ ਨੇ ਉਹਦੇ ਵਲ ਤਕਿਆ ਤਾਂ ਉਹਨੂੰ ਸਮਝਣ 'ਚ ਦੇਰ ਨਾ ਲਗੀ ਬਈ ਉਹਦੀ ਸੁਰਤ ਟਿਕਾਣੇ ਨੀਂ। ਉਹ ਤਾਂ ਸਤਵੇਂ ਅਸਮਾਨ ਦੀ ਸੈਰ ਤੇ ਸੀ। ਬਿਨਾਂ ਉਹਦੀ ਪਰਵਾਹ ਕਰੇ ਉਹ ਗੇਟ ਟਪ ਗਿਆ।

ਦਸ ਕੁ ਫ਼ੁਟ ਗਰਾਸੀ ਸੜਕ ਲੰਘ ਕੇ ਉਹ ਬਰਾਂਡੇ ਵਿਚ ਜਾ ਪੁਜਾ। ਫੇਰ ਖਬੇ ਨੂੰ ਘੁੰਮ ਕੇ ਪੌੜੀਆਂ ਜਾ ਚੜ੍ਹਿਆ। ਅਗੋਂ ਸਤੋ ਮਾਈ ਮੱਥੇ ਲਗੀ। ਅਟਕ ਕੇ ਉਸ ਤੋਂ ਪੁਛਿਆ :

"ਸਰਦਾਰ ਸਾਹਿਬ ਅੰਦਰ ਹੈਨ—ਭਲਾ—?"

"ਆਹੋ ਜੀ..." ਆਖ ਕੇ ਉਹ ਹੇਠਾਂ ਉਤਰ ਗਈ।

'ਆਹੋ' ਸੁਣ ਕੇ ਉਹਦੇ ਸਾਹ ਵਿਚ ਸਾਹ ਆਇਆ। "ਚਲੋ ਉਹ ਤਾਂ ਮਿਲਿਆ" ਸੋਚਦਾ ਚਿਕ ਚੁਕ ਅੰਦਰ ਜਾ ਵੜਿਆ।

ਸਰਦਾਰ ਸਾਹਿਬ ਸੋਫ਼ੇ ਸਾਹਮਣੇ ਪਏ ਮੇਜ਼ ਉਪਰ ਪਈਆਂ ਵਿਸਕੀ ਦੀਆਂ ਬੋਤਲਾਂ ਤੇ ਝੁਕੇ ਹੋਏ ਸਨ। ਉਨ੍ਹਾਂ ਦੀ ਖਬੀ ਬਾਂਹ ਹੇਠ ਉਨ੍ਹਾਂ ਦੀ ਸਜ-ਵਿਆਹੀ ਵਹੁਟੀ ਵਿਸਕੀ ਦੇ ਗਲਾਸ ਭਰ ਰਹੀ ਸੀ। ਇਕ ਦਮ ਉਸ ਦੇ ਕਦਮ ਰੁਕ ਗਏ। ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਬਿਨਾ ਸੂਚਨਾ ਦਿਤੇ ਉਹ ਅੰਦਰ ਚਲਿਆ ਆਇਆ ਸੀ—ਇਕ ਵਾਰ ਉਹਦਾ ਮਨ ਕੀਤਾ ਉਹ ਵਾਪਸ ਮੁੜ ਜਾਵੇ...ਪਰ ਇਸ ਤੋਂ ਪਹਿਲਾਂ ਉਹ ਅਗੇ ਜਾਂ ਪਿਛੇ ਕਦਮ ਪੁਟਦਾ ਸਰਦਾਰ ਦੀ ਪਤਨੀ ਸਾਹਮਣੇ ਲਟਕਦਾ ਰੇਸ਼ਮੀ ਪਰਦਾ ਚੁਕ ਕੇ ਨਾਲ ਦੇ ਕਮਰੇ ਵਿਚ ਚਲੀ ਗਈ ਸੀ—।

ਸਰਦਾਰ ਨੇ ਲਾਲ ਸੂਹੀਆਂ ਅੱਖਾਂ ਨਾਲ ਉਹਦੇ ਵਲ ਤਕਿਆ। ਉਹ ਕੰਬ ਜਿਹਾ ਗਿਆ...ਜਿਵੇਂ ਹੁਣੇ ਸਰਦਾਰ ਉਹਦਾ ਬੁਰਕ ਭਰੇਗਾ...ਦੋ ਕੁ ਮਿੰਟ ਖੜੇ ਰਹਿਣ ਪਿਛੋਂ ਉਹ ਆਪ ਹੀ ਸਰਦਾਰ ਸਾਹਮਣੇ ਪਏ ਸੋਫ਼ੇ ਤੇ ਬੈਠ ਗਿਆ।

"ਪੀਵੇਂਗਾ...ਬਈ..." ਫਟੇ ਬੋਲਾਂ ਨਾਲ ਵਿਸਕੀ ਦਾ ਭਰਿਆ ਗਿਲਾਸ

ਉਹਦੇ ਅਗੇ ਕਰਦੇ ਸਰਦਾਰ ਨੇ ਪੁਛਿਆ ?

"ਜੀ ਨਹੀਂ–" ਆਖ ਕੇ ਉਹ ਕੁਝ ਇੰਤਜ਼ਾਰ ਕਰਨ ਲਗਿਆ।

"ਤੁਹਾਡੇ ਕਰਮਾਂ 'ਚ ਕਿਥੇ–" ਆਖਦੇ ਸਰਦਾਰ ਨੇ ਵਿਸਕੀ ਦੇ ਗਿਲਾਸ ਨੂੰ ਸਿਰ ਉਪਰੋਂ ਘੁਮਾ ਕੇ ਹੋਠਾਂ ਤੇ ਚਿਪਕਾ ਲਿਆ ਤੇ ਇਕੋ ਸਾਹੇ ਸਾਰਾ ਗਿਲਾਸ ਅੰਦਰ ਸੁਟ ਲਿਆ।

ਕਿੰਨਾ ਹੀ ਚਿਰ ਮੁੜ ਉਹਨੇ ਗੱਲ ਨਾ ਛੇੜੀ। ਇਹ ਵੀ ਨਾ ਪੁਛਿਆ ਉਹ ਕਿਉਂ ਆਇਆ ਹੈ। ਮੋਨਧਾਰੀ ਬੈਠਾ ਉਹ ਸਰਦਾਰ ਦੇ ਭਰੇ ਭਕੁਨੇ ਕਮਰੇ ਵਲ ਤੱਕਦਾ ਰਿਹਾ। ਅਜ ਜਿੰਨਾ ਬੇ-ਅਰਾਮ ਤਾਂ ਉਹ ਉਦੋਂ ਵੀ ਨਹੀਂ ਸੀ ਹੋਇਆ ਜਦੋਂ ਚਾਰ ਚਾਰ ਛੇ ਛੇ ਘੰਟੇ ਬਾਹਰ ਲਕੜ ਦੇ ਸਖਤ ਬੈਂਚ ਤੇ ਬੈਠਾ ਉਹ ਅੰਦਰ ਇੰਟਰਵਿਊ ਲਈ ਪੈਣ ਵਾਲੀ ਹਾਕ ਦੀ ਉਡੀਕ ਕਰਦਾ ਹੁੰਦਾ ਸੀ। ਵਾਰ ਵਾਰ ਉਸ ਦੀਆਂ ਨਿਗਾਹਾਂ ਉਨ੍ਹਾਂ ਹੀ ਜਾਣੀਆਂ ਪਹਿਚਾਣੀਆਂ ਤਸਵੀਰਾਂ ਤੇ ਘੁੰਮਦੀਆਂ ਰਹੀਆਂ—।

ਉਸ ਨੇ ਵੇਖਿਆ ਸਾਹਮਣੀ ਅਲਮਾਰੀ ਖੁਲ੍ਹੀ ਪਈ ਸੀ, ਦੋ ਕੁ ਦਰਜਨ ਵਿਸਕੀ ਦੀਆਂ ਖਾਲੀ ਬੋਤਲਾਂ ਤੇ ਕੋਈ ਇਸ ਤੋਂ ਦੁਗਣੀਆਂ ਭਰੀਆਂ, ਲਿਸ਼ਕਾਂ ਮਾਰਦੀਆਂ ਸਨ। ਆਪਣੇ ਦੋਸਤ ਤੋਂ ਇਕ ਵਾਰ ਉਹਨੇ ਸੁਣਿਆ ਸੀ ਇਹ ਬੋਤਲਾਂ ਅੱਜੀਆਂ ਅੱਜੀਆਂ ਤੋਂ ਘਟ ਨੀਂ ਆਉਂਦੀਆਂ–ਅਲਮਾਰੀ ਦੇ ਉਪਰ ਕੋਈ ਸਰਦਾਰ ਦੀ ਜਵਾਨੀ ਸਮੇਂ ਦੀ ਤਸਵੀਰ ਸੀ। ਉਸ ਦੀਆਂ ਬਾਹਾਂ ਵਿਚ ਇਕ ਖ਼ੂਬਸੂਰਤ ਔਰਤ ਢੇਰ ਹੋਈ ਹੋਈ ਸੀ। ਹੱਥ 'ਚ ਜਾਮ ਸੀ ਜਿਹੜਾ ਸਰਦਾਰ ਸਾਹਿਬ ਦੇ ਹੋਠਾਂ ਨੂੰ ਲਗਿਆ ਹੋਇਆ ਸੀ। ਤਸਵੀਰ ਸੁਨਿਹਰੀ ਫਰੇਮ ਵਿਚ ਜੜੀ ਲਿਸ਼ਕਾਂ ਮਾਰਦੀ ਸੀ ! ਉਸ ਨੂੰ ਲਗਿਆ ਜਿਵੇਂ ਖਾਸ ਤੌਰ ਤੇ ਕੋਈ ਰੋਜ਼ਾਨਾ ਇਸ ਦੀ ਸਫਾਈ ਕਰਦਾ ਹੋਵੇ। ਉਸ ਦੀਆਂ ਨਿਗਾਹਾਂ ਘੁੰਮ ਰਹੀਆਂ ਸਨ–ਸੁਨਿਹਰੇ ਪਰਦਿਆਂ ਉਪਰੋਂ ਦੀ...ਕੂੰਜਾਂ ਦੀ ਡਾਰ ਉਪਰੋਂ ਦੀ ..ਤੇ ਛੋਟੇ ਮੋਟੇ ਡੀਜ਼ਾਈਨਾਂ ਉਪਰੋਂ ਦੀ ਘੁੰਮਦੀ ਘੁੰਮਦੀ ਉਹਦੀ ਨਿਗਾਹ ਸਾਗਵਾਨ ਦੀ ਲਕੜ ਦੇ ਬਕਸੇ ਵਿਚ ਬੰਦ ਕਲਾਕ ਤੇ ਜਾ ਟਿਕੀ ਬਾਰਾਂ ਵਜੇ ਸਨ ! ਉਸ ਨੇ ਘੜੀ ਵਲ ਵੇਖਿਆ...ਦਸ ਵਜੇ ਸਨ...ਉਹਨੂੰ ਮਹਿਸੂਸ ਹੋਇਆ ਜਿਵੇਂ ਇਹਦੇ ਤੇ ਹਰ ਵਕਤ ਹੀ ਬਾਰਾਂ ਵਜਦੇ ਹੋਣ...ਇੰਨਾ ਵਕਤ ਹੀ ਕਿਥੇ



ਇੰਨਾ ਵਕਤ ਹੀ ਕਿਥੇ ਹੈ ਕਿ ਕੋਈ ਇਸ ਨੂੰ ਚਾਬੀ ਦੇਵੇ ..ਉਂਜ ਕਲਾਕ ਪੂਰੇ ਅਠਾਰਾਂ ਸੌ ਦਾ ਸੀ..ਅਠਾਰਾਂ ਸੌ ਸੋਚ ਕੇ ਉਹਦਾ ਤ੍ਰਾਹ ਹੀ ਨਿਕਲ ਗਿਆ–ਅਠਾਰਾਂ ਸੌ ਦਾ ਇਕੱਲਾ ਕਲਾਕ—ਜਿੰਨੇ ਉਹਨੇ ਆਪਣੀ ਦੋ ਸਾਲਾਂ ਦੀ ਪੜ੍ਹਾਈ ਤੇ ਲਾਏ ਸਨ.. ਕਲਾਕ ਜਿਸ ਨੂੰ ਚਾਬੀ ਦੇਣ ਤਕ ਦੀ ਕਿਸੇ ਕੋਲ ਵਿਹਲ ਨਹੀਂ... ਇਕ ਉਹ ਸੀ ਸਾਰੀ ਉਮਰ ਬਿਨਾਂ ਘੜੀ ਲੰਘਾ ਦਿਤੀ ਸੀ – ਕਈ ਕਈ ਵਾਰ ਫਾਈਨ ਹੋਏ ਸਨ ... ਕਈ ਕਈ ਵਾਰ ਫਾਈਨਾਂ ਤੋਂ ਡਰਦਾ ਪੰਜ ਦੀ ਥਾਂ ਤਿੰਨ ਤਿੰਨ ਵਜੇ ਹੀ ਉਠ ਖਲੋਂਦਾ ਸੀ। ਉਸ ਦੀ ਸੋਚ ਤੇ ਨਿਗਾਹਾਂ ਅਗੇ ਤੁਰੀਆਂ। ਇਕ ਖੂੰਜੇ ਬਣੀ ਅੰਗੀਠੀ ਤੇ ਭਗਤ ਸਿੰਘ ਦਾ ਸਫ਼ੈਦ ਬੁਤ ਪਿਆ ਸੀ...ਜਿਸ ਤੇ ਗਰਦ ਜੰਮਣ ਕਰਕੇ ਭਾਂਤ ਭਾਂਤ ਤੇ ਡੱਬ ਪੈ ਗਏ ਸਨ ਉਸ ਨੂੰ ਲਗਿਆ ਜਿਵੇਂ ਇਥੇ ਇਹ ਬੁਤ ਸ਼ੋਭਾ ਨਹੀਂ ਸੀ ਦੇ ਰਿਹਾ ਕੈਦੀਆਂ ਵਾਂਗ ਆਪਣੀ ਨਾ-ਪਸੰਦ ਥਾਂ ਤੇ ਬੰਨ੍ਹਿਆ ਖੜੋਤਾ ਹੋਵੇ...'ਇਥੇ ਤਾਂ ਕਿਸੇ ਰਜਵਾੜੇ ਦੀ ਫੋਟੋ ਚਾਹੀਦੀ ਸੀ।' ਉਹਨੇ ਆਪਣਾ ਖਿਆਲ ਦੁੜਾਇਆ। ਉਸ ਦੇ ਅਗਾਂਹ ਕਰਕੇ ਸਰਦਾਰ ਸਾਹਿਬ ਮੁਖ ਮੰਤਰੀ ਨਾਲ ਖੜੇ ਮੁਸਕਰਾ ਰਹੇ ਸਨ...ਇਕ ਦੋ ਤਸਵੀਰਾਂ ਉਨ੍ਹਾਂ ਦੇ ਤੀਜੇ ਵਿਆਹ ਦੀਆਂ ਲਟਕ ਰਹੀਆਂ ਸਨ...ਚਿਤ੍ਰਾਂ ਨੂੰ ਵੇਖਕੇ ਉਹਦੇ ਮਨ ਵਿਚ ਜੋ ਵਿਚਾਰ ਉਪਜਨ ਲਗ ਪਏ ਸਨ ਉਹਨਾਂ ਤੋਂ ਉਹਨੂੰ ਡਰ ਜਿਹਾ ਲਗਣ ਲਗ ਪਿਆ। ਉਸ ਨੇ ਉਧਰੋਂ ਧਿਆਨ ਉਖੇੜ ਲਿਆ।

ਉਸ ਦੀਆਂ ਨਿਗਾਹਾਂ ਫੇਰ ਸਾਹਮਣੇ ਬੈਠੇ ਸਰਦਾਰ ਤੇ ਜੰਮ ਗਈਆਂ। ਹੁਣ ਤਕ ਉਹ ਦੂਜੀ ਬੋਤਲ ਵੀ ਖਾਲੀ ਕਰਕੇ ਹੇਠਾਂ ਰਖ ਚੁਕਿਆ ਸੀ...ਸ਼ਰਾਬ ਦੀ ਬਦਬੋ ਨਾਲ ਕਰਤਾਰ ਦਾ ਸਾਹ ਘੁਟਣ ਲਗ ਪਿਆ। ਇਕ ਮਿੰਟ ਵੀ ਹੋਰ ਬੈਠਣਾ ਉਸ ਨੂੰ ਮੁਸ਼ਕਲ ਹੋ ਗਿਆ। ਘੰਟਾ ਲੰਘ ਚਲਿਆ ਸੀ ਬੈਠਿਆਂ—ਮੁੜ ਸਰਦਾਰ ਦੇ ਹੋਂਠ ਨਹੀਂ ਸਨ ਫਰਕੇ...ਉਹ ਉਕਤਾ ਗਿਆ...ਸਰਦਾਰ ਨਾਲ ਇਸ ਹਾਲਤ ਵਿਚ ਉਹ ਗੱਲ ਵੀ ਨਹੀਂ ਸੀ ਕਰਨਾ ਚਾਹੁੰਦਾ...ਉਹਦੇ ਰੰਗ 'ਚ ਭੰਗ ਪਾਉਣ ਦਾ ਵੀ ਦੁਖ ਸੀ...ਪਰ ਕਰਦਾ ਕੀ ਮਜਬੂਰੀ ਸੀ।

'ਕਿਉਂ ਵੀ—ਕਰਤਾਰਿਆ—ਹਾਲੇ ਕੋਈ ਨੌਕਰੀ...ਨੀਂ ਮਿਲੀ ਲਗਦੀ–ਜਿਹੜਾ ਰੋਜ਼ ਵਿਹਲਾ ਫਿਰਦਾ ਵਿਖਾਈ ਦਿਨੈ–।' ਸਰਦਾਰ ਦੇ ਇਹ ਸ਼ਬਦ ਸੁਣਕੇ ਉਹਨੂੰ ਆਪਣੇ ਤੇ ਯਕੀਨ ਨਾ ਆਇਆ। ਖੁਸ਼ੀ ਨਾਲ ਉਹ ਝੂਮ

ਉਠਿਆ। ਗੱਲ ਚਲਾਉਣ ਦੀ ਜਿਸ ਉਲਝਣ ਵਿਚ ਫਸਿਆ ਹੋਇਆ ਸੀ ਉਹ ਸਰਦਾਰ ਨੇ ਆਪੇ ਸੁਲਝਾ ਦਿਤੀ ਸੀ। ਮਸਾਂ ਮੌਕਾ ਹੱਥ ਲਗਿਆ ਉਹਨੇ ਕਿਸੇ ਕੀਮਤ ਵੀ ਗਵਾਣਾ ਠੀਕ ਨਾ ਸਮਝਿਆ।

'ਹੋਰ ਜੀ—ਵਿਹਲੇ ਫਿਰਦੇ ਫਿਰਦੇ ਸਗੋਂ ਹਾਰ ਗਏ ਆਂ—ਪੂਰਾ ਡੇਢ ਸਾਲ ਹੋ ਗਿਆ ਫਿਰਦੇ ਨੂੰ—ਨਿਤ ਇੰਟਰਵਿਊ ਕਾਰਡ ਤਾਂ ਆ ਜਾਂਦੇ ਨੇ ਪਰ ਨੌਕਰੀ ਦਾ ਸੱਦਾ ਕਦੇ ਨੀਂ ਆਇਆ—ਹਰ ਵਾਰ ਇੰਟਰਵਿਊ ਤੇ ਜਾਨਾਂ ਸਗੋਂ ਵੀਹ ਪੰਜਾਹ ਜੇਬੋਂ ਝਾੜ ਕੇ ਤੁਰ ਆਉਨਾਂ—ਮਸਾਂ ਦਿਨ ਰਾਤ ਇਕ ਕਰਕੇ ਐਮ. ਏ. ਕੀਤੀ ਸੀ, ਤੁਸੀਂ ਖੁਦ ਕਿਹੜਾ ਸਾਡੀ ਹਾਲਤ ਜਾਣਦੇ ਨੀਂ—ਤਿੰਨ ਕਿਲੇ ਜਮੀਨ ਵੇਚ ਕੇ ਐਮ. ਏ. ਦਾ ਗਾਉਣ ਪਾਇਆ ਸੀ—ਹੁਣ ਤੇ ਸਗੋਂ ਦਿਲ ਬੁਝ ਗਿਆ ਏ। ਮੈਂ ਤਾਂ ਕਿਸੇ ਨਿਕੇ ਮੋਟੇ ਦਫਤਰ 'ਚ ਵੀ ਅੜਨ ਨੂੰ ਤਿਆਰ ਆਂ ਤਿੰਨ ਚਾਰ ਸੌ—ਜੋ ਮਿਲੇ—ਪਰ ਨੌਕਰੀ ਵਾਲਾ ਤਾਂ ਜਿਵੇਂ ਘੋੜਾ ਲੈ ਕੇ ਫਿਰ ਗਿਆ—ਨਾਂਹ ਹੀ ਨਸੀਬ ਹੁੰਦੀ ਏ—।'

ਇੰਨਾ ਕੁਝ ਆਖਕੇ ਉਹਨੇ ਸਰਦਾਰ ਦੀਆਂ ਲਾਲ ਸੂਹੀਆਂ ਅੱਖਾਂ ਵਿਚ ਤਕਿਆ ਉਸ ਨੇ ਵੇਖਿਆ ਸਰਦਾਰ ਮੇਜ਼ ਤੇ ਰਖੀਆਂ ਬਾਹਾਂ ਤੇ ਝੁਕਿਆ ਉਸ ਦੀਆਂ ਗੱਲਾਂ ਧਿਆਨ ਨਾਲ ਸੁਣ ਰਿਹਾ ਸੀ—। ਉਹ ਚੌਂਕ ਜਿਹਾ ਗਿਆ। ਏਨੀ ਪੀ ਕੇ ਵੀ ਉਹ ਹੋਸ਼-ਹਵਾਸ ਵਿਚ ਸੀ ਕੁਝ ਕੁ ਦੇਰ ਉਹ ਚੁਪ ਰਿਹਾ ਕੁਝ ਸਰਦਾਰ ਵਲੋਂ ਸੁਨਣ ਲਈ—ਪਰ ਉਸ ਮੋਨ ਨਾ ਤੋੜਿਆ ਜਿਵੇਂ ਹੋਰ ਸੁਨਣਾ ਲੋਚਦਾ ਹੋਵੇ—ਉਹਨੇ ਅਗੇ ਗੱਲ ਤੋਰੀ।

'ਮੈਂ ਤਾਂ ਇਸ ਗੱਲ ਤੇ ਹੈਰਾਨ ਆਂ ਬਈ ਮੇਰੇ ਪਿਛੋਂ ਪਾਸ ਹੋਏ ਤੇ ਘਟੀਆ ਡਵੀਜ਼ਨਾਂ ਵਾਲੇ ਮੇਰੇ ਨਾਲੋਂ ਕਿਤੇ ਪਹਿਲਾਂ ਧੜਾ-ਧੜ ਕੁਰਸੀਆਂ ਸਾਂਭੀ ਜਾਂਦੇ ਨੇ...ਪਤਾ ਨੀਂ ਕੀ ਝੋਲਾ ਵਜਿਆ—ਸਰਪੰਚ ਦਾ ਮੁੰਡਾ ਵੀ ਵੇਖ ਲਉ—ਹਾਲੇ ਰਿਜ਼ਲਟ ਵੀ ਨੀਂ ਸੀ ਨਿਕਲਿਆ। ਪਹਿਲਾਂ ਹੀ ਜਾ ਅੜਿਆ। ਨੰਬਰ ਮੇਰੇ ਨਾਲੋਂ ਕਿਤੇ ਘਟ ਆਏ ਨੇ—ਮੇਰੀ ਵਾਰ ਪਤਾ ਨੀਂ ਕਿਉਂ ਹਰ ਥਾਂ ਪੁਰ ਹੋ ਜਾਂਦੀ ਏ—ਕੋਈ ਬਹੁਤਾ ਰਹਿਮ ਕਰਦਾ ਵੇਟਿੰਗ ਲਿਸਟ 'ਚ ਨਾਂ ਚਾੜ੍ਹ ਦਿੰਦਾ—ਪਰ ਵੇਟ ਕਰਦਿਆਂ ਕਰਦਿਆਂ ਆ ਦਿਨ ਆ ਗਏ ਨੇ—ਕਦੋਂ ਕੋਈ ਭਜੇ ਤੇ ਕਦੋਂ ਮੇਰਾ ਨੰਬਰ ਆਏ—' ਆਖਦਾ ਆਖਦਾ ਉਹ ਇਕ ਦਮ ਚੁਪ ਕਰ ਗਿਆ ਉਸ ਨੂੰ ਪਤਾ ਨਹੀਂ ਸੀ ਰਿਹਾ ਉਹ ਕੀ ਕੁਝ ਆਖ ਰਿਹਾ ਹੈ—।



ਇਕ ਵਾਰ ਫੇਰ ਉਹਨੇ ਸਰਦਾਰ ਵਲ ਤਕਿਆ। ਉਸ ਦੀਆਂ ਬੁੱਲੀਆਂ ਤੇ ਮੁਸਕਰਾਹਟ ਸੀ। ਝਟ ਮੁਸਕਰਾਹਟ ਕਹਿਕਾ ਬਣਕੇ ਸਾਰੇ ਕਮਰੇ 'ਚ ਗੂੰਜਣ ਲਗੀ। ਕਮਰਾ ਸ਼ਰਾਬ ਦੀ ਬਦਬੋ ਨਾਲ ਭਰ ਗਿਆ। ਉਸਦਾ ਮਨ ਕੀਤਾ ਜੇਬ ਚੋਂ ਰੁਮਾਲ ਕਢ ਕੇ ਨੱਕ ਤੇ ਰਖ ਲਏ ਪਰ ਹੱਥਾਂ 'ਚੋਂ ਜਿਵੇਂ ਹਰਕਤ ਮੁਕ ਗਈ ਸੀ।

'ਜਵਾਕ ਈ ਰਿਹਾ ਨਾ—ਨੌਕਰੀ ਕੋਈ ਨੰਬਰਾਂ ਨਾਲ ਥੋੜੇ ਮਿਲਣੀ ਆ ਤੈਨੂੰ—ਇਹ ਤਾਂ ਨੋਟਾਂ ਨਾਲ ਮਿਲਣੀ ਏ ਪਿਆਰੇ—ਜਿਹਦੇ ਕੋਲ ਜ਼ਿਆਦਾ ਨੇ ਪਹਿਲਾਂ ਤੇ ਜਿਹਦੇ ਕੋਲ ਹੈਨ ਨਹੀਂ ਫਿਰਦਾ ਰਹੇ ਗੇੜੇ ਦਿੰਦਾ—ਕੋਈ ਨਹੀਂ ਜੇ ਪੁਛਦਾ—ਹੂੰ—।'

ਫਿਰ ਕਿੰਨਾ ਚਿਰ ਦੋਨਾਂ 'ਚ ਖਾਮੋਸ਼ੀ ਛਾਈ ਰਹੀ।

'ਅੱਜ ਫੇਰ ਚੰਡੀਗੜੋਂ ਇੰਟਰਵਿਊ ਆਈ ਏ—ਕੁੜੀਆਂ ਦੇ ਕਾਲਜ ਲਈ—ਕਲ ਜਾਣਾ—ਮੈਂ ਆਖਿਆ ਜਿਥੇ ਸਰਦਾਰ ਸਾਹਿਬ ਖੜ ਜਾਣ ਕੀ ਮਜਾਲ ਆ ਨੌਕਰੀ ਹਿਲ ਜਾਏ—ਇਕ ਅਹਿਸਾਨ ਈ ਕਰ ਦਿਉ—ਉਮਰ ਭਰ ਯਾਦ ਕਰਿਆ ਕਰਾਂਗਾ—' ਦਿਲ ਪੱਕਾ ਕਰਕੇ ਕਰਤਾਰ ਨੇ ਆਖਰੀ ਗੱਲ ਕਰ ਦਿਤੀ। ਸਰਦਾਰ ਦੇ ਸ਼ਬਦਾਂ ਵਿਚ ਉਹਨੂੰ ਤਸੱਲੀ ਜਾਪੀ ਸੀ।

ਕੁਝ ਦੇਰ ਸਰਦਾਰ ਸੋਚਦਾ ਰਿਹਾ। ਫੇਰ ਬੋਲਿਆ :

'ਸਾਲਾ ਅੱਜ ਕੱਲ ਦਾ ਜ਼ਮਾਨਾ ਕੁੱਤਾ ਜ਼ਮਾਨਾ ਹੈ—ਪੈਸੇ ਬਿਨਾਂ ਕੋਈ ਹਰਾਮ ਦਾ ਗੱਲ ਈ ਨੀਂ ਕਰਦਾ...ਸਰਪੰਚ ਦੇ ਮੁੰਡੇ ਦੀ ਤੂੰ ਗੱਲ ਕੀਤੀ ਏ ਉਹਨੇ ਮੇਰੇ ਹੱਥੀਂ ਪੰਜ ਹਜ਼ਾਰ ਦਿੱਤੇ ਨੇ...ਪੂਰੇ ਪੰਜਾਹ ਨੋਟ—ਕਿੱਡਾ ਈ ਕੋਈ ਭਲਾਮਾਨਸ ਹੋਵੇ—ਪੰਜ ਚਾਰ ਹਜ਼ਾਰ ਤਾਂ ਆਪਣਾ ਹੱਕ ਈ ਸਮਝਦਾ—' ਸੂਝ ਭਰਿਆ ਲੈਕਚਰ ਉਹਨੇ ਝਾੜਿਆ।

ਕਰਤਾਰ ਚਕਰਾ ਗਿਆ। 'ਪੰਜ ਚਾਰ ਹਜ਼ਾਰ...' ਉਸ ਕੋਲ ਤਾਂ ਨੋਟਾਂ ਦੇ ਥਬੇ ਨਹੀਂ ਸਨ। ਅੱਖਾਂ ਅਗੇ ਪਸਰੇ ਹਨੇਰੇ ਵਿਚ ਉਹਨੂੰ ਇਹ ਤਿੰਨਾਂ ਮਹੀਨਿਆਂ ਪਿਛੋਂ ਮਿਲਿਆ ਚਾਨਸ ਵੀ ਹੱਥਾਂ ਤੋਂ ਨਿਕਲਦਾ ਵਿਖਾਈ ਦਿਤਾ। ਉਸ ਤੋਂ ਹੋਰ ਬੈਠਿਆ ਨਾ ਗਿਆ। ਇੰਨੇ ਨੋਟ ਉਸ ਕੋਲ ਕਿਥੋਂ ਆਏ— ਉਠ ਖੜਿਆ। ਮੂੰਹ ਤੇ ਸਫੈਦੀ ਛਾ ਗਈ ਸੀ—।

'ਬੈਠ ਤੇ ਕਾਕਾ...ਭਜ ਕਿਉਂ ਚਲਿਆਂ।...ਜੇ ਇਕ ਵਾਰ ਪੈਸੇ ਖ਼ਰਚ

ਕੇ ਕੰਮ ਮਿਲ ਜੇ ਪੈਸੇ ਦਾ ਕੀ ਏ–ਦਿਨਾਂ 'ਚ ਬਣ ਜਾਂਦਾ...ਇਸ ਬਾਰੇ ਨੀਂ ਬਹੁਤਾ ਸੋਚੀਦਾ...ਨਾਲੇ ਇਹੋ ਜੇ ਕੰਮਾਂ 'ਚ। ਹੁਣ ਤਾਂ ਮੈਂ ਵੀ ਵਿਚ ਆਂ ਥੋੜਿਆਂ ਨਾਲ ਸਾਰ ਦਿਆਂਗੇ...ਆਪਾਂ ਵਿਚੋਂ ਥੋੜਾ ਖਾਣਾ ਕੋਈ ਫੇਰ ਤੂੰ ਸਿਆਣਾ। ਮਿਨਸਟਰੀ ਦਾ ਕੀ ਪਤਾ ਲਗਦਾ...ਕਦ ਪਟਾਕਾ ਪੈ ਜਾਏ ਤੂੰ ਸੋਚ ਲਈਂ—ਪੰਜ ਚਾਰ ਹਜ਼ਾਰ ਦਾ ਇੰਤਜ਼ਾਮ ਕਰ ਲੈ–ਫੇਰ ਮੈਂ ਜਾਣਾ ਮੇਰਾ ਕੰਮ...।'

'ਚੰਗਾ ਜੀ ਸ਼ਾਮ ਤੱਕ ਸੋਚ ਕੇ ਦਸਾਂਗਾ...' ਸੁਕੇ ਗਲੇ 'ਚੋਂ ਮਸਾਂ ਉਸ ਇੰਨੇ ਕੁ ਸ਼ਬਦ ਕਹੇ।

'ਸੋਚਣਾ ਕੀ ਏ...ਤੁਰ ਈ ਆਈਂ–ਪੈਸੈ ਵਲ ਨਾ ਵੇਖੀਂ'...ਚਿਕ ਚੁਕ ਕੇ ਬਾਹਰ ਆਏ ਕਰਤਾਰ ਦੇ ਕੰਨਾਂ ਵਿਚ ਫੇਰ ਸਰਦਾਰ ਦੇ ਸ਼ਬਦ ਗੂੰਜੇ। ਉਹ ਦਬਾ ਦਬ ਹੇਠਾਂ ਉਤਰ ਆਇਆ। ਉਸ ਦਾ ਮੂੰਹ ਲਟਕ ਗਿਆ ਸੀ। ਤੌਰ ਸੁਸਤ ਹੋ ਗਏ ਸੀ ਤੇ ਅੱਖਾਂ ਅਗੇ ਹਨੇਰਾ ਨੱਚਣ ਲਗ ਗਿਆ ਸੀ–।

'ਕੁਝ ਮੇਰਾ ਵੀ ਖਿਆਲ ਰਖਿਉ ਜੀ' ਗੇਟ ਤੇ ਖੜੇ ਚਪੜਾਸੀ ਨੇ ਉਹਦਾ ਧਿਆਨ ਉਖੇੜਿਆ–ਬਿਨਾ ਬੋਲੇ ਉਹ ਤੁਰਦਾ ਬਣਿਆ।

'ਇਹ ਵਿਸਕੀਆਂ...ਇਹ ਸ਼ਰਾਬਾਂ...ਤੀਸਰੇ...ਤੀਸਰੇ ਵਿਆਹ ਤੇ ਆਲੀਸ਼ਾਨ ਕੋਠੀਆਂ ਕੋਈ ਐਵੇਂ ਤਾਂ ਨੀਂ ਬਣ ਜਾਂਦੀਆਂ–ਸਾਡੇ ਖ਼ੂਨ ਦਾ ਨਿਚੋੜ ਈ ਤੇ ਨੇ ਇਹ–ਪਾਗ਼ਲਾਂ ਵਾਂਗ ਮੈਂ ਵੀ ਕੀ ਸੋਚਿਆ ਸੀ...ਬੜਾ ਉਪਕਾਰੀ ਏ...ਆ ਗਈ ਕਰਤੂਤ ਸਾਹਮਣੇ...ਵੇਖ ਲਿਆ ਉਪਕਾਰ...ਦੋ ਦੋ ਸੌ ਦੀ ਵਿਸਕੀ ਹੋਰ ਪਿਉ ਦੀ ਪੈਨਸ਼ਨ ਚੋਂ ਆਉਂਦੀ ਏ ਕਿਸੇ ਤੋਂ ਹਜ਼ਾਰ, ਕਿਸੇ ਤੋਂ ਦੋ ਹਜ਼ਾਰ ..' ਉਹ ਖਿਆਲਾਂ ਨਾਲ ਘੁਲਦਾ ਆਪੇ ਨੂੰ ਘਰ ਵਲ ਘੜੀਸਦਾ ਲਿਜਾ ਰਿਹਾ ਸੀ।

ਆਪਣੇ ਘਰ ਪਹੁੰਚਣ ਲਈ ਉਹਨੂੰ ਸਥ ਵਿਚੋਂ ਲਾਜ਼ਮੀ ਲੰਘਣਾ ਪੈਂਦਾ ਸੀ ਤੇ ਸਥ 'ਚੋਂ ਲੰਘਣਾ ਉਹ ਭੂਤਾਂ ਦੇ ਸਿਵਿਆਂ ਤੋਂ ਘਟ ਨਹੀਂ ਸੀ ਸਮਝਦਾ...ਖੁੰਡਾਂ ਤੇ ਬੈਠੇ ਉਸ ਦੇ ਹਾਣੀ ਤੇ ਤਾਸ਼ ਖੇਡਦੇ ਬੁਢਿਆਂ ਦੇ ਨਿਹੋਰੇ ਉਹਨੂੰ ਕੰਬਾ ਦਿੰਦੇ–।

ਨਿਤ ਵਾਂਗ ਆਪਣੇ ਤੇ ਚਲਦੇ ਵਿਅੰਗ ਉਹਦੇ ਕੰਨਾਂ ਵਿਚ ਰੜਕੇ... ਕਿਸੇ ਬੁਢੇ ਦੇ ਹੌਲੇ ਜਿਹੇ ਕਹੇ ਸ਼ਬਦ ਵੀ ਅਛੋਪਲੇ ਜਿਹੇ ਉਸ ਦੇ ਕੰਨੀਂ ਆ



ਪਏ...'ਆਹ ਚਜ ਕਰਦੇ ਆ ਅੱਜ ਕਲ ਦੇ ਪਾੜ੍ਹੇ–ਕਿਨ੍ਹੀਂ ਹਾਲੀਂ ਪੜ੍ਹਾਇਆ ਸੀ ਬਈ ਪਿਉ ਦੇ ਸ਼ੇਰ ਨੇ ਆਹ ਮੁੰਡਾ–ਹੱਡ ਰੋਲ ਕੇ ਬਣਾਈ ਜ਼ਮੀਨ ਬਿਨਾਂ 'ਸੀ' ਵਟੇ ਰੋੜ੍ਹ 'ਤੀ...ਅਸ਼ਕੇ ਜਾਈਏ–ਇਨ੍ਹਾਂ ਸੋਹਣਿਆਂ ਨੂੰ ਸ਼ਰਮ ਨੀਂ ਆਉਂਦੀ ਪਤਲੂਨਾਂ 'ਚ ਹੱਥ ਪਾਈ ਫਿਰਦਿਆਂ ਨੂੰ...।'

ਇਸ ਤੋਂ ਪਹਿਲਾਂ ਕਿ ਉਹ ਅਗਾਂਹ ਲੰਘ ਜਾਂਦਾ ਇਕ ਹੋਰ ਨੇ ਕਿਹਾ– 'ਪਤਾ ਨੀਂ ਚੰਦਰੇ ਨੇ ਕੀ ਪੜ੍ਹਾਈ ਪੜ੍ਹੀ ਏ...ਸਰਪੰਚ ਦਾ ਮੁੰਡਾ ਸੀ ਆਉਂਦਾ ਈ ਅਟਕ ਗਿਆ।'

ਤੇ ਉਹ ਕੰਨਾਂ 'ਚ ਤੇਲ ਪਾਈ ਅਗਾਂਹ ਤੁਰ ਗਿਆ। ਉਨ੍ਹਾਂ ਠਾਲ ਪਿਛਾਂਹ ਮੁੜ ਕੇ ਅੱਖ ਮਿਲਾਉਣ ਦੀ ਉਸ ਵਿਚ ਹਿੰਮਤ ਨਹੀਂ ਸੀ। ਉਹਦੀ ਐਮ. ਏ. ਤਾਂ ਉਨ੍ਹਾਂ ਦੀ ਅਨਪੜ੍ਹਤਾ ਨਾਲੋਂ ਕਿਤੇ ਸਸਤੀ ਸੀ। ਵੀਹ ਸਾਲਾਂ ਤੋਂ ਉਹਦੇ ਹਾਣੀ ਕੁਝ ਨਾ ਕੁਝ ਕਮਾਉਂਦੇ ਆ ਰਹੇ ਸਨ ਤੇ ਉਹ ਪੈਸੇ ਪਾਣੀ ਵਾਂਗ ਵਗਾਈ ਗਿਆ ਸੀ।–ਆਪਣੇ ਆਪ ਨੂੰ ਉਹ ਵਿਅੰਗਾਂ ਦੇ ਯੋਗ ਸਮਝਦਾ ਸੀ–ਉਸ ਨੂੰ ਕੋਈ ਗਿਲਾ ਸ਼ਿਕਵਾ ਵੀ ਨਹੀਂ ਸੀ–ਹਾਂ ਸਰਪੰਚ ਦੇ ਮੁੰਡੇ ਵਾਲੀ ਗੱਲ ਹੁਣ ਉਹਦੇ ਜ਼ਰੂਰ ਚੁਭ ਗਈ ਸੀ–ਪੰਜ ਹਜ਼ਾਰ ਫੂਕ ਕੇ ਜੇ ਉਹ ਲਗ ਗਿਆ ਤਾਂ ਇਸ ਵਿਚ ਕੀ ਵਡਿਤਨ ਸੀ—

ਨਿਰਾਸ਼ ਜਿਹਾ ਹੋਇਆ ਕਰਤਾਰ ਸਿੱਧਾ ਅੰਦਰਲੀ ਸਬਾਤ 'ਚ ਜਾ ਡਿਗਿਆ। ਨਾ ਆਪਣੀ ਮਾਂ ਨਾਲ ਗੱਲ ਕੀਤੀ ਨਾ ਰੋਟੀ ਖਾਧੀ ਤੇ ਨਾ ਪਾਣੀ ਹੀ ਪੀਤਾ–ਸਰਦਾਰ ਦੇ ਸ਼ਬਦ ਬਰਾਬਰ ਉਹਦੇ ਦਿਮਾਗ਼ 'ਚ ਚਕਰ ਲਾਉਂਦੇ ਰਹੇ–ਕਿਸੇ ਹੱਦ ਤੱਕ ਉਹਦੀ ਗੱਲ ਠੀਕ ਵੀ ਸੀ–ਪੰਜ ਚਾਰ ਹਜ਼ਾਰ ਨਾਲ ਜੇ ਗੱਲ ਬਣ ਜਾਏ ਤਾਂ ਠੋਕਰਾਂ ਨਾਲੋਂ ਤਾਂ ਚੰਗਾ ਸੀ...ਉਂਜ ਵੀ ਤੇ ਉਹ ਡੇਢ ਸਾਲ ਤੋਂ ਵਿਹਲਾ ਫਿਰਦਾ ਈ ਸੀ...ਤੇ ਨਾਲੇ ਰਿਸ਼ਵਤ ਤਾਂ ਅੱਜ ਕੱਲ ਦਾ ਰਿਵਾਜ ਹੀ ਬਣ ਗਿਆ ਸੀ...।

ਪਰ ਪੰਜ ਹਜ਼ਾਰ ਦੀ ਸਮਸਿਆ ਵੀ ਕੋਈ ਛੋਟੀ ਨਹੀਂ ਸੀ–ਵਾਰ ਵਾਰ ਉਸ ਦੀ ਨਿਗਾਹ ਬਾਕੀ ਬਚੀ ਦੋ ਕਿੱਲੇ ਜ਼ਮੀਨ ਤੇ ਜਾ ਟਿਕਦੀ–ਕਦੇ ਇਹ ਵਿਚਾਰ ਆਉਂਦੇ ਹੀ ਉਹਨੂੰ ਕਾਂਬਾ ਛਿੜ ਜਾਂਦਾ...ਕਦੇ ਸਥਾਂ 'ਚ ਬੁਢਿਆਂ ਦੇ ਨਿਹੋਰੇ ਉੱਚੀ ਹੋ ਕੇ ਉਹਦੇ ਕੰਨਾਂ 'ਚ ਗੂੰਜਦੇ ਤੇ ਕਦੇ ਪਿਛਲੀ ਵਾਰ ਜ਼ਮੀਨ ਵੇਚਣ ਦਾ ਦ੍ਰਿਸ਼ ਉਹਦੀਆਂ ਅੱਖਾਂ ਅਗੇ ਤਾਜ਼ਾ ਹੋ ਜਾਂਦਾ...ਕਿਸੇ ਨੂੰ ਆਪਣੀ

ਚੀਜ਼ ਦਾ ਹੱਕ ਦੇ ਦੇਣ ਦਾ ਦੁਖ ਮਹਿਸੂਸ ਕਰੀ ਬੈਠਾ ਸੀ...ਪਿੰਡ ਵਿਚ ਉਹਦੀ ਸਾਂਝ ਮੁਕ ਜਾਣੀ ਸੀ–ਆਪਣੇ ਖੇਤ ਕਿਸੇ ਹੋਰ ਦੇ ਹੋ ਜਾਣੇ ਸਨ–ਉਨ੍ਹਾਂ ਵਿਚ ਹਿਕ ਚੜ੍ਹਾਂਦਾ ਜਾ ਨਹੀਂ ਸਕੇਗਾ ਤੇ ਆਪਣਾ ਛੁਟੀਆਂ ਦਾ ਸਮਾਂ ਵੀ ਛਾਂ-ਦਾਰ ਟਾਹਲੀਆਂ ਹੇਠ ਬਿਤਾ ਨਹੀਂ ਸਕੇਗਾ ਆਦਿ ਸੋਚ ਸੋਚ ਉਹ ਗਰਮੀਆਂ ਦੇ ਮਹੀਨੇ ਵੀ ਕੰਬੀ ਜਾ ਰਿਹਾ ਸੀ।

ਝਟ ਕੁ ਬਾਅਦ ਉਹਨੇ ਆਪਣੇ ਖਿਆਲ ਛੰਡੇ–ਆਪਣੀ ਪਿਛਾਂਹ–ਖਿਚੂ ਸੋਚਣੀ ਤੇ ਉਹਨੂੰ ਗਿਲਾਨੀ ਜਿਹੀ ਆਈ–ਲੋਕਾਂ ਦੇ ਨਿਹੋਰੇ ਆਪੇ ਤਾਰੀਫਾਂ 'ਚ ਬਦਲ ਜਾਣਗੇ–ਪੰਜ ਦੀ ਜਦੋਂ ਪੰਜਾਹ ਕਿਲੇ ਜ਼ਮੀਨ ਬਣ ਗਈ ਆਪੇ ਪਿਉ ਦੀ ਆਤਮਾ ਸ਼ਾਂਤੀ 'ਚ ਰਹੂ–ਨਵੇਂ ਖਿਆਲਾਂ ਨੇ ਉਹਦੇ ਪੁਰਾਣੇ ਵਿਚਾਰਾਂ ਨੂੰ ਦਬੋਚ ਲਿਆ–ਸਾਹੋ ਸਾਹ ਉਹ ਉਠ ਤੁਰਿਆ।

ਉਹਦੀ ਮਾਂ ਕਰਤਾਰ ਦੀ ਪਿੱਠ ਵਲ ਤਕੀ ਜਾ ਰਹੀ ਸੀ–ਪਤਾ ਨੀਂ ਅੱਜ ਉਹਦਾ ਦਿਲ ਬੇਤਹਾਸ਼ਾ ਕਿਉਂ ਭਟਕ ਰਿਹਾ ਸੀ–ਉਹਦਾ ਮਨ ਕੀਤਾ ਉਹ ਕਰਤਾਰ ਨੂੰ ਕਿਤੇ ਬਾਹਰ ਨਾ ਜਾਣ ਦੇਵੇ–ਪਰ ਤੁਰੇ ਜਾਂਦੇ ਨੂੰ ਪਿਛੋਂ ਹਾਕ ਮਾਰਨ ਦੀ ਹਿੰਮਤ ਨਾ ਪਈ–ਉਸੇ ਤਰ੍ਹਾਂ ਖੜੀ ਤਕਦੀ ਰਹੀ।

ਦੂਜੀ ਗਲੀ ਪੈ ਕੇ ਕਰਤਾਰ ਮੇਹਰੇ ਕੇ ਘਰੇ ਜਾ ਵੜਿਆ। ਸਾਰੀ ਗੱਲ ਕਰ ਕਰਾ ਕੇ ਰੁਪਏ ਜੇਬ ਵਿਚ ਪਾ ਲਏ ਤੇ ਸਰਦਾਰ ਦੀ ਕੋਠੀ ਵਲ ਹੋ ਗਿਆ।

'ਮੈਂ ਤੇਰੇ ਕੋਲ ਈ ਚਲਿਆ ਸੀ–' ਕੋਠੀਉਂ ਨਿਕਲਦੇ ਸਰਦਾਰ ਨੇ ਉਹਨੂੰ ਦੂਰੋਂ ਆਉਂਦੇ ਵੇਖ ਕੇ ਕਿਹਾ।

'ਮੈਂ ਤੇ ਫੇਰ ਆ ਈ ਗਿਆ ਜੀ–।'

'ਟੈਲੀਫੋਨ ਤੇ ਗੱਲ ਕੀਤੀ ਸੀ ਮੈਂ...ਚੀਫ ਤਾਂ ਆਪਣਾ ਲੰਗੋਟੀਆ ਯਾਰ ਈ ਨਿਕਲਿਆ!'

'ਮੈਂ ਉਹਦੀ ਪਰਮੇਸ਼ਨ ਕਰਾਈ ਸੀ–ਸਾਲਾ ਨੀਂ ਲਗਦਾ ਜਵਾਬ ਦੇ ਦੇ...' ਗੈਰਜ 'ਚ ਖੜੀ ਕਾਰ ਵਲ ਮੁੜਦੇ ਸਰਦਾਰ ਨੇ ਕਿਹਾ।

ਕਾਰ ਦੀ ਬਾਰੀ ਖੁਲ੍ਹੀ। ਉਹ ਵਿਚ ਬੈਠ ਗਏ। ਕਾਰ ਹਵਾ ਨਾਲ ਗੱਲਾਂ ਕਰਨ ਲਗੀ।

ਸਰਦਾਰ ਦੇ ਖਰਚ ਨੂੰ ਵੇਖ ਕੇ ਕਰਤਾਰ ਦਾ ਸਿਰ ਚਕਰਾਉਣ ਲਗ ਪਿਆ। ਆਉਂਦਾ ਹੀ ਆਲੀਸ਼ਾਨ ਹੋਟਲ 'ਚ ਜਾ ਧਸਿਆ...ਦੋ ਪਚਾਸੀ



ਪਚਾਸੀ ਦੀਆਂ ਬੋਤਲਾਂ ਖ੍ਰੀਦ ਲਈਆਂ–ਇੰਨੇ 'ਚ ਸਾਢੇ ਚਾਰ ਸੌ ਦਾ ਬਿਲ ਬਣ ਗਿਆ–ਬਾਰਾਂ ਕੁ ਵਜੇ ਜਦੋਂ ਕਾਰ ਗਰੀਨ ਹੋਟਲ 'ਚ ਜਾ ਕੇ ਰੁਕੀ ਉਹਦਾ ਸਾਹ ਹੀ ਸੁਕ ਗਿਆ...ਇਥੇ ਤਾਂ ਇਕ ਰਾਤ ਪੰਜ ਸੌ ਤੋਂ ਘਟ ਨੀਂ ਸੀ ਪੈਂਦੀ–ਮਗਰੇ ਜਾਣਾ ਪਿਆ। ਪਰ ਸਾਰੀ ਰਾਤ ਉਹਨੂੰ ਨੀਂਦ ਨਾ ਆਈ–ਸਰਦਾਰ ਕੀ ਸੀ ਨਿਰਾ ਜਿੰਨ ਭੂਤ ਸੀ ਕੋਈ–ਇੰਨਾ ਖਰਚ–ਉਨ੍ਹਾਂ ਦੇ ਟੱਬਰ ਦੇ ਸਾਰੇ ਸਾਲ ਜਿੰਨਾ–ਪਰ ਜਦੋਂ ਉਖਲੀ 'ਚ ਸਿਰ ਦੇ ਈ ਲਿਆ ਸੀ ਫੇਰ ਮੋਹਲਿਆਂ ਤੋਂ ਕਾਹਦਾ ਡਰ–ਸੋਚ ਕੇ ਉਹ ਸਭ ਕੁਝ ਵੇਖੀ ਗਿਆ।

ਅੱਠ ਵਜ ਗਏ ਸਨ ਤੇ ਦੱਸ ਵਜੇ ਇੰਟਰਵੀਊ ਸੀ ਪਰ ਹਾਲੇ ਤਕ ਗੱਲ ਉਥੇ ਦੀ। ਉਥੇ ਖੜੀ ਸੀ। ਉਹ ਹੈਰਾਨ ਸੀ ਜੇ ਚੀਫ ਨੂੰ ਇਡੇ ਦਿਨ ਚੜ੍ਹੇ ਈ ਮਿਲਣਾ ਸੀ ਤਾਂ ਰਾਤ ਨੂੰ ਇਥੇ ਆ ਕੇ, ਹਜ਼ਾਰ ਨੂੰ ਧੂਫ ਦੇਣ ਦੀ ਕੀ ਜ਼ਰੂਰਤ ਸੀ।

ਕਰਤਾਰ ਦੇ ਹਜ਼ਾਰ ਵਾਰ ਕਹਿਣ ਤੇ ਉਹ ਮਸਾਂ ਚੀਫ ਦੀ ਕੋਠੀ ਗਿਆ। ਜੇ ਅੰਦਰ ਚਲਾ ਗਿਆ ਤਾਂ ਵਾਪਸ ਮੁੜਨ ਦਾ ਨਾਂ ਈ ਨਾ ਲਿਆ। ਕਾਰ 'ਚ ਬੈਠਾ ਉਹ ਸੁਕ ਗਿਆ–ਦਿਲ ਅੱਡ ਧਕ ਧਕ ਕਰੀ ਜਾ ਰਿਹਾ ਸੀ–।

'ਕਿਉਂ ਜੀ–' ਨਸ਼ੇ 'ਚ ਗੁਟ ਹੋਏ ਆਉਂਦੇ ਸਰਦਾਰ ਤੋਂ ਉਹਨੇ ਝਟ ਕਾਰ 'ਚੋਂ ਨਿਕਲ ਕੇ ਪੁਛਿਆ।

'ਕੰਮ ਤੇਰਾ ਬਣ ਗਿਆ–ਸਭ ਨੋਟ ਕਰਾ ਆਇਆਂ–' ਸਰਦਾਰ ਨੇ ਇਸ ਠਰ੍ਹੰਮੇ ਨਾਲ ਕਿਹਾ ਜਿਵੇਂ ਖੁਦ ਚੀਫ ਹੋਵੇ।

ਖੁਸ਼ੀ ਦੀ ਲੋਰ 'ਚ ਆਏ ਕਰਤਾਰ ਦੇ ਹੱਥ ਆਪਣੇ ਆਪ ਸਰਦਾਰ ਦੇ ਪੈਰਾਂ ਵਲ ਵਧ ਗਏ।

'ਦਫਤਰ ਨੂੰ ਗੱਡੀ ਮੋੜੀਏ–ਸਮਾਂ ਹੋਣ ਵਾਲਾ–।'

'ਦਫਤਰ ਨੀ ਕਿਸੇ ਹੋਟਲ ਚਲਦੇ ਆਂ–ਸਮਾਂ ਹੋਣ ਵਾਲਾ ਨਹੀਂ ਹਾਲੇ–ਇੰਟਰਵੀਊ ਦੋ ਵਜੇ ਹੋਵੇਗੀ–' ਕਾਰ ਵਿਚ ਬੈਠਦੇ ਸਰਦਾਰ ਨੇ ਕਿਹਾ...ਤੇ ਕਾਰ ਹੋਟਲ ਵਲ ਦੌੜਨ ਲੱਗੀ।

ਕਰਤਾਰ ਦੀ ਖੁਸ਼ੀ ਦੀ ਹੱਦ ਨਾ ਰਹੀ ਜਦੋਂ ਉਨ੍ਹਾਂ ਦੇ ਦੁਪਹਿਰ ਦੇ ਖਾਣੇ ਦਾ ਬਿਲ ਸਰਦਾਰ ਸਾਹਿਬ ਦੇ ਕਿਸੇ ਵਾਕਫ ਨੇ ਚੁਕਾ ਦਿਤਾ ਸੀ। ਉਹ ਅੱਧਖੜ ਜਿਹੀ ਉਮਰ ਦਾ ਮੁੰਡਾ ਸਰਦਾਰ ਦਾ ਵਾਕਫ ਸੀ ਤੇ ਉਸੇ ਇੰਟਰਵੀਊ ਲਈ

ਆਇਆ ਸੀ ।

'ਸਾਢੇ ਬਾਰਾਂ ਹੋ ਗਏ–' ਘੜੀ ਵਲ ਇਸ਼ਾਰਾ ਕਰਕੇ ਕਰਤਾਰ ਨੇ ਕਿਹਾ ।

'ਇੰਜ ਕਰ–ਤੂੰ ਚਲ–ਅਸੀਂ ਦੋਨੋਂ ਆਏ–।'

ਕਰਤਾਰ ਵੀ ਇਹੋ ਚਾਹੁੰਦਾ ਸੀ । ਸਰਦਾਰ ਦੇ ਵਡੇ ਬਿਲਾਂ ਤੋਂ ਉਹ ਹੰਭ ਗਿਆ ਸੀ । ਉਠ ਕੇ ਦਫਤਰ ਵਲ ਪੈਦਲ ਹੀ ਤੁਰ ਪਿਆ । ਦਫਤਰ ਕੁਲ ਡੇਢ ਮੀਲ ਤੇ ਸੀ ਫੇਰ ਉਹ ਕਿਸੇ ਨੂੰ ਕਾਹਨੂੰ ਡੇਢ ਰੁਪਿਆ ਪੂਜੇ ।

ਦਫਤਰ ਗਿਆ–ਇੰਟਰਵੀਊ ਦਿਤੀ–ਤੇ ਖੁਸ਼ੀ ਖੁਸ਼ੀ ਬੱਸਾਂ ਦੇ ਅੱਡੇ ਵਲ ਤੁਰ ਪਿਆ । ਇਸ ਵਾਰ ਉਹਨੂੰ ਯਕੀਨ ਸੀ ਜ਼ਰੂਰ ਨੌਕਰੀ ਦਾ ਸੱਦਾ ਆਏਗਾ–ਅੱਡੇ ਤੱਕ ਦਾ ਦੋ ਮੀਲ ਦਾ ਸਫਰ ਵੀ ਉਹਨੇ ਖੁਸ਼ੀ ਖੁਸ਼ੀ ਮੁਕਾ ਲਿਆ । ਸਰਦਾਰ ਨੂੰ ਅਸੀਸਾਂ ਦੇ ਰਿਹਾ ਸੀ ਜਿਹਨੇ ਕੇਵਲ ਦੋ ਹਜ਼ਾਰ ਨਾਲ ਸਾਰ ਦਿਤਾ ਸੀ । ਅਗੋਂ ਪਲੇਟ ਫਾਰਮ ਤੇ ਚੜ੍ਹਦਿਆਂ ਹੀ ਉਹਨੂੰ ਉਹੀ ਮੁੰਡਾ ਫੇਰ ਮਿਲ ਪਿਆ । ਸੁਭਾਵਕ ਹੀ ਗੱਲ ਛੇੜਨ ਦੇ ਬਹਾਨੇ ਉਹਨੇ ਪੁਛਿਆ :

'ਕਿਉਂ ਬਈ ਕੀ ਬਣਿਆ ਫੇਰ–?'

'ਠੀਕ ਈ ਰਹੇਗਾ–।'

'ਵੇਖੋ ਕੀਹਦਾ ਸਿਤਾਰਾ ਚਮਕਦਾ–।' ਅਸਲੀਅਤ ਛੁਪਾਉਂਦੇ ਕਰਤਾਰ ਨੇ ਫੇਰ ਕਿਹਾ ।

'ਸਿਤਾਰਾ ਤਾਂ ਚਮਕ ਗਿਆ–ਪਿਆਰੇ–।'

'ਕੀਹਦਾ ਭਲਾ–' ਕਰਤਾਰ ਨੂੰ ਯਕੀਨ ਸੀ ਉਹ ਉਸ ਦਾ ਨਾਂ ਲਏਗਾ ।

'ਆਪਣਾ ਈ ਹੋਰ ਕੀਹਦਾ–' ਸਟਾਰਟ ਹੋਈ ਬੱਸ ਤੇ ਨਿਗਾਹ ਟਿਕਾਈ ਉਹਨੇ ਕਿਹਾ ।

'ਤੁਹਾਡਾ !' ਕਰਤਾਰ ਨੇ ਚੌਂਕ ਕੇ ਪੁਛਿਆ ।

'ਤੇ ਹੋਰ ਕਿਸ ਦਾ...ਪੂਰੇ ਦਸ ਹਜ਼ਾਰ ਵੀ ਖਰਚੇ ਨੇ–'

'ਪਰ ਰਿਜ਼ਲਟ ਤੇ ਕਲ ਆਊਟ ਹੋਣਾ ਸੀ–'

'ਕੌਣ ਆਖਦਾ–ਉਹ ਤਾਂ ਹੋ ਗਿਆ–ਮੈਂ ਖੁਦ ਵੇਖਿਆ–'

'ਸੱਚ ਤੇ ਬੋਲਦਾ ਏਂ–ਸਰਦਾਰ ਤਾਂ ਕੀ ਝੂਠਾ ਸੀ ਉਹ–'

'ਕਿਹੜਾ ਉਹ ਹੋਟਲ ਵਾਲਾ–ਬਈ ਵਾਹ,' ਉਹ ਕਹਿਕਾ ਮਾਰ ਕੇ ਹਸਿਆ 'ਤੇਰੇ ਵਿਚਾਰੇ ਨਾਲ ਵੀ ਖੇਡ ਗਿਆ ਦਾਅ ਕਿੰਨੇ ਕੁ ਖਰਚੇ



ਭਲਾ ਤੂੰ–'

'ਦੋ ਹਜ਼ਾਰ–' ਕਰਤਾਰ ਨੂੰ ਮਹਿਸੂਸ ਹੋਇਆ ਜਿਵੇਂ ਬੜੀ ਘੱਟ ਰਕਮ ਸੀ ।

'ਸਿਰਫ ! ਤਾਂਹੀ ਤੇ ਕੰਮ ਨੀਂ ਬਣਿਆ–ਦਸ ਹਜ਼ਾਰ ਤੇ ਸੈਹਰਾ ਮੈਥੋਂ ਲੈ ਗਿਆ–ਅੱਛਾ–ਕਦੇ ਫੇਰ' ਆਖਦਾ ਉਹ ਤੁਰੀ ਜਾਂਦੀ ਬੱਸ ਤੇ ਚੜ੍ਹ ਗਿਆ ।

ਕਰਤਾਰ ਪੱਥਰਾ ਜਿਹਾ ਗਿਆ–ਹੋਸ਼ ਉਡ ਗਏ–ਹਨੇਰਾ ਛਾ ਗਿਆ–ਬਸ ਸਟੈਂਡ ਹੇਠ ਉਪਰ ਘੁੰਮਣ ਲਗਾ–ਮਸਾਂ ਡਿਗਦਾ ਢਹਿੰਦਾ ਉਹ ਬੈਂਚ ਤਕ ਅੱਪੜਿਆ–ਉਸ ਨੂੰ ਲਗਿਆ ਜਿਵੇਂ ਉਹਦਾ ਪਿਉ ਖੇਤ 'ਚ ਖੜਾ ਕੂਕਾਂ ਮਾਰ ਰਿਹਾ ਹੋਵੇ–ਉਹਦਾ ਸਿਵਾ ਲਟ ਲਟ ਬਲ ਰਿਹਾ ਹੋਵੇ–

ਮਨ ਕੀਤਾ ਬਸ ਹੇਠਾਂ ਆ ਕੇ ਫਾਹਾ ਵੱਢ ਸੁਟੇ–ਪਰ ਇਕ-ਦਮ ਚੌਂਕਿਆ । 'ਇਸ ਤਰ੍ਹਾਂ ਤੇ ਮਸਲਾ ਹੱਲ ਨੀਂ ਹੋਣਾ ਪਹਿਲਾਂ ਸਰਦਾਰ ਦਾ ਗਲ ਫੜ ਕੇ ਤਾਂ ਪੁਛਾਂ ।'

ਉਹ ਉਠਿਆ ਤੇ ਸ਼ਹਿਰ ਵਲ ਤੇਜ਼ ਕਦਮ ਪੁਟਣ ਲਗਿਆ । ਉਹਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਉਹਦਾ ਹੀ ਨਹੀਂ ਉਹਦੇ ਵਰਗੇ ਲੱਖਾਂ ਲੋਕਾਂ ਦੇ ਇਕ ਵਡੇ ਮਸਲੇ ਦਾ ਹੱਲ ਉਹਨੇ ਲਭ ਲਿਆ ਹੋਵ ।

–ਜੁਲਾਈ 1971

## ਕਲਮੂੰਹੇਂ

ਜਦੋਂ ਤੋਂ ਮੰਗੂ ਬਾਣੀਏ ਦੇ ਕੰਨ 'ਚ ਖਬਰ ਪਈ ਸੀ ਉਸਦਾ ਧਰਤੀ ਤੇ ਪਬ ਨਹੀਂ ਸੀ ਪੈਂਦਾ। ਇਵੇਂ ਨਠਿਆ ਫਿਰਦਾ ਸੀ ਜਿਵੇਂ ਜੇਠੇ ਪਤਰ ਦਾ ਵਿਆਹ ਧਰਿਆ ਹੋਵੇ। ਆ ਕੇ ਖਬਰ ਸੁਨਾਉਣ ਵਾਲੇ ਫਤੂ ਨਾਈ ਨੂੰ ਮੰਗੂ ਨੇ ਬੁਕ ਭਰਕੇ ਪਤਾਸਿਆਂ ਦਾ ਦਿਤਾ ਤੇ ਨਾਲੇ ਘਰ ਲਿਜਾਣ ਨੂੰ ਝੋਲੀ ਸ਼ੱਕਰ ਨਾਲ ਭਰ ਦਿਤੀ।

ਦੇਵੀ ਦੇ ਮੰਦਰ ਨੂੰ ਜਾਂਦੀ ਗਲੀ ਦੀ ਇਕ ਨੁਕਰ ਤੇ ਇਕ ਵਡਾ ਬੋਹੜ ਸੀ ਤੇ ਬੋਹੜ ਦੇ ਪਿਛਾਂਹ ਦਸ ਕੁ ਫੁਟ ਤੇ ਇਕ ਖੂਹੀ ਸੀ ਜਿਸ ਦੇ ਨਾਲ ਕਰਕੇ ਮੰਗੂ ਬਾਣੀਏ ਦੀ ਨਿਕੀ ਜਿਹੀ ਪਰਚੂਨ ਦੀ ਹੱਟੀ ਸੀ। ਹੱਟੀ ਦੇ ਪਿਛਵਾੜੇ ਹੀ ਉਹਦੀ ਰਹਾਇਸ਼ ਸੀ। ਰਸੋਈ ਸਾਹਮਣੇ ਸਰਕੜੇ ਨਾਲ ਛਤਿਆ ਇਕ ਵਰਾਂਡਾ ਸੀ ਜਿਸ ਵਿਚ ਬਣੀ ਖੁਰਲੀ ਦਸਦੀ ਸੀ ਕਿ ਕਦੇ ਇਥੇ ਕਿਸੇ ਪਸ਼ੂ ਦੀਆਂ ਰੌਣਕਾਂ ਰਹੀਆਂ ਸਨ। ਪਰ ਅੱਜ ਇਹ ਵਿਰਾਨ ਪਈ ਸੀ ਜਿਵੇਂ ਮੁੜ ਕਦੇ ਕਿਸੇ ਨੇ ਹੱਥ ਨਾ ਲਾਇਆ ਹੋਵੇ–ਜਾਂ ਹੱਥ ਲਾਉਣ ਦੀ ਹਿੰਮਤ ਨਾ ਪਈ ਹੋਵੇ–ਤੇ ਜਾਂ ਫਿਰ ਕਿਸੇ ਦੀ ਰੂਹ ਨਾ ਕੀਤੀ ਹੋਵੇ। ਮੰਗੂ ਦੀ ਤੀਵੀਂ ਦੀਆਂ ਤਾਂ ਕੂਕਾਂ ਈ ਨਿਕਲ ਜਾਂਦੀਆਂ ਸਨ ਜਦੋਂ ਉਹ ਖਾਲੀ ਖੁਰਲੀ ਵਿਚ ਪਏ ਕੱਖ ਕੰਡਿਆਂ ਨੂੰ ਵੇਖਦੀ। ਉਸ ਦੀ ਖੁਰਲੀ ਦਾ ਸ਼ਿੰਗਾਰ–ਧੀਆਂ ਪੁਤਾਂ ਵਾਂਗ ਪਾਲੀ ਮੱਝ–ਚਲੀ ਗਈ ਸੀ–ਭੰਗ ਦੇ ਭਾੜੇ।

ਬੋਹੜ ਦੀਆਂ ਇਕ ਦੋ ਟਾਹਣੀਆਂ ਵਧ ਕੇ ਮੰਗੂ ਦੀ ਹੱਟ ਤਕ



ਅਪੜੀਆਂ ਹੋਈਆਂ ਸਨ ਤੇ ਇਨ੍ਹਾਂ ਟਾਹਣੀਆਂ ਦੀ ਛਾਵੇਂ ਮੰਗੂ ਨੇ ਇਕ ਲਿਪ ਪੋਚ ਕੇ ਚਬੂਤਰਾ ਬਣਾਇਆ ਹੋਇਆ ਸੀ। ਆਥਣ ਨੂੰ ਉਹ ਆਪਣਾ ਹੁੱਕਾ ਤਾਜ਼ਾ ਕਰਦਾ ਤੇ ਚਬੂਤਰੇ ਤੇ ਦਰੀ ਵਿਛਾ ਕੇ ਆਪਣੇ ਗਾਹਕਾਂ ਦੀ ਉਡੀਕ ਵਿਚ ਡੇਰਾ ਲਾ ਦਿੰਦਾ। ਚਬੂਤਰੇ ਦੇ ਖੱਬੇ ਪਾਸੇ ਦੁਕਾਨ ਦਾ ਦਰਵਾਜ਼ਾ ਸੀ ਜਿਸ ਤੇ ਥੰਦੇ ਹੱਥਾਂ ਨਾਲ ਥਾਂ ਥਾਂ ਛਿੰਬ ਪਏ ਹੋਏ ਸਨ। ਦਰਵਾਜ਼ੇ ਦੇ ਨਾਲ ਈ ਅੰਦਰ ਕਰਕੇ ਗੱਦੀ ਵਿੱਛੀ ਹੋਈ ਸੀ ਜਿਥੇ ਇਕ ਅੱਧਾ ਦਾਣਿਆਂ ਦਾ ਛੋਟਾ ਜਿਹਾ ਢੇਰ ਵੱਟੇ ਤੇ ਤਕੜੀਆਂ ਦਾ ਬਜ਼ਾਰ ਜਿਹਾ ਲੱਗਾ ਰਹਿੰਦਾ। ਇਧਰ ਉਧਰ ਘਸੀਆਂ, ਜਰ ਲਗੀਆਂ ਨਿਕੀਆਂ ਨਿਕੀਆਂ ਡੱਬੀਆਂ, ਪੀਪੀਆਂ ਤੇ ਪੀਪੇ ਸਨ ਜਿਨ੍ਹਾਂ ਤੇ ਮੰਗੂ ਨੇ ਕੱਚੀ ਭਾਸ਼ਾ 'ਚ ਕੁਝ ਲਿਖ ਛੱਡਿਆ ਸੀ। ਦੁਕਾਨ ਦੀਆਂ ਕੱਚੀਆਂ ਕੰਧਾਂ 'ਚ ਲਕੜ ਦੀਆਂ ਕਿਲੀਆਂ ਗੱਡ ਕੇ ਉਪਰ ਫੱਟੇ ਰਖੇ ਸਨ ਜਿਨ੍ਹਾਂ ਤੇ ਲੇਬਲ ਲਗੇ ਪੀਪਿਆਂ ਦੀ ਭਰਮਾਰ ਸੀ ਤੇ ਜਾਂ ਇਕ ਨੁਕਰੇ ਇਕ ਅੱਧ ਦਾਣਿਆਂ ਦੀ ਬੋਰੀ।

ਸ਼ਾਮ ਦੇ ਵਕਤ ਹਾਲੇ ਮੰਗੂ ਆਪਣੀ ਦੁਕਾਨ ਤੇ ਸੱਜਿਆ ਹੀ ਸੀ ਜਦੋਂ ਫੱਤੂ ਨਾਈ ਨੇ ਉਹਨੂੰ ਖਬਰ ਲਿਆ ਸੁਣਾਈ।

ਉਹਨੂੰ ਤੋਰ ਕੇ ਮੰਗੂ ਉਠਿਆ ਤੇ ਸਭ ਤੋਂ ਪਹਿਲਾਂ ਦਰਵਾਜ਼ੇ ਸਾਹਮਣੇ ਲਗੀ ਦੇਵੀ ਦੀ ਤਸਵੀਰ ਹੇਠਾਂ ਜਾ ਅੱਖਾਂ ਮੀਚੀਆਂ, 'ਹੇ ਮਾਤਾ...ਤੇਰੀ ਸ਼ਕਤੀ ਮਹਾਨ ਹੈ...ਤੂੰ ਮੇਰੀ ਅਰਦਾਸ ਸੁਣ ਲਈ...ਅਗਲੀ ਵਾਰ ਔਖਾ ਰਹਾਂ ਸੌਖਾ ਰਹਾਂ ਅਠਿਉਂ ਨੂੰ ਕੜਾਹੀ ਜ਼ਰੂਰ ਕਰੂੰ......।' ਤੇ ਖੁਸ਼ੀ ਖੁਸ਼ੀ ਮੰਗੂ ਨੇ ਦੇਵੀ ਦੀ ਤਸਵੀਰ ਅਗੇ ਮੱਥਾ ਰਗੜਿਆ।

ਗੱਦੀ ਸਾਹਮਣੇ ਪਏ ਤਿੰਨ ਚਾਰ ਪੀਪਿਆਂ 'ਚੋਂ ਉਹਨੇ ਇਕ ਚੁਕਿਆ, ਤੇ ਉਸ ਵਿਚਲੇ ਬਚਦੇ ਦੋ ਤਿੰਨ ਸੇਰ ਪਤਾਸੇ ਜਿਹੜੇ ਸੀ ਸਾਰੇ ਦੇ ਸਾਰੇ ਝੋਲੀ 'ਚ ਉਲਟ ਲਏ। ਫੇਰ ਜੰਦਰਾ ਮਾਰ ਕੇ ਸਥ ਵਲ ਤੁਰ ਪਿਆ। ਮੰਗੂ ਨੂੰ ਖਬਰ ਦੀ ਇੰਨੀ ਖੁਸ਼ੀ ਸੀ ਕਿ ਦਸ ਬਾਰਾਂ ਰੁਪਏ ਦੇ ਪਤਾਸੇ–ਜਿਹੜੇ ਦਸ ਬਾਰਾਂ ਉਸ ਲਈ ਇਕ ਵਡੀ ਰਕਮ ਸੀ–ਵੰਡਣ ਲਈ ਉਹਨੂੰ ਥੋੜੇ ਥੋੜੇ ਲਗੇ ਸਨ।

ਮੰਗੂ ਦੀ ਆਰਥਕ ਹਾਲਤ ਕੋਈ ਬਹੁਤੀ ਚੰਗੀ ਨਹੀਂ ਸੀ। ਇਕ ਨਿੱਕੀ ਜਿਹੀ ਹੱਟੜੀ ਸੀ ਤੇ ਉਹਦੇ ਵਿਚ ਵੀ ਮਸਾਂ ਹੀ ਦੋ ਕੁ ਸੌ ਰੁਪਏ ਦਾ ਸੌਦਾ।

ਨਾ ਹੋਰ ਕੋਈ ਜ਼ਮੀਨ ਚਪਾ ਤੇ ਨਾ ਵਨਜ ਵਪਾਰ। ਇਸੇ ਨਿਕੀ ਜਿਹੀ ਹੱਟੀ 'ਚੋਂ ਤਿੰਨਾਂ ਜੀਆਂ ਦੇ ਢਿਡ ਪਲਦੇ ਸਨ। ਤੇ ਨਾਲੇ ਜਿਦਨ ਦੀਆਂ ਪਿੰਡ 'ਚ ਦੋ ਥੋਕ ਦੀਆਂ ਦੁਕਾਨਾਂ ਖੁਲ੍ਹ ਗਈਆਂ ਸਨ ਉਹਦੀ ਰੋਜ਼ੀ ਬਿਲਕੁਲ ਈ ਮਾਰੀ ਗਈ ਸੀ। ਫੇਰ ਵੀ ਮਸਾਂ ਧੂਹ ਘੜੀਸ ਕਰਕੇ ਉਹ ਦਿਨ ਟਪਾਈ ਕਰੀ ਜਾਂਦਾ ਸੀ। ਕਿਹੜਾ ਕੋਈ ਸ਼ਾਹੀ ਖਰਚ ਸੀ। ਤਿੰਨਾਂ ਜੀਆਂ ਨੇ ਸਾਦਾ ਖਾਣਾ-ਸਾਦਾ ਪਹਿਨਣਾ ਤੇ ਸਾਦਾ ਜੀਣਾ। ਨਾ ਕਿਸੇ 'ਚ ਅਟਕ ਮਟਕ ਨਾ ਫ਼ੈਸ਼ਨ-ਪ੍ਰਸਤੀ।

'ਲਉ ਬਈ ਭੋਗ ਜਵਾਕੋ...।' ਚੂਹੜਿਆਂ ਵਿਹੜੇ ਖੜ ਕੇ ਮੰਗੂ ਨੇ ਵੱਡਾ ਹੋਕਾ ਦਿਤਾ ਤੇ ਖੁਲ੍ਹੇ ਦਿਲ ਨਾਲ ਇਕੱਠੇ ਹੋਏ ਬਾਲ ਬੱਚਿਆਂ 'ਚ ਪਤਾਸੇ ਵਰਤਾਉਣ ਲੱਗਿਆ। ਖੁਸ਼ੀ 'ਚ ਆਏ ਮੰਗੂ ਦੇ ਅੰਗਾਂ 'ਚ ਅਜੀਬ ਖੁਸ਼ੀ ਨੱਚ ਰਹੀ ਸੀ। ਇੰਨੀ ਖੁਸ਼ੀ ਤਾਂ ਉਹਨੂੰ ਉਦੋਂ ਵੀ ਨਹੀਂ ਸੀ ਹੋਈ ਜਦੋਂ ਪੂਰੇ ਪੰਦਰਾਂ ਸਾਲਾਂ ਬਾਅਦ ਉਹਦੇ ਘਰ ਪੁੱਤਰ ਜੰਮਿਆ ਸੀ। ਖੁਸ਼ੀ ਵੀ ਸੱਚ ਦੀ ਸੀ ਜੇ ਅੱਜ ਖੁਸ਼ ਨਾ ਹੁੰਦਾ ਤਾਂ ਕਦੋਂ ਖੁਸ਼ੀ ਮਨਾਉਂਦਾ ਮਰਨ ਦਿਹਾੜੇ ਉਹਦੀ ਆਖਰੀ ਸਿਕ ਪੂਰੀ ਹੋ ਗਈ ਸੀ। ਤੇ ਬਸ ਇਸ ਤੋਂ ਵਧ ਉਸਨੂੰ ਕੁਝ ਨਹੀਂ ਸੀ ਚਾਹੀਦਾ।

'ਜੀ ਅੱਜ ਐਤਵਾਰ ਨੂੰ ਕਾਹਦਾ ਭੋਗ ਵੰਡਦੇ ਨੇ ਲਾਲਾ ਜੀ...।' ਘੁੰਡ ਕਢੀ ਖੜੀ ਇਕ ਬੁਢੀ ਨੇ ਪਤਾਸਿਆਂ ਲਈ ਮੰਗੂ ਅਗੇ ਹੱਥ ਅੱਡ ਕੇ ਪੁਛਿਆ।

'ਅੱਜ ਮੇਰੇ ਮਨ ਦੀ ਮੁਰਾਦ ਪੂਰੀ ਹੋਈ ਏ ਬੀਬੀ.. ਦੇਵੀ ਮਾਤਾ ਨੇ ਮੇਰਾ ਅੰਦਰ ਠਾਰ ਦਿਤਾ...। ਲਉ, ਮੂੰਹ ਮਿਠਾ ਕਰੋ-।' ਤੇ ਮੰਗੂ ਨੇ ਅਗੇ ਹੋ ਕੇ ਉਹਦੀ ਝੋਲੀ ਵਿਚ ਵਡਾ ਸਾਰਾ ਬੁਕ ਸੁਟ ਦਿਤਾ। ਨਾ ਬੁਢੀ ਦਾ ਮੁੜ ਕੇ ਗੱਲ ਦੁਹਰਾਉਣ ਦਾ ਹੌਂਸਲਾ ਪਿਆ ਤੇ ਨਾ ਹੀ ਮੰਗੂ ਨੇ ਅਗੇ ਗੱਲ ਤੋਰੀ।

ਤੇ ਫੇਰ ਮੰਗੂ ਪਿਛੇ ਜਵਾਕਾਂ ਦੀ ਪਾਲ ਬੱਝ ਗਈ। ਮੰਗੂ ਇਵੇਂ ਉਨ੍ਹਾਂ ਮੂਹਰੇ ਲੱਗ ਗਿਆ। ਜਿਵੇਂ ਮੁਰਗੀ ਨਵੇਂ ਕਢੇ ਚੂਚਿਆਂ ਨੂੰ ਮਗਰ ਲਾਈ ਫਿਰਦੀ ਹੋਵੇ। ਅੱਜ ਉਸ ਨੂੰ ਕਿਸੇ ਚੂਹੜੇ ਦੇ ਜਵਾਕ 'ਚੋਂ ਵੀ ਸੂਗ ਨਹੀਂ ਸੀ ਆ ਰਹੀ...ਪਤਾ ਨੀ ਕਿਉਂ। ਕੋਈ ਜਵਾਕ ਇਕ ਵਾਰ ਮੰਗੇ ਜਾਂ ਦੋ ਵਾਰ ਉਹਨੇ ਕਿਸੇ ਦਾ ਅਡਿਆ ਹੱਥ ਨਾ ਮੋੜਿਆ।

ਅੱਜ ਪਹਿਲੀ ਵਾਰ ਸੀ ਜਦੋਂ ਪੂਰੇ ਦੋ ਸਾਲਾਂ ਪਿਛੋਂ ਮੰਗੂ ਸਥ ਵਲ ਨੂੰ ਹੌਂਸਲੇ ਨਾਲ ਜਾ ਰਿਹਾ ਸੀ। ਨਹੀਂ ਤਾਂ ਅੱਜ ਤਕ ਉਸ ਲਈ ਸਥ 'ਚੋਂ



ਲੰਘਣਾ, ਸਿਵਿਆਂ 'ਚੋਂ ਲੰਘਣ ਨਾਲੋਂ ਘਟ ਨਹੀਂ ਸੀ ਲਗਦਾ। ਜਿਥੇ ਕਿਸੇ ਬੰਦੇ ਦੀ ਬੇ-ਇਜ਼ਤੀ ਹੋਈ ਹੋਵੇ, ਪਿੰਡ ਦੇ ਸਰਦੇ ਪੁੱਜਦੇ ਬੰਦਿਆਂ ਸਾਹਮਣੇ ਸਥ 'ਚ ਥਾਨੇ ਵਲੋਂ ਮਾਰ ਪਈ ਹੋਵੇ ਤੇ ਫੇਰ ਉਹ ਹਿੱਕ ਕਢ ਕੇ ਉਥੇ ਕਿਵੇਂ ਬੈਠ ਸਕਦਾ ਸੀ। ਮੰਗੂ ਦੀ ਵੀ ਬੇਇਜ਼ਤੀ ਹੋਈ ਸੀ ਤੇ ਧੌਲੇ ਜਦੋਂ ਸਿਰ ਤੇ ਪਕ ਗਏ ਸਨ ਉਸ ਸਮੇਂ ਉਹਨੂੰ ਥਾਨੇ ਦੀ ਮਾਰ ਪਈ ਸੀ। ਸਾਰੇ ਪਿੰਡ ਵਿਚ ਦੰਦ ਹਿਲਿਆ ਸੀ ਤੇ ਲੋਕੀ ਥਾਨੇ ਵਾਲਿਆਂ ਨੂੰ ਹੀ ਗਾਲ੍ਹਾਂ ਤੇ ਗਾਲ੍ਹਾਂ ਕਢੀ ਜਾ ਰਹੇ ਸਨ ਪਰ ਮੰਗੂ ਦਾ ਮੁੜ ਬਾਹਰ ਪੈਰ ਧਰਨ ਨੂੰ ਦਿਲ ਨਹੀਂ ਸੀ ਕੀਤਾ। ਤਿੰਨ ਮਹੀਨੇ ਤਾਂ ਉਹਨੇ ਹੱਟੀ ਵੀ ਨਹੀਂ ਸੀ ਖੋਲ੍ਹੀ-।

ਅੱਜ ਦੀ ਖਬਰ ਨਾਲ ਵੀ ਉਸ ਦੇ ਪਿੰਡ ਵਿਚ ਚਰਚੇ ਹੋਣ ਲੱਗ ਪਏ ਸਨ ਤੇ ਅੱਜ ਤੋਂ ਦੋ ਸਾਲ ਪਹਿਲਾਂ ਵੀ ਉਸ ਦੇ ਚਰਚੇ ਛਿੜੇ ਸਨ। ਉਦੋਂ ਸਥ 'ਚ ਬੈਠੇ ਲੋਕੀਂ ਆਖਦੇ :

'ਮੰਗੂ ਵਿਚਾਰਾ ਆਲੂ ਵਾਂਗ ਛਿੱਲ ਦਿਤਾ-ਸੌਹਰੇ ਪੁਲਸ ਵਾਲਿਆਂ ਅੱਤ ਚੁਕੀ ਹੋਈ ਆ-ਮਸਾਂ ਤਾਂ ਇਹ ਦਿਨ ਕਟਦਾ! ਕਿਥੋਂ ਇਹੋ ਜੇ ਕੰਮ ਕਰੂ... ਤੇ ਨਾਲੇ ਇਹੋ ਜੇ ਚਿੜੀ ਵਰਗੇ ਦਿਲ ਵਾਲਾ ਬਾਣੀਆਂ ਤਾਂ ਇਹ ਕੰਮ ਬਾਰੇ ਸੋਚ ਵੀ ਨੀਂ ਸਕਦਾ।-ਫੇਰ ਜੇ ਸ਼ੱਕ ਪੈ ਵੀ ਗਿਆ ਬਈ ਤੂੰ ਖੜ...ਇਕ ਦੋ ਬੰਦਿਆਂ ਤੋਂ ਤਸੱਲੀ ਕਰ, ਇਕ ਦੋ ਨੂੰ ਨਾਲ ਲੈ...ਫੇਰ ਹੱਥ ਪਾ। ਇਹ ਥੋੜਾ ਬਈ ਆਉ, ਗਲੋਂ ਫੜੋ ਤੇ ਧਾ ਧਾ ਕੁਟ ਸੁਟੋ।'

ਸਥ ਕੋਲ ਜਾ ਕੇ ਮੁਕਦੀ ਗਲੀ ਦੀ ਪਰਲੀ ਨੁਕਰ ਤੇ ਪਹੁੰਚ ਕੇ ਵੀ ਮੰਗੂ ਨੇ ਭੋਗ ਲਈ ਜਵਾਕਾਂ ਨੂੰ ਸਦਾ ਦਿਤਾ। ਉਥੇ ਤਾਂ ਉਹ ਆਪਣੀ ਖ਼ਬਰ ਜ਼ਰੂਰ ਸੁਣਾਉਣੀ ਚਾਹੁੰਦਾ ਸੀ। ਇਥੋਂ ਹੀ ਮੰਗੂ ਨੂੰ ਧੂਹ ਕੇ ਥਾਨੇਦਾਰ ਨੇ ਸਥ ਵਲ ਘੜੀਸਿਆ ਸੀ। ਗੱਲ ਨੀਂ ਸੀ ਕੀਤੀ ਕੋਈ ਬਾਤ ਨੀਂ ਕੀਤੀ ਤੇ ਮੰਗੂ ਦੇ ਗਲ 'ਚ ਹੱਥ ਪਾ ਕੇ ਪੁਛਦਾ :

'ਮੰਗੂ ਤੇਰਾ ਈ ਨਾਂ ਐ ਓਏ...?'

'ਜੀ ਸਰਕਾਰ...।' ਮੰਗੂ ਨੇ ਹੱਥ ਜੋੜ ਕੇ ਆਖਿਆ ਸੀ।

'ਤੇ ਤਾਂ ਤੂੰ ਅਫੀਮ ਵੇਚਨਾ ਹੁੰਨਾਂ...।'

'ਜੀ ਨਹੀਂ ਸਰਕਾਰ-' ਮੰਗੂ ਕੰਬਣ ਲਗ ਪਿਆ ਸੀ। ਥਾਨੇਦਾਰ ਨੇ ਇਹ ਕੀ ਆਖ ਦਿਤਾ ਸੀ।

'ਇੰਜ ਇਹਨੇ ਥੋੜਾ ਮੰਨਣਾ, ਲਾ ਓਏ ਬੰਤਿਆ ਮੂਰੇ–' ਥਾਨੇਦਾਰ ਆਪਣੇ ਹੱਥ ਤੇ ਡੰਡਾ ਮਾਰ ਕੇ ਕੜਕਿਆ ਸੀ।

'ਤੁਸੀਂ ਜਿਥੋਂ ਮਰਜ਼ੀ ਪੁਛ ਲੌ ਸਰਕਾਰ–ਮੈਂ ਗਰੀਬ ਆਂ–ਮਸਾਂ ਦਿਨ ਕਟਦਾਂ–ਮਾਪਿਓ ਮੈਂ ਮਰ ਜਾਣਾ–ਮੇਰੇ ਚਿੱਟੇ ਵਾਲਾਂ ਵਲ ਵੇਖੋ–'

'ਜੇ ਕਿਤੋਂ ਸੁਣਿਆ ਤਾਂ ਹੀ ਤੇਰੇ ਕੋਲ ਆਏ ਆਂ–ਹੋਰ ਸਾਡਾ ਸਿਰ ਭਵਿਆਂ ਕੋਈ...ਕਿਵੇਂ ਚਬਰ ਚਬਰ ਬੋਲਦਾਂ—'

ਤੇ ਫੇਰ ਸਿੱਧਾ ਸਥ 'ਚ ਲਿਆ ਬਿਠਾਇਆ। ਤਾੜ ਤਾੜ ਜੜੀਆਂ ਗਈਆਂ। ਬਥੇਰੇ ਪਿੰਡ ਦੇ ਸਿਆਣਿਆਂ ਨੇ ਵਿਚ ਪੈ ਕੇ ਆਖਿਆ ਬਈ ਮੰਗੂ ਵਿਚਾਰਾ ਮਾੜਾ ਨੀਂ ਪਰ ਸੌਂਹਰੇ ਨੇ ਕਿਹੜੀ ਗੱਲ ਸੁਣਨੀ ਸੀ। ਇਕ ਦੋ ਨੌਜਵਾਨਾਂ ਨੂੰ ਗੁੱਸਾ ਵੀ ਆਇਆ ਪਰ ਕੁਝ ਕਰ ਨਾ ਸਕੇ।

ਮੰਗੂ ਬੈਠਾ ਕੰਬੀ ਗਿਆ ਤੇ ਥਾਨੇਦਾਰ ਲਾਲ ਪੀਲੀਆਂ ਅੱਖਾਂ ਕਢੀ ਗਿਆ। ਇਕ ਦੋ ਵਾਰ ਮੰਗੂ ਨੂੰ ਉਰਾਂ ਪਰ੍ਹਾਂ ਲਿਜਾ ਕੇ ਕੁਝ ਸਮਝਾਇਆ ਤੇ ਨਾਲ ਮਾੜੀ ਮੋਟੀ ਹੱਥਾ-ਪਾਈ ਵੀ ਕਰਦੇ ਰਹੇ।

ਤੇ ਉਸੇ ਰਾਤ ਮੰਗੂ ਨੇ ਆਪਣੇ ਬੱਚਿਆਂ ਵਾਂਗ ਪਾਲੀ ਮੱਝ ਥਾਨੇਦਾਰ ਦੇ ਕਿਲੇ ਤੇ ਜਾ ਬੰਨ੍ਹੀ। ਕਿੰਨੇ ਦਿਨ ਮੰਗੂ ਨੂੰ ਨੀਂਦ ਨੀਂ ਸੀ ਆਈ। ਸਾਰੀ ਸਾਰੀ ਰਾਤ ਉਹ ਭਜ ਭਜ ਖੁਰਲੀਆਂ ਵਲ ਜਾਂਦਾ ਸੀ।

ਪਿਛੋਂ ਬਾਗੀ ਨੇ ਬਥੇਰਾ ਜ਼ੋਰ ਲਾਇਆ ਤੂੰ ਇਕੋ ਅਰਜ਼ੀ ਦੇ ਦੇ ਪਿਛੋਂ ਅਸੀਂ ਆਪੇ ਸਮਝਾਂਗੇ ਪਰ ਮੰਗੂ ਨਹੀਂ ਸੀ ਮੰਨਿਆ। ਉਹਦਾ ਇਕੋ ਜਵਾਬ ਸੀ:

'ਸਬਰ ਆ ਪੁੱਤਰਾ...ਆਖਦੇ ਆ ਰੱਬ ਘਰ ਦੇਰ ਆ ਹਨੇਰ ਨੀਂ—ਆਪੇ ਧੱਕੇ ਖਾਂਦਾ ਫਿਰੂ...ਵੇਖੀਂ ਮੰਗਦੇ ਨੂੰ ਭੀਖ ਨੀਂ ਮਿਲਣੀ...ਵੇਖੀਂ ਜਿਹੜਾ ਮੇਰੇ ਗਰੀਬ ਦੇ ਮੂੰਹੋਂ ਇਹਨੇ ਦੁੱਧ ਕਢਿਆ ਜੇ ਇਹ ਜ਼ਹਿਰ ਨਾ ਬਣ ਗਿਆ ਤਾਂ ਉਹ ਕੀ ਸਮਝੂ...ਸੂਰ ਦੇ, ਸਾਡੇ ਗਰੀਬਾਂ ਦਾ ਕਿਵੇਂ ਪਚੂ ਸਰਦਾਰਾ...'

ਤੇ ਮੁੜ ਕਦੇ ਮੰਗੂ ਦਾ ਸਥ 'ਚ ਬੈਠਣ ਨੂੰ ਦਿਲ ਨੀਂ ਸੀ ਕੀਤਾ। ਸਥ 'ਚ ਆਮ ਉਹਦੇ ਤੇ ਗੱਲ ਛੇੜੀ ਜਾਂਦੀ ਤੇ ਆਪਣੀ ਗੱਲ ਉਹਨੂੰ ਚੰਗੀ ਨਹੀਂ ਸੀ ਲਗਦੀ। ਕਦੇ ਕਦੇ ਜੇ ਹੱਟ ਤੇ ਭੀ ਗੱਲ ਛਿੜ ਜਾਂਦੀ ਤਾਂ ਉਹਦਾ ਦਿਲ ਕੱਚਾ ਕੱਚਾ ਹੋ ਜਾਂਦਾ। ਉਹ ਗੱਲ ਦਾ ਰੁਖ ਝਟ ਹੋਰ ਪਾਸੇ ਮੋੜ ਦਿੰਦਾ। ਤੇ ਜੇ ਗੱਲ



ਕੋਈ ਨਾ ਈ ਛਡਦਾ ਤਾਂ ਆਪ ਈ ਉਠ ਕੇ ਅੰਦਰ ਨੂੰ ਤੁਰ ਜਾਂਦਾ।

ਜਵਾਕਾਂ 'ਚ ਪਤਾਸੇ ਵਰਤਾ ਕੇ ਮੰਗੂ ਨੇ ਗਲੀ 'ਚ ਘਰੋ ਘਰੀ ਪਤਾਸੇ ਵੰਡਣੇ ਸ਼ੁਰੂ ਕਰ ਦਿਤੇ ਅੱਜ ਉਹਨੂੰ ਉਹ ਖਬਰ ਮਿਲੀ ਸੀ ਜਿਸ ਦੀ ਉਹਨੂੰ ਦੋ ਸਾਲਾਂ ਤੋਂ ਉਡੀਕ ਸੀ। ਉਂਜ ਤੇ ਉਹਨੂੰ ਪ੍ਰਮਾਤਮਾ 'ਚ ਭਰੋਸਾ ਸੀ ਤੇ ਇਸ ਖਬਰ ਦੇ ਕਦੇ ਨਾ ਕਦੇ ਆਉਣ ਦਾ ਪੂਰਾ ਯਕੀਨ ਸੀ–ਪਰ ਚਾਹੁੰਦਾ ਸੀ ਖਬਰ ਜਿਊਂਦੇ ਜਿਊਂਦੇ ਆ ਜਾਵੇ–ਮਰੇ ਪਿਛੋਂ ਖਬਰ ਮਿਲੀ ਜਿਹੀ ਨਾ ਮਿਲੀ। ਤੇ ਇਹ ਸਿੱਕ ਉਹਦੀ ਪੂਰੀ ਹੋ ਗਈ ਸੀ।

ਸਥ ਵਲ ਜਾਂਦੀ ਗਲੀ ਵਿਚ ਹੀ ਬਾਗੀ ਦਾ ਘਰ ਪੈਂਦਾ ਸੀ। ਮੰਗੂ ਨੇ ਸਥ 'ਚ ਜਾਣ ਤੋਂ ਪਹਿਲਾਂ ਉਸ ਦਾ ਜਾ ਦਰਵਾਜ਼ਾ ਖੜਕਾਇਆ।

'ਬਈ ਵਾਹ ਪੁਤਰਾ ਆਹ ਤਾਂ ਤੂੰ ਰੰਗ ਈ ਲਾ ਤਾ...।' ਵਿਹੜੇ 'ਚ ਮੰਜਾ ਡਾਹੀ ਬੈਠੇ ਬਾਗੀ ਦੀ ਪਿੱਠ ਥਾਪੜ ਕੇ ਮੰਗੂ ਨੇ ਕਿਹਾ।

'ਹੋਰ ਲਾਲਾ ਜੀ–ਸੌਂਹਰੇ ਨੇ ਹਨੇਰੀ ਉ ਲਿਆ ਰਖੀ ਸੀ–ਤੂੰ ਤੇ ਭਲਾ ਮਾੜਾ ਹੋਇਆ–ਨਾ ਕਚਿਹਰੀਆਂ ਤਕ ਜਾਣਾ ਚਾਹੁੰਦਾ ਹੋਇਆ–ਲਓ ਜੀ ਉਹਨੇ ਤਾਂ ਸੌਂਹਰੇ ਨੇ ਸਾਡੀ ਪਾਰਟੀ ਦੇ ਇਕ ਬੰਦੇ ਦੀ ਘੜੀ ਉ ਲਾਹ ਲੀ...ਸਾਲੇ ਆਪ ਈ ਚੋਰੀਆਂ ਕਰਨ ਡਹੇ ਨੇ...।' ਆਪਣੇ ਕੋਲ ਮੰਗੂ ਨੂੰ ਬਹਾ ਕੇ ਬਾਗੀ ਨੇ ਸਾਰੀ ਗੱਲ ਸੁਣਾਈ।

'ਹੋਰ ਭਲਾ ਉਦੋਂ ਕੋਈ ਗੱਲ ਸੀ ਸੌਂਹਰੀ–ਅਖੇ ਤੂੰ ਫ਼ੀਮ ਵੇਚਦਾਂ–ਮੇਰੇ ਕਦੇ ਪਿਉ ਦਾਦੇ ਨੇ ਨਾ ਜਾਣੀ–ਕੀ ਇਹ ਫੀਮ ਹੁੰਦੀ ਆ–ਜੇ ਸਰਦਾਰਾ ਇਹੋ ਜੇ ਕੰਮ ਕਰੀਏ ਤਾਂ ਭੁੱਖੇ ਕਾਹਨੂੰ ਮਰੀਏ–' ਪਹਿਲੀ ਵਾਰ ਸੀ ਜਦੋਂ ਮੰਗੂ ਨੇ ਆਪਣੀ ਗੱਲ ਛੇੜਨ ਦਾ ਹੌਸਲਾ ਕੀਤਾ ਸੀ।

'ਮੈਂ ਤਾਂ ਉਦੋਂ ਈ ਆਖਿਆ ਸੀ ਤੈਨੂੰ ਬਈ ਲਿਖ ਇਕ ਅਰਜ਼ੀ ਜੇ ਆਥਣ ਨੂੰ ਨਾ ਚਬਾ ਦੇਈਏ ਚਨੇ–ਪਰ ਤੂੰ ਮੰਨਿਆ ਈ ਨਾ...।'

'ਤੂੰ ਸਿਆਣਾ ਸਰਦਾਰਾ ਅਸੀਂ ਕਿਥੇ ਸੀ ਟੱਕਰ ਲੈਣ ਵਾਲੇ...ਫੇਰ ਐਵੇਂ ਘੜੀਸੀ ਫਿਰਦੇ ਮੇਰੇ 'ਚ ਤਾਂ ਅਗੇ ਦਮ ਨੀਂ...ਮਸਾਂ ਤੇਰੀ ਛਾਇਆ 'ਚ ਦਿਨ ਕਟਦੇ ਆਂ।'

'ਇਸੇ ਕਰਕੇ ਮੈਂ ਨੀਂ ਸੀ ਬਹੁਤਾ ਜ਼ੋਰ ਪਾਇਆ ਐਵੇਂ ਤੈਨੂੰ ਠਿਠ ਕਰਦਾ।'

'ਤੁਸੀਂ ਤੇ ਖੁਦ ਈ ਸਿਆਣੇ ਓ—।'

'ਸਾਲਾ ਹੈ ਈ ਇਹੋ ਜਾ ਸੀ...ਉਦੋਂ ਅਸਲ 'ਚ ਹਵੇਲੀ ਵਾਲੇ ਸਰਦਾਰ ਨੂੰ ਸ਼ਕ ਪੈ ਗਿਆ ਸੀ ਤੇਰੇ ਤੇ...ਕਿਸੇ ਕੰਨ ਭਰ ਦਿਤੇ, ਅਖੇ ਬਾਗੀ ਦੀ ਪਾਰਟੀ ਤੇਰੀ ਹੱਟੀ 'ਚ ਮਸ਼ਵਰੇ ਕਰਦੀ ਐ...ਉਸ ਸੌਹਰੇ ਦੀ ਸਾਜ਼ਸ਼ ਸੀ ਸਾਰੀ...ਹੋਰ ਕਿਹੜੀ ਸ਼ਰਾਬ ਤੇ ਕਿਹੜੀ ਅਫ਼ੀਮ—ਕੋਈ ਨੀਂ ਹੁਣ ਇਹਨੂੰ ਵੀ ਇਕ ਅੱਧੇ ਦਿਨ 'ਚ ਵਿਖਾਉਣੇ ਨੇ ਹੱਥ...ਉਹ ਤੇ ਭੋਗੂ ਕੀਤੀਆਂ...ਇਹੋ ਜਾ ਖੂੰਜੇ ਲਾਇਆ ਬਈ ਸਾਰੀ ਉਮਰ ਨੀਂ ਛੁਟਦਾ...ਜੇ ਨਾ ਪੀੜ੍ਹੀਆਂ ਤਕ ਨਸੀਅਤਾਂ ਕਰਦਾ ਫਿਰੇ...'

'ਹਛਾ ਜੀ!'

'ਆਹੋ ਹੋਰ ਤੇਰੇ ਬੱਚਿਆਂ ਦੇ ਮੂੰਹੋਂ ਦੁੱਧ ਕਢ ਕੇ ਉਹ ਸੁਖੀ ਵਸੂ...।'

''ਠੀਕ ਆ ਜੀ...ਦੇਵੀ ਦੀ ਕਸਮ ਅੱਜ ਤਕ ਨੀ ਦੁਧ ਜੁੜਿਆ ਮੁੜ ਕੇ... ਨਿਆਣੇ ਸੀ...ਚਲੋ ਹੁਣ ਆਪੇ ਆ ਜੂ ਸੁਰਤ ਸੂਰ ਨੂੰ ਅੱਛਾ ਐ ਲਉ ਮੂੰਹ ਮਿੱਠਾ ਕਰੋ।' ਵੱਡਾ ਸਾਰਾ ਬੁਕ ਭਰਕੇ ਉਹਨੇ ਬਾਗੀ ਵਲ ਵਧਾਇਆ।

'ਇਹ ਕਾਹਦੇ ਵੰਡਦੇ ਫਿਰਦੇ ਓ...ਕੋਈ ਨਵਾਂ ਕਾਕਾ ਕੂਕਾ...।'

'ਕਾਹਨੂੰ...ਆ ਖਬਰ ਜੋ ਅੱਜ ਤੁਸੀਂ ਲਿਆਂਦੀ ਆ ਕੋਈ ਜਵਾਕਾਂ ਨਾਲੋਂ ਘਟ ਥੋੜਾ...ਮੇਰੇ ਤਾਂ ਕਾਲਜੇ ਠੰਡ ਪੈ ਗਈ...ਸਾਰਾ ਗੁੱਸਾ ਲੱਥ ਗਿਆ...ਸੱਚ ਜਾਨੀ ਓਦਨ ਦਾ ਮੈਂ ਭਜਿਆ ਫਿਰਦਾ ਸੀ...ਬਸ ਅੱਜ ਮੈਂ ਸ਼ਾਂਤ ਹੋ ਗਿਆ।

'ਅੱਛਾ ਅੱਛਾ ਬਈ ਵਾਹ...ਇਹ ਖੁਸ਼ੀਆਂ ਨੇ।' ਦੋ ਕੁ ਪਤਾਸੇ ਚੁਕ ਕੇ ਬਾਗੀ ਇਕ ਦਮ ਗੰਭੀਰ ਹੋ ਗਿਆ। ਮੰਗੂ ਦੀ ਖੁਸ਼ੀ ਤੇ ਪੁਲਿਸ ਦਾ ਜਬਰ ਉਸਨੂੰ ਟੁੰਬ ਗਿਆ ਸੀ। 'ਕਿੰਨੇ ਤਪਾਏ ਨੇ ਇਨ੍ਹਾਂ ਕੰਜਰਾਂ ਵਿਚਾਰੇ ਗਰੀਬੜੇ... ਕਾਨੂੰਨੀ ਤਾਂ ਨਾ ਲੜ ਸਕਦੇ ਹੋਏ—ਪਰ ਪ੍ਰਮਾਤਮਾ ਤੇ ਭਰੋਸਾ ਰਖ ਕੇ ਕਿਵੇਂ ਤੜਫਦੇ ਨੇ...ਵਾਹ ਸਾਡੇ ਇਨਸਾਫ ਦੇ ਸਤੰਭੋ...ਜਿਨ੍ਹਾਂ ਦੀ ਰਖਿਆ ਲਈ ਲਾਏ ਹੋ ਉਨ੍ਹਾਂ ਦੇ ਹੀ ਗਲ ਘੁਟੀ ਚਲੋ...ਪਰ ਆਪਣੀਆਂ ਜੜ੍ਹਾਂ ਆਪੇ ਖੋਖਲੀਆਂ ਕਰ ਰਹੇ ਹੋ ਕਦੇ ਇਹ ਵੀ ਸੋਚਿਆ।' ਹੋਰ ਕੋਈ ਸੋਚੇ ਜਾਂ ਨਾ ਪਰ 'ਬਾਗੀ' ਸੋਚੇ ਬਿਨਾਂ ਰਹਿ ਨਹੀਂ ਸੀ ਸਕਿਆ।

'ਅੱਛਾ ਜੀ...ਸਥ ਵਲ ਹੋ ਆਵਾਂ।' ਆਖਦਾ ਮੰਗੂ ਬਾਗੀ ਦੇ ਘਰੋਂ ਨਿਕਲ ਕੇ ਸਥ ਵਲ ਤੁਰ ਪਿਆ। ਦੂਰੋਂ ਹੀ ਮੰਗੂ ਨੇ ਪਿੰਡ ਦੇ ਸਥ 'ਚ ਬੈਠੇ



ਲੋਕਾਂ ਨੂੰ ਜਾ ਰਾਮ ਰਾਮ ਬੁਲਾਈ ਤੇ ਨਾ ਗੱਲ ਕੀਤੀ ਨਾ ਬਾਤ ਇਕ ਵੰਦਿਉਂ ਪਤਾਸੇ ਵਰਤਾਉਣ ਲਗ ਪਿਆ।

'ਕਿਵੇਂ ਮੰਗੂ ਸੇਠ ਅੱਜ ਪਤਾਸੇ ਚੁਕੀ ਫਿਰਦਾਂ?' ਮਿਡੇ ਤਖਾਨ ਨੇ ਪੁਛਿਆ।

'ਤੁਸੀਂ ਨੀਂ ਸੁਣਿਆ? ਬਾਗੀ ਹੋਰਾਂ ਕਲ ਉਸੇ ਥਾਨੇਦਾਰ ਨੂੰ ਹੱਥ-ਕੜੀਆਂ ਲੁਆ ਦਿਤੀਆਂ ਨੇ। ਅਖੇ ਕਿਸੇ ਨੇ ਪਿਛੋਂ ਜ਼ਮਾਨਤ ਵੀ ਨਾ ਦਿਤੀ।' ਚਾਈਂ ਚਾਈਂ ਮੰਗੂ ਨੇ ਆਪਣੀ ਖੁਸ਼ੀ ਦਸੀ।

'ਠੀਕ ਆ ਬਈ ਠੀਕ ਆ...ਰੱਬ ਭਲਾ ਸੁਣੇਂ ਕਿਵੇਂ ਨਾ—ਜਦੋਂ ਸਾਡੇ ਗਰੀਬਾਂ ਦਾ ਰਾਖਾ ਉਹੋ ਐ, ਆਪੇ ਨਬੇੜੇ ਕਰਦਾ...।

'ਚੰਗਾ ਹੋਇਆ ਭਾਈ ਮਰਦੇ ਦਿਹਾੜੇ ਤੇਰੀ ਆਤਮਾ ਨੂੰ ਚੈਨ ਮਿਲ ਗਿਐ...ਹੁਣ ਨਾ ਤੇਰੇ ਦਿਲ 'ਚ ਈ ਰਹੂ ਤੇ ਨਾ ਸਾਡੇ ਈ ਦਿਲ 'ਚ ਕੋਈ ਖਟਕੂ...ਆਪੇ ਭਾਣਾ ਵੇਖ ਲਿਆ...' ਵਿਚਾਲੇ ਜਿਹੋਂ ਕਿਸੇ ਹੋਰ ਨੇ ਕਿਹਾ।

ਮੰਗੂ ਨੇ ਹਾਲੇ ਸੁਖ ਦਾ ਸਾਹ ਵੀ ਨਹੀਂ ਸੀ ਲਿਆ ਕਿ ਉਨ੍ਹਾਂ ਵਲ ਆਉਂਦਾ ਬਗਾ ਬਾਜ਼ੀਗਰ ਵਿਖਾਈ ਦਿਤਾ। ਉਹਦੀ ਪੱਗ ਲਹਿ ਗਈ ਸੀ, ਹੱਥਾਂ ਪੈਰਾਂ ਤੇ ਮਿੱਟੀ ਜੰਮ ਗਈ ਸੀ ਤੇ ਦੂਰੋਂ ਸਿਰ-ਮੁਧ ਭੱਜਣ ਕਰਕੇ ਸਾਹ ਨਾਲ ਸਾਹ ਵੀ ਨਹੀਂ ਸੀ ਮਿਲਦਾ।

'ਕੀ ਗੱਲ ਬਗਿਆ?'' ਉਸ ਦੁਆਲੇ ਘੇਰਾ ਘਤਦਿਆਂ ਬੁਢਿਆਂ ਵਿਚੋਂ ਇਕ ਨੇ ਪੁਛਿਆ।

'ਬਚਾਉ ਉਏ...ਮੇਰਾ ਮੁੰਡਾ ਤਾਂ ਮਾਰ ਸੁਟਿਆ ਕੰਜਰਾਂ...ਪੁਲਸ ਨੇ ਫੜ ਲਿਆ...ਕੁੜੀ ਪਤਾ ਨੀਂ ਕਿਹਦੇ ਨਾਲ ਨਿਕਲ ਗਈ...ਅਕੇ ਮੇਰੇ ਮੁੰਡੇ ਨੇ ਕਢਾਈ ਆ...ਉਏ ਸਰਦਾਰ ਦੀ ਗਵਾਹੀ ਆ...ਕੇਸ ਬਨਾਉਣ ਲਗੇ ਨੇ...ਚਲੋ ਬਈ ਪੰਚਾਇਤ ਬੰਨ੍ਹ ਕੇ...ਸਾਡੇ ਤੇ ਗਰੀਬਾਂ ਤੇ ਰਹਿਮ ਕਰੋ...ਉਨ੍ਹਾਂ ਮਾਰ ਸੁਟਨਾਂ ਦੁਸ਼ਟਾਂ ਨੇ...ਥੋੜੇ ਸਿਰ ਜੀਨੇ ਆਂ ਅਸੀਂ ਤਾਂ...।'

'ਤੂੰ ਹੌਸਲਾ ਰੱਖ ਅਸੀਂ ਚਲਦੇ ਆਂ ਸਾਰੇ...ਇਵੇਂ ਕਿਵੇਂ ਬਣਾ ਦਿਊ ਕੇਸ।' ਮਹਿੰਦਰ ਕੇ ਬਾਬੇ ਨੇ ਬਗੇ ਦਾ ਦਿਲ ਧਰਾਉਣ ਲਈ ਕਿਹਾ।

'ਇੰਜ ਕਰ ਬਗਿਆ ਬਾਗੀ ਕੋਲ ਜਾ ਨਠਿਆ—ਘਰੇ ਬੈਠਾ ਮੈਂ ਹੁਣੇ ਆਇਆਂ।' ਥਰ ਥਰ ਕੰਬਦੇ ਮੰਗੂ ਨੇ ਮਸਾਂ ਇੰਨਾਂ ਕੁ ਕਿਹਾ ਤੇ ਫੇਰ ਕੰਬਣ

ਲਗ ਪਿਆ।

'ਅਛਾ ਤੂੰ ਲਿਆ ਬਾਗੀ ਨੂੰ ਅਸੀਂ ਚਲੇ ਆਂ...।'

ਬਗਾ ਉਸੇ ਤਰ੍ਹਾਂ ਫੇਰ ਦੌੜ ਪਿਆ। 'ਚੰਗੀ ਚੁੱਕੀ ਸੀ ਸਾਲੇ ਨੇ...ਮੈਂ ਬਥੇਰਾ ਸਮਝਾਇਆ ਸੀ ਬਈ ਤੂੰ ਕੀ ਲੈਣਾ ਪਾਰਟੀਆਂ ਤੋਂ...ਅਖੇ ਨਹੀਂ ਜ਼ਮੀਨ ਖੋਹ ਕੇ ਛਡਾਂਗੇ–ਮਲ ਲਏ ਜ਼ਮੀਨ...ਫਿਰਦਾ ਰਹੂ ਹਵਾਲਾਤਾਂ 'ਚ ਗੇੜੇ ਖਾਂਦਾ–ਵੇਖੂੰ ਕਿਹੜਾ ਪਾਰਟੀ ਵਾਲਾ ਪਿੱਛਾ ਕਰੂ...ਪਿੰਡਾਂ ਦੇ ਮਾਲਕਾਂ ਨਾਲ ਟਕਰਾਂ ਲੈਂਦਿਆਂ ਸਾਲਿਆਂ ਨੰਗਾਂ ਨੂੰ ਸ਼ਰਮ ਨੀਂ ਆਉਂਦੀ...।' ਤੁਰਿਆ ਜਾਂਦਾ ਬਗਾ ਸੋਚ ਰਿਹਾ ਸੀ।

ਸਥ ਖਾਲੀ ਹੋ ਗਿਆ ਸੀ। ਮੰਗੂ ਉਥੇ ਹੀ ਖੜਾ ਸੀ। ਉਸ ਨੂੰ ਕਾਂਬਾ ਛਿੜਿਆ ਹੋਇਆ ਸੀ ਜਿਵੇਂ ਉਸੇ ਤੇ ਮਾਰ ਪੈ ਰਹੀ ਹੋਵੇ।

ਹਾਰੇ ਪਹਿਲਵਾਨ ਵਾਂਗ ਹੌਲੀ ਹੌਲੀ ਮੰਗੂ ਘਰ ਵਲ ਵਧਣ ਲਗਿਆ। ਬਗੇ ਦੀਆਂ ਕੁਲੀਆਂ ਵਲੋਂ ਆ ਰਹੀ ਹਵਾ ਜਿਵੇਂ ਉੱਚੀ ਉੱਚੀ ਚਿਲਾ ਕੇ ਉਹਨੂੰ ਰੁਕਣ ਲਈ ਆਖ ਰਹੀ ਹੋਵੇ। ਪਰ ਉਹ ਘਰ ਅੰਦਰ ਵੜ ਕੇ ਜਿੰਦਰਾ ਲਾ ਲੈਣ ਤੋਂ ਪਹਿਲਾਂ ਰੁਕਣਾ ਨਹੀਂ ਸੀ ਚਾਹੁੰਦਾ–ਡਰ ਸੀ ਖਬਰੇ ਅਗੇ ਵਾਂਗ ਕਿਤੇ ਉਸ ਨੂੰ ਵੀ ਵਿਚੇ ਨਾ ਘੜੀਸ ਲੈਣ–।

ਫੇਰ ਇਕ ਦਮ ਮੁੜਿਆ–ਤੇ ਅੱਧ-ਖੁਲ੍ਹੀ ਧੋਤੀ ਉਤਾਂਹ ਚੁਕਦਾ ਬਗੇ ਕੀਆਂ ਕੁਲੀਆਂ ਵਲ ਦੌੜ ਪਿਆ। ਉਸਦੀ ਕਰੜੀ ਆਵਾਜ਼ ਸਾਰੇ ਪਿੰਡ ਵਿਚ ਗੂੰਜਨ ਲਗੀ :

'ਚਲੋ ਉਏ ਲੋਕੋ...ਜਾਗੋ...ਸਾਡੇ ਪਿੰਡ ਅਨਰਥ ਹੋ ਰਿਹਾ... ਇਨ੍ਹਾਂ ਕਲਮੂੰਹਿਆਂ ਸਾਡਾ ਜੀਨਾਂ ਹਰਾਮ ਕਰ ਦਿਤਾ–ਘਰਾਂ 'ਚੋਂ ਨਿਕਲੋ ਤੇ ਚਲੋ... ਇਨ੍ਹਾਂ ਦਾ ਤਾਂ ਇਕ ਦਿਨ ਫਾਹਾ ਵੱਢਣਾ ਹੀ ਪੈਣਾ...।'

ਤੇ ਹੌਲੀ ਹੌਲੀ ਉਹਦੀ ਆਵਾਜ਼ ਕੁਲੀਆਂ ਵਲ ਜਾ ਕੇ ਮਧਮ ਪੈਣ ਲਗੀ। ਜਿਵੇਂ ਲੋਕਾਂ ਨੂੰ ਜਾਗਣ ਦਾ ਸੁਨੇਹਾ ਦੇ ਕੇ ਉਹ ਆਪਣਾ ਕੰਮ ਨਬੇੜ ਚੁਕਾ ਹੋਵੇ।

–ਅਗਸਤ 1971



## ਲਾਟਾਂ

ਜੰਗਲ ਦੀ ਅੱਗ ਵਾਂਗ ਸਰਦਾਰ ਦੇ ਖ਼ੂਨ ਦੀ ਖ਼ਬਰ ਸਵੇਰ ਹੁੰਦਿਆਂ ਹੀ ਸਾਰੇ ਪਿੰਡ ਵਿਚ ਫੈਲ ਗਈ। ਰਾਤੀਂ ਸਰਦਾਰ ਚੰਗਾ ਭਲਾ ਸੁੱਤਾ ਸੀ ਪਰ ਸਵੇਰ ਹੁੰਦਿਆਂ ਜਦੋਂ ਛੋਟਾ ਮੁੰਡਾ ਉਹਦੇ ਕਮਰੇ ਵਿਚ ਗਿਆ ਉਸ ਦੀ ਹਿੱਕ ਵਿਚ ਦੋ ਹੱਥ ਲੰਬਾ ਖੰਜਰ ਖੁਭਿਆ ਹੋਇਆ ਸੀ।

ਥਾਂ ਥਾਂ ਟੋਲੀਆਂ ਬੱਝ ਗਈਆਂ। ਹਰ ਥਾਂ ਘੁਸਰ ਮੁਸਰ ਹੋਣ ਲਗੀ। ਕੋਈ ਆਖ ਰਿਹਾ ਸੀ ਖ਼ੂਨ ਉਸ ਦੇ ਮੁੰਡਿਆਂ ਨੇ ਕੀਤੈ, ਕਦੋਂ ਦੀ ਪਿਓ ਪੁਤਾਂ ਵਿਚ ਬਣਦੀ ਨਹੀਂ ਸੀ, ਕੁਝ ਆਖਦੇ ਖ਼ੂਨ ਟੁੰਡੇ ਨੇ ਕੀਤੈ। ਸਰਦਾਰ ਨੇ ਤਪਾ ਤਪਾ ਉਹਨੂੰ ਪਾਗਲ ਕਰ ਦਿੱਤਾ ਸੀ ਅਤੇ ਸ਼ਾਇਦ ਇਸੇ ਲਈ ਉਹ ਕਈ ਦਿਨਾਂ ਤੋਂ ਗੁੰਮ ਸੀ ਅਤੇ ਕੋਈ ਆਖਦਾ ਇਹ ਖ਼ੂਨ ਨਵੀਂ ਲਹਿਰ ਨਾਲ ਜੁੜੇ ਮੁੰਡਿਆਂ ਦੇ ਹੱਥੀਂ ਹੋਇਆ ਹੈ ਪਰ ਕਿਸੇ ਠੋਸ ਅਸਲੀਅਤ ਤੇ ਕੋਈ ਪਹੁੰਚ ਨਾ ਸਕਿਆ।

ਸਰਦਾਰ ਦੇ ਮੁੰਡੇ ਉਸ ਸਮੇਂ ਤੋਂ ਹੀ ਸਰਦਾਰ ਤੋਂ ਨਿਰਾਸ਼ ਸਨ ਜਦੋਂ ਉਸ ਨੇ ਨੂੰਹਾਂ ਘਰ ਹੁੰਦਿਆਂ ਕਰਤਾਰੋ ਨੂੰ ਘਰ ਲਿਆਂਦਾ ਸੀ। ਬੁਢੇ ਵੇਲੇ ਬਹੁਤਾ ਹੀ ਸ਼ੌਂਕ ਜਾਗਿਆ ਸੀ, ਪਿੰਡ ਕੋਈ ਕੋਠਾ ਪਾ ਕੇ ਬਠਾਈ ਰੱਖਦਾ ਘਰ ਲਿਆਉਣ ਵਾਲੀ ਕਿਹੜੀ ਆਫ਼ਤ ਆਈ ਸੀ। ਆਪਣੇ ਕਿੱਲੇ ਦੇ ਜ਼ੋਰ ਤੇ ਸਰਦਾਰ ਨੇ ਇਹ ਗੱਲ ਕਰ ਦਿਖਾਈ ਸੀ ਅਤੇ ਉਸਦੇ ਮੁੰਡੇ ਦੰਦ ਪੀਸਦੇ ਰਹਿ

ਗਏ ਸਨ।

ਪਰ ਸਰਦਾਰ ਮਜਬੂਰ ਸੀ। ਜਵਾਨੀ ਸਮੇਂ ਤੋਂ ਉਹ ਕਰਤਾਰੋ ਤੇ ਨਜ਼ਰ ਰਖਦਾ ਆ ਰਿਹਾ ਸੀ। ਉਦੋਂ ਤੋਂ ਜਦੋਂ ਉਹ ਦੋਨੋਂ ਹਾਲੀਂ ਜਵਾਨ ਸਨ। ਜਵਾਨੀ ਜਿਹੜੀ ਉਨ੍ਹਾਂ ਤੇ ਭੂਤ ਵਾਂਗ ਸਵਾਰ ਸੀ। ਅਮਲੀ ਦੇ ਜੰਮੀ ਕਰਤਾਰੋ ਤੇ ਨਿਰੀ ਸੁਲਫ਼ੇ ਦੀ ਲਾਟ ਨਿਕਲੀ ਸੀ। ਕਣਕ ਵੰਨਾ ਰੰਗ, ਕਸਿਆ ਕਸਿਆ, ਤਣਿਆ ਤਣਿਆ ਸਰੀਰ, ਜਿਧਰ ਦੀ ਲੰਘਦੀ ਹਾਲੀਆਂ ਦੇ ਹੱਲ ਥੰਮ੍ਹ ਜਾਂਦੇ...। ਉਸ ਸਮੇਂ ਵੀ ਸਰਦਾਰ ਦੀ ਸਰਦਾਰੀ ਕੋਈ ਘੱਟ ਨਹੀਂ ਸੀ ਸਗੋਂ ਇਨਾਂ ਦਿਨਾਂ ਤੋਂ ਕਈ ਗੁਣਾਂ ਵਧ ਸੀ। ਚਾਹੁੰਦਾ ਤਾਂ ਕਰਤਾਰੋ ਉਹਦੇ ਖੱਬੇ ਹੱਥ ਦੀ ਖੇਡ ਸੀ। ਪਰ ਇਸ ਤਰ੍ਹਾਂ ਦਾ ਕਾਲਾ ਮੂੰਹ ਉਹਨੂੰ ਪਸੰਦ ਨਹੀਂ ਸੀ। ਇਸ ਤਰ੍ਹਾਂ ਤਾਂ ਇਕ ਵਾਰ ਜਾਂ ਫੇਰ ਦੋ ਵਾਰ। ਪਰ ਕਰਤਾਰੋ ਤਾਂ ਸਦਾ ਮਾਨਣ ਵਾਲੀ ਬਹਾਰ ਸੀ, ਸਦਾ ਲਈ।

ਕਰਤਾਰੋ ਦਾ ਅਮਲੀ ਪਿਓ ਉਹਦੇ ਪਿਓ ਦਾ ਕਰਜਾਈ ਸੀ। ਬੱਸ ਇਹੋ ਗੱਲ ਸੀ ਜਿਸ ਕਰਕੇ ਕਰਤਾਰੋ ਨੇ ਇਕ ਦੋ ਵਾਰ ਉਹਦੀਆਂ ਵਧੀਕੀਆਂ ਝੱਲ ਲਈਆਂ ਸਨ। ਨਹੀਂ ਤਾਂ ਉਹ ਅਜਿਹੇ ਕਈਆਂ ਨੂੰ ਮਜ਼ੇ ਚੁੱਕਾ ਚੁਕੀ ਸੀ। ਸਰਦਾਰ ਦੇ ਕਈ ਯਤਨ ਅਸਫਲ ਰਹੇ ਸਨ। ਇਹ ਅਸਫ਼ਲਤਾ ਉਹ ਦੇਖਣ ਦਾ ਆਦੀ ਨਹੀਂ ਸੀ।

ਕਰਤਾਰੋ ਜਿਸ ਦੇ ਜਵਾਨੀ ਹੁਮ ਹੁਮਾ ਕੇ ਚੜ੍ਹੀ ਸੀ ਚੌਧਰੀ ਦੇ ਕਾਮੇ ਬਲਦੇਵ ਦੇ ਇਸ਼ਕ ਦੀ ਸ਼ਿਕਾਰ ਸੀ। ਉਸ ਨਾਲ ਕਈ ਵਾਰ ਹੱਸਦੀ ਸਰਦਾਰ ਨੇ ਦੇਖੀ ਸੀ। ਉਸ ਨੇ ਜੜ੍ਹ ਨੂੰ ਹੱਥ ਪਾਉਣ ਦਾ ਯਤਨ ਕੀਤਾ। ਅਗਲੇ ਦਿਨ ਲਾਲਚ ਦੀ ਬੁਰਕੀ ਸੁਟ ਕੇ ਬਲਦੇਵ ਨੂੰ ਆਪਣੇ ਖੇਤ ਲੈ ਆਇਆ। ਬਲਦੇਵ ਨੂੰ ਵੀ ਜਿਵੇਂ ਰੱਬ ਮਿਲਿਆ ਸੀ। ਚੌਧਰੀ ਦੇ ਬੇਅੰਤ ਕੰਮਾਂ ਤੋਂ ਉਹ ਤੰਗ ਆਇਆ ਪਿਆ ਸੀ।

ਉਨੀਂ ਦਿਨੀਂ ਪਿੰਡ ਵਿਚ ਇਹੋ ਦੋ ਘਰ ਸਨ। ਇਕ ਚੌਧਰੀਆਂ ਦਾ ਦੂਜਾ ਸਰਦਾਰਾਂ ਦਾ। ਦੋਨਾਂ ਦਾ ਅੱਧਾ ਅੱਧਾ ਪਿੰਡ ਮਲਿਆ ਹੋਇਆ ਸੀ। ਪਰ ਦੋਨੋਂ ਇਕ ਦੂਜੇ ਨੂੰ ਇਕ ਅੱਖ ਨਹੀਂ ਸੀ ਭਾਉਂਦੇ। ਕਿਸੇ ਨਾ ਕਿਸੇ ਗੱਲ ਤੇ ਖੜਕੀ ਰਹਿੰਦੀ। ਕਦੇ ਉਹ ਉਸ ਦੇ ਕਾਮੇ ਤੋੜ ਲਿਆਉਂਦਾ ਕਦੇ ਉਹ। ਕਦੇ ਚੌਧਰੀ ਉਨ੍ਹਾਂ ਦੇ ਕਾਮਿਆਂ ਤੇ ਡਾਂਗ ਡਪਾ ਕਰ ਜਾਂਦਾ...ਇਸ ਦਿਆਂ ਦਾ ਦਾਅ ਲਗਦਾ



ਉਹ ਕਰ ਆਉਂਦੇ।

ਬਲਦੇਵ ਨੂੰ ਸਰਦਾਰ ਕਨੀ ਗਿਆਂ ਦੇਖ ਕੇ ਚੌਧਰੀ ਦੇ ਸੱਤੀਂ ਕਪੜੀਂ ਅੱਗ ਲਗ ਉਠੀ। ਬਲਦੇਵ ਦਾ ਫ਼ੌਲਾਦੀ ਸਰੀਰ ਤਾਂ ਕੰਮ ਦੀ ਮਸ਼ੀਨ ਸੀ। ਜਿਸ ਤੋਂ ਉਹ ਵਾਂਝਾ ਹੋ ਗਿਆ ਸੀ। ਪਿਛਲੇ ਦੋ ਮਹੀਨਿਆਂ ਤੋਂ ਸਾਰੇ ਕੰਮ ਉਹ ਇਕੱਲਾ ਹੀ ਸਾਂਭਦਾ ਆ ਰਿਹਾ ਸੀ। ਫੇਰ ਭੰਗ ਦੇ ਭਾੜੇ। ਚਾਰ ਟੁਕੜਾਂ ਤੇ। ਉਤੋਂ ਇਹ ਜਿਨ੍ਹਾਂ ਚਾਹੋ ਜਦੋਂ ਚਾਹੋ ਕੰਮ ਕਰਾ ਲਉ ਕਦੇ ਮੱਥੇ ਵੱਟ ਨਹੀਂ ਪਾਉਣਾ। ਜਿੰਨਾ ਚਿਰ ਨਿਹਾਲੇ ਤੇ ਕਰਤਾਰ ਨੂੰ ਸਿਖਾ ਉਹ ਬਲਦੇਵ ਤੇ ਡਾਂਗਾਂ ਨਾ ਪਵਾ ਆਇਆ ਉਹਨੂੰ ਸਬਰ ਨਾ ਆਇਆ।

ਬਲਦੇਵ ਦੇ ਲੱਗੀਆਂ ਸੱਟਾਂ ਵਿਚੋਂ ਸਰਦਾਰ ਨੂੰ ਇਕ ਹੋਰ ਗੱਲ ਸੁਝੀ। 'ਸਾਲਾ ਤੇਰੇ ਸੱਟਾਂ ਮਾਰ ਗਿਆ...ਦੇਖ ਬਦਲਾ ਲੈਣਾ ਤਾਂ ਮੈਂ ਤੇਰੇ ਨਾਲ ਆਂ... ਫੇਰ ਨਾ ਆਖੀਂ ਸਰਦਾਰਾਂ ਨੇ ਸਾਥ ਨੀਂ ਦਿਤਾ...ਸਾਲੇ ਦੇ ਪਿੜ ਫੂਕ ਆ। ਦੇਖੀਂ ਫੇਰ ਕਰਤਾਰੇ, ਨਿਹਾਲੇ ਨੂੰ ਭੁੱਖੇ ਮਰਦੇ। ਤੇਰੇ ਵਲ ਜੇ ਕੋਈ ਝਾਕ ਜਾਏ ਮੈਂ ਜੁਮੇਂਵਾਰ ਆਂ।'

ਜੋਸ਼ ਵਿਚ ਆਏ ਬਲਦੇਵ ਦਾ ਖ਼ੂਨ ਖੌਲਿਆ। ਉਹਦੇ ਸਰੀਰ ਤੇ ਪਈਆਂ ਚੋਟਾਂ ਵਿਚ ਦਰਦ ਜਾਗਿਆ ਤੇ ਉਹ ਅੱਧੀ ਰਾਤੋਂ ਸਰਦਾਰ ਦੇ ਨਾਲ ਹੋ ਲਿਆ ਘੋੜੀ ਤੇ ਚੜ੍ਹ, ਹੱਥ ਬੰਦੂਕ ਲੈ ਸਰਦਾਰ ਉਹਦੇ ਨਾਲ ਗਿਆ ਸੀ। ਚੌਧਰੀ ਧਾਹਾਂ ਮਾਰਦਾ ਰਹਿ ਗਿਆ। ਪਰ ਸਰਦਾਰ ਦੇ ਥਾਨੇ 'ਚ ਚਲਦੇ ਰਸੂਖ ਨੇ ਸਚਮੁਚ ਬਲਦੇਵ ਦਾ ਵਾਲ ਵੀ ਵਿੰਗਾ ਨਾ ਹੋਣ ਦਿਤਾ।

'ਸੁਣਿਐ ਇਸ਼ਕ ਚਲਦੈ ਤੇਰਾ ਕਰਤਾਰੋ ਨਾਲ...ਕਰਾ ਦੇਈਏ ਫੇਰ ਗੱਲ... ਪਿਉ ਉਹਦਾ ਵਸ ਐ ਆਪਣੇ...।' ਬਲਦੇਵ ਨੂੰ ਇਕ ਪਾਸਿਉਂ ਕਾਬੂ ਕਰ ਕੇ ਉਹਨੇ ਦੂਜੀ ਸ਼ੁਰਲੀ ਛੱਡੀ। ਬਲਦੇਵ ਸਿਰਫ਼ ਮੁਸਕ੍ਰਾਇਆ।

'ਮੇਰਾ ਖਿਆਲ ਰੱਖੀਂ ਭਰਜਾਈ ਹੋਊ ਮੇਰੀ। ਕਿਤੇ ਮਗਰ ਨਾ ਪੈ ਜਾਇਆ ਕਰੀਂ...।' ਇਸ ਵਾਰ ਬਲਦੇਵ ਥੋੜਾ ਹਸਿਆ ਸੀ।

ਉਸੇ ਰਾਤ ਉਹਨੇ ਕਰਤਾਰੋ ਦੇ ਅਮਲੀ ਪਿਓ ਨਾਲ ਗੱਲ ਤੋਰੀ, 'ਅਮਲ ਨੇ ਤੇਰੇ ਹੱਡ ਤਾਂ ਖੋਰੇ ਹੀ ਸੀ ਅਕਲ ਵੀ ਖਾ ਲਈ ਐ...। ਕਦੇ ਕਰਤਾਰੋ ਬਾਰੇ ਸੋਚਿਐ ਕੋਠੇ ਜਿਡੀ ਹੋਈ ਫਿਰਦੀ ਐ। ਬਲਦੇਵ ਠੀਕ ਰਹੂ? ਕਰ ਕੋਈ ਹੀਲਾ। ਨਹੀਂ ਉਹਨੇ ਐਵੇਂ ਹੀ ਦੌੜ ਜਾਣੈ। ਚੱਲ ਇਹ ਵੀ ਰਿਹਾ ਜਿਹੜਾ ਪੰਜ ਚਾਰ

ਸੌ ਤੈਥੋਂ ਲੈਣਾ ਉਹਦੇ ਨਾਂ ਕਰ ਦਿਆਂਗਾ। ਨਾਲੇ ਸੌ ਨਕਦ.. ।"

ਅਗਲੇ ਮਹੀਨੇ ਉਹ ਕਰਤਾਰੋ ਨੂੰ ਹੱਥੀਂ ਵਿਆਹ ਕੇ ਲਿਆਇਆ। ਅਮਲੀ ਦਾ ਕਰਜ਼ਾ ਮਾਫ ਹੋ ਗਿਆ ਸੀ ਤੇ ਸੌ ਉਹਦੀ ਝੋਲੀ ਪੈ ਗਿਆ ਸੀ। ਪਿੰਡ ਦੀ ਕੁੜੀ ਪਿੰਡ ਵਿਚ ਵਿਆਹੇ ਜਾਣ ਤੇ ਭਾਵੇਂ ਦੰਦ ਹਿਲਿਆ ਸੀ ਪਰ ਸਰਦਾਰ ਦੀ ਖੁਲ੍ਹ-ਦਿਲੀ ਦੀ ਫੇਰ ਵੀ ਚਰਚਾ ਸੀ।

ਪਰ ਜਿਸ ਦਿਨ ਖ਼ਾਤਰ ਉਸ ਨੂੰ ਇਹ ਢੌਂਗ ਰਚਨੇ ਪਏ ਸਨ ਉਹ ਫੇਰ ਵੀ ਨਾ ਆਇਆ। ਕਰਤਾਰੋ ਦਾ ਨਸ਼ਈ ਸਰੀਰ ਹਾਲੀ ਵੀ ਉਸ ਦੀ ਪਹੁੰਚ ਤੋਂ ਪਰੇ ਸੀ। ਇਕ ਵਾਰ ਜਦੋਂ ਉਹਨੇ ਕਰਤਾਰੋ ਨੂੰ ਟੋਹਨ ਦਾ ਯਤਨ ਕੀਤਾ ਤਾਂ ਮੂੰਹ ਦੀ ਖਾਣੀ ਪਈ ਸੀ। ਬਲਦੇਵ ਨੂੰ ਸ਼ਹਿਰ ਤੋਰ ਕੇ ਦੁਪਹਿਰੀਂ ਰੋਟੀ ਦੇਣ ਆਈ ਕਰਤਾਰੋ ਨੂੰ ਉਹਨੇ ਆਪ ਮਿਲਣ ਦਾ ਇਰਾਦਾ ਬਣਾਇਆ।

'ਜੀ...ਬਲਦੇਵ !' ਲਾਲ ਘਗਰੇ ਅਤੇ ਨੀਲੀ ਸਾਟਨ ਦੀ ਕੁੜਤੀ ਵਿਚ ਦਗ-ਦਗ ਕਰਦੀ ਕਰਤਾਰੋ ਦੇ ਬੋਲ ਸੁਣ ਕੇ ਸਰਦਾਰ ਦੇ ਦਿਲ ਵਿਚ ਰੁਗ ਭਰਿਆ ਗਿਆ।

'ਪਰਲੇ ਪਾਸੇ...ਬਲਦਾਂ ਕੋਲ...।' ਸਰਦਾਰ ਦਾ ਖਿਆਲ ਸੀ ਕੋਠਿਆਂ ਕੋਲ ਗਈ ਕਰਤਾਰੋ ਨੂੰ ਉਹ ਨੱਪ ਲਏਗਾ।

'ਤਾਰੀਏ...' ਮੱਕੀ ਕੋਲ ਘੇਰ ਕੇ ਸਰਦਾਰ ਨੇ ਕਰਤਾਰੋ ਤੇ ਆਪਣੀਆਂ ਨਸ਼ਈ ਅੱਖਾਂ ਗੱਡੀਆਂ।

'ਕੁੱਤੇ...।' ਜਦੋਂ ਸਰਦਾਰ ਨੇ ਉਹਨੂੰ ਬਾਹਾਂ ਵਿਚ ਘੁਟਿਆ ਤਾਂ ਕਰਤਾਰੋ ਨੇ ਉਹਦੇ ਮੋਢੇ ਤੇ ਬੁਰਕ ਭਰਿਆ ਸੀ ਤੇ ਨੱਠ ਕੇ ਪਹੇ ਵਿਚ ਜਾਂਦੇ ਪਾਲੀਆਂ ਨਾਲ ਜਾ ਰਲੀ ਸੀ।

'ਜੇ ਆਪ ਆ ਕੇ ਪੈਰੀਂ ਨਾ ਪਈ ਤਾਂ ਕੀ ਸਮਝੇਂਗੀ ?' ਉਸ ਨੇ ਠਾਣ ਲਈ ਸੀ, ਉਹ ਕਰਤਾਰੋ ਦਾ ਹੰਕਾਰ ਕੱਢ ਕੇ ਛੱਡੇਗਾ।

ਬਲਦੇਵ ਦੇ ਫੌਲਾਦ ਵਰਗੇ ਕਰੜੇ ਹੱਡਾਂ ਤੇ ਉਹਨੂੰ ਚਿੜ ਚੜ੍ਹ ਗਈ। ਕਰਤਾਰੋ ਨੂੰ ਕਾਬੂ ਕਰਨ ਲਈ ਇਨ੍ਹਾਂ ਦਾ ਇੰਤਜ਼ਾਮ ਕਰਨਾ ਜ਼ਰੂਰੀ ਸੀ।

ਅਗਲੇ ਦਿਨ ਤੋਂ ਉਸ ਨੇ ਆਪਣੇ ਕਾਮਿਆਂ ਨੂੰ ਦੁਪਹਿਰ ਦੀ ਚਾਹ ਨਾਲ ਭੋਰਾ ਭੋਰਾ ਅਫੀਮ ਦਾ ਦੇਣਾ ਸ਼ੁਰੂ ਕਰ ਦਿਤਾ। ਸਭ ਦੇ ਚਿਹਰਿਆਂ ਤੇ ਰੌਣਕਾਂ ਆ ਗਈਆਂ। ਉਹ ਕੰਮ ਵੀ ਦੁਗਨਾ ਕਰਨਗੇ ਅਤੇ ਸਾਰਾ ਦਿਨ ਝੂਮਦੇ ਵੀ



ਰਹਿਣਗੇ। ਸਰਦਾਰ ਦੀ ਇਹ ਗੱਲ ਜਦੋਂ ਪਿੰਡ ਅਪੜੀ ਤਾਂ ਨਿਹਾਲਾ ਤੇ ਕਰਤਾਰ ਵੀ ਚੌਧਰੀ ਨੂੰ ਛੱਡ ਕੇ ਆ ਰਲੇ।

ਕਰਤਾਰੋ ਨੇ ਪਹਿਲਾਂ ਕੁੜੀ ਤੇ ਫਿਰ ਮੁੰਡਾ ਜੰਮਿਆ। ਪਰ ਉਸ ਦਾ ਰੰਗ ਹੋਰ ਵੀ ਨਿਖਰ ਆਇਆ। ਉਸ ਦੇ ਭਰਵੇਂ ਹੱਡਾਂ ਨੂੰ ਹੋਰ ਵੀ ਜਵਾਨੀ ਚੜ੍ਹੀ।

ਪਰ ਬਲਦੇਵ ਅਗਲਾ ਬਲਦੇਵ ਨਾ ਰਿਹਾ। ਇਨ੍ਹਾਂ ਕੁਝ ਸਾਲਾਂ ਵਿਚ ਹੀ ਉਹਦੇ ਹੱਡ ਖੁਰ ਗਏ। ਸਾਰਾ ਸਾਰਾ ਦਿਨ ਉਹ ਅਫ਼ੀਮ ਦੇ ਭਾੜੇ ਚਲਣ ਲਗਿਆ। ਸਰਦਾਰ ਦੀ ਵੀ ਉਸ ਤੇ ਖ਼ਾਸ ਮਿਹਰਬਾਨੀ ਸੀ। ਜਿੰਨੀ ਜੀ ਆਵੇ ਖਾਵੇ ਉਸ ਨੂੰ ਪੂਰੀ ਖੁਲ੍ਹ ਸੀ। ਤੇ ਇਸ ਦਾ ਫ਼ਾਇਦਾ ਬਲਦੇਵ ਨੇ ਕੋਈ ਘੱਟ ਨਾ ਉਠਾਇਆ। ਵੱਡੀ ਡੱਬੀ ਸਾਰੀ ਦੀ ਸਾਰੀ ਉਹਦਾ ਇਕ ਦਿਨ ਦਾ ਕੰਮ ਬਣ ਗਿਆ।

ਦਿਨਾਂ ਵਿਚ ਉਹਦੇ ਹੱਡ ਢਲ ਗਏ। ਜਿਵੇਂ ਸੌ ਸਾਲ ਦਾ ਬੁੱਢਾ। ਭੋਰਾ ਅਫ਼ੀਮ ਮਿਲ ਗਈ ਤਾਂ ਕੰਮ ਹੋ ਗਿਆ ਨਹੀਂ ਉਬਾਸੀਆਂ ਲੈਂਦੇ ਰਹਿਣਾ। ਮੂੰਹ ਵਿਚੋਂ ਰਾਲਾਂ ਵਗਣ ਲਗਦੀਆਂ ਤਾਂ ਵਗਦੀਆਂ ਹੀ ਰਹਿੰਦੀਆਂ। ਮੱਖੀਆਂ ਹਟਾਉਣ ਤਕ ਦੀ ਉਹਦੀ ਹਿੰਮਤ ਨਾ ਰਹੀ।

ਕਰਤਾਰੋ ਨਿੱਤ ਹਾੜੇ ਕੱਢਦੀ, ਮਿੰਨਤਾਂ ਕਰਦੀ ਪਰ ਉਸ ਤੇ ਡਕਾ ਅਸਰ ਨਾ ਹੁੰਦਾ। ਵੱਡੇ ਹੋ ਰਹੇ ਜਵਾਕਾਂ ਦੇ ਵਾਸਤੇ ਪਾਉਂਦੀ। ਪਰ ਉਹ ਮਜਬੂਰ ਸੀ। ਅਫ਼ੀਮ ਨੇ ਉਹਦੇ ਅੰਦਰ ਘਰ ਕਰ ਲਿਆ ਸੀ।

ਫੇਰ ਉਹੋ ਹੋਇਆ ਜਿਸ ਦਾ ਉਹਨੂੰ ਡਰ ਸੀ। ਸਰਦਾਰ ਨੇ ਉਹਨੂੰ ਖੇਤੋਂ ਕੱਢ ਦਿੱਤਾ। ਹਾਰੇ ਬਲਦ ਵਾਂਗ ਨਿਹਾਲੇ ਅਤੇ ਕਰਤਾਰ ਨੂੰ ਨਾਲ ਲਈ ਪਿੰਡ ਵਿਚ ਘੁੰਮਣ ਲਗਿਆ। ਤਿੰਨਾਂ ਦੀ ਤਿਕੜੀ ਚੰਗੀ ਬੱਝ ਗਈ ਸੀ। ਕਦੇ ਇਧਰ ਘੁੰਮ ਆਏ ਕਦੇ ਉਧਰ। ਮੰਜੇ ਵਿਚ ਡਿਗ ਪਿਆ ਤਾਂ ਦੋ ਦਿਨ ਉਥੇ ਹੀ ਪਿਆ ਰਿਹਾ। ਜਾਂ ਫੇਰ ਪਿੰਡ ਦੇ ਬਾਹਰ ਛੱਪੜ ਕਿਨਾਰੇ ਬੈਠੇ ਭੰਗਾਂ ਰਗੜ ਰਗੜ ਪੀਂਦੇ ਰਹਿੰਦੇ।

ਜਿੱਥੋਂ ਤਕ ਉਨ੍ਹਾਂ ਦਾ ਜ਼ੋਰ ਚਲਿਆ ਉਨ੍ਹਾਂ ਘਰ ਦੇ ਗਹਿਣੇ-ਗੱਟੇ, ਭਾਂਡੇ-ਠੀਕਰ ਵੇਚੇ...ਤੇ ਜਦੋਂ ਘਰੋਂ ਛਿੱਤਰ ਪੈਣ ਲਗੇ...ਉਨ੍ਹਾਂ ਨੇ ਲੋਕਾਂ ਦੀਆਂ ਚੀਜ਼ਾਂ ਤੇ ਹੱਥ ਫੇਰਨਾ ਸ਼ੁਰੂ ਕਰ ਦਿਤਾ।

ਕਰਤਾਰੋ ਦਾ ਮੁੰਡਾ ਵੱਡਾ ਹੋ ਚਲਿਆ ਸੀ। ਅਮਲੀ ਹੋ ਚੁਕੇ ਬਲਦੇਵ

ਤੋਂ ਕਰਤਾਰੋ ਦੀਆਂ ਆਸਾਂ ਹਟ ਕੇ ਉਸ ਤੇ ਆ ਟਿਕੀਆਂ। ਨਿੱਤ ਸਰਦਾਰ ਦੇ ਸੁਨੇਹੇ ਆਉਂਦੇ ਕਰਤਾਰੋ ਮੁੰਡੇ ਨੂੰ ਡੰਗਰਾਂ ਨਾਲ ਭੇਜ ਦਿਆ ਕਰ, ਕੁੜੀ ਨੂੰ ਗੋਹਾ ਕੂੜਾ ਕਰਣ। ਪਰ ਕਰਤਾਰੋ ਨੇ ਕੁਝ ਨਾ ਕੀਤਾ। ਸਰਦਾਰ ਦੀ ਨੀਅਤ ਦਾ ਉਸ ਨੂੰ ਚੰਗੀ ਤਰ੍ਹਾਂ ਪਤਾ ਸੀ। ਜਿਵੇਂ ਕਿਵੇਂ ਹੋਇਆ ਉਹ ਦਿਨ ਟਪਾਈ ਗਈ।

ਸਾਨ੍ਹ ਵਰਗਾ ਬਲਦੇਵ, ਪੌਂ ਖਾਧੇ ਕੁੱਤੇ ਵਰਗਾ ਬਣਿਆ ਵੀ ਸਰਦਾਰ ਨੂੰ ਚੁਭਦਾ ਸੀ। ਉਸ ਦਿਨ ਤਾਂ ਉਸ ਨੂੰ ਹੋਰ ਵੀ ਰੋਹ ਚੜ੍ਹ ਗਿਆ ਜਦੋਂ ਕਰਤਾਰੋ ਨੇ ਆਖ ਘਲਿਆ :

'ਕੰਮ ਤਾਂ ਇਕ ਪਾਸੇ ਰਿਹਾ ਮਰਦੇ ਦਮ ਤੱਕ ਵੀ ਮੇਰੇ ਬੱਚੇ ਤੇਰੇ ਦਰਸ਼ਨ ਨਹੀਂ ਕਰਨਗੇ।'

ਪਿੰਡ ਦੇ ਤੁਰਦੇ ਘਰਾਂ ਨੂੰ ਉਹਨੇ ਇਕੱਠੇ ਕੀਤਾ। ਸਾਰੇ ਘਰ ਅਮਲੀਆਂ ਦੀਆਂ ਹਰ ਰੋਜ਼ ਦੀਆਂ ਚੋਰੀਆਂ ਤੋਂ ਡਾਢੇ ਦੁਖੀ ਸਨ।

'ਹੁਣ ਜਦੋਂ ਵੀ ਚੋਰੀ ਹੋਵੇ...ਉਤੋਂ ਫੜ ਲਉ.. ਫੇਰ ਮੈਂ ਜਾਣਾ ਤੇ ਮੇਰਾ ਕੰਮ...'

ਦੋ ਦਿਨਾਂ ਬਾਅਦ ਹੀ ਅਮਲੀ ਫੜੇ ਗਏ। ਤਿੰਨਾਂ ਨੇ ਰਲ ਕੇ ਕਿਰਪਾ ਸਿੰਘ ਦੀ ਸੁਕਣੀ ਪਾਈ ਕਣਕ ਦੀਆਂ ਝੋਲੀਆਂ ਭਰ ਲਈਆਂ ਸਨ। ਪਹਿਲਾਂ ਉਨ੍ਹਾਂ ਤੇ ਹੱਥ ਫੇਰਿਆ ਗਿਆ ਤੇ ਪਿਛੋਂ ਸਰਦਾਰ ਨੇ ਥਾਨਾ ਚੜ੍ਹਾ ਲਿਆਂਦਾ। ਗੱਡੇ ਵਿਚ ਲਦਾ ਕੇ ਖੁਦ ਉਨ੍ਹਾਂ ਨੂੰ ਸ਼ਹਿਰ ਤੱਕ ਛਡ ਕੇ ਆਇਆ।

ਪਹਿਲਾਂ ਪਹਿਲ ਅਮਲੀਆਂ ਨੂੰ ਪਿੰਡੋਂ ਕੱਢ ਕੇ ਲੋਕਾਂ ਸੁਖ ਦਾ ਸਾਹ ਲਿਆ। ਤੇ ਜਦੋਂ ਮੁੜ ਆਏ ਹੀ ਨਾ ਤਾਂ ਉਨ੍ਹਾਂ ਨੂੰ ਦੁਖ ਜਿਹਾ ਹੋਇਆ। ਕਈ ਵਾਰ ਸਥ ਵਿਚ ਬੈਠੇ ਬੁਢੇ ਆਖਦੇ, 'ਕੀ ਹੋ ਗਿਆ ਸੀ ਜੇ ਕਦੇ ਦੋ ਸੇਰ ਦਾਣੇ ਲੈ ਜਾਂਦੇ... ਕਾਹਨੂੰ ਸੰਹਰੇ ਮਰਵਾਉਣੇ ਸਨ.. ਕਿਡੇ ਪੱਥਰਾਂ ਵਰਗੇ ਸਰੀਰ ਸੀ ਕੰਜਰਾਂ ਦੇ...ਅਫ਼ੀਮ ਨੇ ਗਿੱਲੀ ਮਿੱਟੀ ਵਾਂਗ ਖੋਰ ਦਿਤੇ ..।'

ਪਰ ਕਰਤਾਰੋ ਨੇ ਹਿੰਮਤ ਨਾ ਹਾਰੀ। ਆਪਣੇ ਅੱਠਾਂ ਸਾਲਾਂ ਦੇ ਜੈਲੋ ਨੂੰ ਚੋਧਰੀਆਂ ਦੇ ਡੰਗਰਾਂ ਮਗਰ ਜਾ ਲਾਇਆ। ਘਾਹ ਵੀ ਆਥਣ ਉਗਨ ਚੌਧਰੀ ਦੀ ਹਵੇਲੀ ਗੋਹਾ ਕੂੜ੍ਹਾ ਕਰ ਆਉਂਦੀ।

ਜਿਉਂ ਜਿਉਂ ਜਵਾਨ ਹੁੰਦੀ ਹਰਬੰਸੋ ਦਾ ਅੰਗ ਅੰਗ ਮਘਨ ਲਗਿਆ। ਉਸ ਦੇ ਤਨ ਦੇ ਕਪੜਿਆਂ ਤੇ ਲਗੀਆਂ ਟਾਕੀਆਂ ਵੀ ਘਸ ਗਈਆਂ। ਨਾ ਕਰਤਾਰੋ ਦਾ ਦਿਲ ਉਸਨੂੰ ਘਰ ਛਡਣ ਤੇ ਟਿਕਦਾ ਤੇ ਨਾ ਨਾਲ ਲਿਜਾ ਕੇ। ਪਿਛੋਂ ਇਕੱਲੀ ਧੀ ਦਾ ਕੀ ਵਟੀਦੈ। ਉਥੇ ਚੌਧਰੀਆਂ ਦੀ ਕੀ ਖ਼ਬਰ... ਕਦੋਂ...ਕੁਝ ਕਰ...ਦੇਣ...ਉਹ ਕਿਹਦੇ ਸਿਰ ਚੜ੍ਹ ਮਰੇਗੀ।

ਹਰਬੰਸੋ ਦੀ ਜਵਾਨੀ ਦਾ ਘੁਣ ਉਹਨੂੰ ਖਾਣ ਲਗਿਆ। ਹਰ ਨਵਾਂ ਚੜ੍ਹਦਾ ਦਿਨ ਉਸ ਲਈ ਔਖ ਭਰਿਆ ਹੁੰਦਾ। ਕੁੜੀ ਜਵਾਨ ਹੋ ਗਈ ਸੀ, ਮੁੰਡਾ ਕਿੰਨਾ ਕੁਝ ਸੋਚਣ ਲੱਗ ਪਿਆ ਸੀ। ਨਿੱਤ ਆ ਕੇ ਕਰਤਾਰੋ ਨੂੰ ਆਖਦਾ :

''ਮੈਂ ਬਾਪੂ ਦਾ ਬਦਲਾ ਲਊਂ...ਚੌਧਰੀ ਆਖਦਾ ਸੀ ਸਰਦਾਰ ਨੇ ਸਾਡੇ ਬਾਪੂ ਨੂੰ ਫੀਮ ਦਾ ਅਮਲੀ ਬਣਾਇਆ। ਉਹੋ ਉਹਨੂੰ ਥਾਣੇ ਕੈਦ ਕਰਾ ਕੇ ਆਇਆ। ਮੈਂ ਵੀ ਦੇਖਿਆ ਸੀ ਉਹ ਘੋੜੀ ਤੇ ਚੜ੍ਹ ਕੇ ਬਾਪੂ ਦੇ ਗੱਡੇ ਨਾਲ ਗਿਆ ਸੀ। ਚੋਧਰੀ ਮੈਨੂੰ ਪਸਤੌਲ ਲਿਆ ਕੇ ਦਿਊ...ਮੈਂ ਸਰਦਾਰ ਦੇ ਸੀਨੇ ਨੂੰ ਚੀਰ ਦੇਉਂ...ਚੌਧਰੀ ਮੈਨੂੰ ਛੁਡਾ ਕੇ ਲਿਆਉਣਗੇ...।' ਉਹਦੀਆਂ ਗੱਲਾਂ ਸੁਣ ਕੇ ਕਰਤਾਰੋ ਨੂੰ ਕਾਂਬਾ ਛਿੜ ਜਾਂਦਾ। ਇਹ ਚੌਧਰੀ ਉਸ ਨੂੰ ਕੀ ਪਟੀਆਂ ਪੜ੍ਹਾਉਣ ਲਗੇ ਹੋਏ ਸਨ।

ਹਰਬੰਸੋ ਜੁਆਨ ਹੋ ਗਈ ਸੀ। ਮੁੰਡੇ ਦੇ ਡਉਲੇ ਫਰਕਣ ਲਗੇ ਸਨ ਅਤੇ ਉਸ ਨੂੰ ਪਿੰਡ ਵਿਚ ਮੰਗਿਆਂ ਕੋਈ ਆਟਾ ਵੀ ਨਹੀਂ ਸੀ ਦਿੰਦਾ। ਉਸ ਦਾ ਪਿਓ ਮਰ ਗਿਆ ਸੀ, ਰਿਸ਼ਤੇਦਾਰ ਜਿਊਂਦੇ ਹੀ ਮਰ ਗਏ ਸਨ ਅਤੇ ਉਸ ਦੀ ਹਰਬੰਸੋ ਨੂੰ ਚੌਧਰੀ ਦੇ ਮੁੰਡਿਆਂ ਨੇ...ਹੱਥ ਪਾ ਲਿਆ ਸੀ।

ਕਰਤਾਰੋ ਦੀਆਂ ਅੱਖਾਂ ਦੀ ਨੀਂਦ ਉੱਡ ਗਈ। ਉਸ ਦੀ ਅਣਖ ਉਸ ਦਾ ਸਾਥ ਛੱਡ ਰਹੀ ਸੀ। ਕਈਆਂ ਨੇ ਉਸ ਨੂੰ ਆਖਿਆ ਸੀ ਸਰਦਾਰ ਦੀ ਉਸ ਤੇ ਕ੍ਰੋਪੀ ਹੈ। ਉਨ੍ਹਾਂ ਨੇ ਵੀ ਸਰਦਾਰ ਦੇ ਖੇਤਾਂ ਚੋਂ ਰੋਟੀ ਖਾਣੀ ਸੀ। ਕਰਤਾਰੋ ਦੀ ਖੁਸ਼ੀ ਲਈ ਸਰਦਾਰ ਨੂੰ ਕਿਵੇਂ ਨਰਾਜ਼ ਕਰ ਸਕਦੇ ਹਨ।

ਇਕ ਵਾਰ ਗੱਜਨ ਨੇ ਆ ਕੇ ਦਸਿਆ ਉਹ ਬਚ ਕੇ ਰਹੇ। ਸਰਦਾਰ ਉਸ ਦੀ ਇਜ਼ਤ ਨੂੰ ਹੱਥ ਪਵਾਉਣ ਨੂੰ ਫਿਰਦਾ ਹੈ।

'ਹੱਥ ਤਾਂ ਲਾ ਕੇ ਦੇਖੇ ਕੋਈ...ਸੀਰਮੇ ਨਾ ਪੀ ਜਾਵਾਂ...।' ਉਸ ਵਕਤ ਤਾਂ ਗੱਜਨ ਨੂੰ ਉਹਨੇ ਕੜਕ ਕੇ ਆਖ ਦਿਤਾ। ਪਿਛੋਂ ਉਹ ਆਪਣੇ ਮੰਜੇ ਵਿਚੋਂ ਨਾ ਉਠ ਸਕੀ। ਉਹ ਕਿਸ ਦੇ ਸਹਾਰੇ ਸੀਰਮੇ ਪੀਵੇਗੀ। ਪਿੰਡ ਵਿਚ ਤਾਂ ਕੋਈ

ਉਸਨੂੰ ਦੋ ਮੁੱਠ ਆਟਾ ਦੇਣ ਨੂੰ ਵੀ ਤਿਆਰ ਨਹੀਂ।

ਉਸ ਦੇ ਦਿਲ ਵਿਚ ਸੈਂਕੜੇ ਵਿਦਰੋਹੀ ਲਾਟਾਂ ਜਲੀਆਂ ਤੇ ਦਬ ਗਈਆਂ। ਸਰਦਾਰ ਪ੍ਰਤੀ ਉਸ ਦੀ ਨਫਰਤ ਹੋਰ ਵੀ ਭੜਕ ਉਠੀ।

'ਪਰ ਇਸ ਤਰ੍ਹਾਂ ਇਜ਼ਤ ਲੁਟਾਉਣ ਨਾਲੋਂ ਤਾਂ...।' ਕਰਤਾਰੋ ਨੂੰ ਇਕ ਰਾਹ ਲਭਿਆ। ਉਹ ਸਿਖਰ ਦੁਪਹਿਰੀਂ ਸਰਦਾਰ ਦੇ ਖੇਤਾਂ ਵਲ ਤੁਰ ਪਈ।

ਨਿੰਮ ਦੀ ਛਾਵੇਂ, ਚਲ ਰਹੇ ਟਿਊਬਵੈਲ ਦੀ ਧਾਰ ਕੋਲ ਬੈਠਾ ਸਰਦਾਰ ਸ਼ਰਾਬ ਪੀ ਰਿਹਾ ਸੀ। ਟੁਟੀ ਹਾਰੀ ਰਫ਼ਤਾਰ ਨਾਲ ਕਰਤਾਰੋ ਉਸ ਵਲ ਵੱਧਣ ਲੱਗੀ। ਸਰਦਾਰ ਦੀਆਂ ਨਿਗਾਹਾਂ ਉਸ ਤੇ ਪਈਆਂ। ਉਹ ਡਰਿਆ। ਮੋਢੇ ਤੇ ਵੱਡੀ ਦੰਦੀ 'ਚ ਦਰਦ ਉਠਿਆ। ਪਰ ਉਹ ਬੈਠਾ ਰਿਹਾ। ਕਰਤਾਰੋ ਉਸ ਵੱਲ ਵੱਧਦੀ ਰਹੀ। ਕਰਤਾਰੋ ਦੀ ਉਮਰ ਕਾਫੀ ਢਲ ਗਈ ਸੀ...ਉਹ ਵੀ ਚਾਰ ਮੁੰਡਿਆਂ ਦਾ ਬਾਪ ਹੋ ਗਿਆ ਸੀ। ਪਰ ਹਾਲੀਂ ਵੀ ਕਰਤਾਰੋ ਉਸ ਨੂੰ ਉਨੀਂ ਹੀ ਸੋਹਣੀ ਲੱਗ ਰਹੀ ਸੀ ਜਿੰਨੀ ਪਹਿਲੇ ਦਿਨ।

ਕਰਤਾਰੋ ਉਸ ਕੋਲ ਆਈ! ਕੁਝ ਦੇਰ ਖੜੀ ਰਹੀ। ਸਰਦਾਰ ਦੀ ਸ਼ਰਾਬ ਖਿੜ ਉਠੀ। ਉਠ ਕੇ ਉਸਨੇ ਕਰਤਾਰੋ ਨੂੰ ਬਾਹਾਂ ਵਿਚ ਘੁਟ ਲਿਆ। ਪਰ ਇਸ ਵਾਰ ਕਰਤਾਰੋ ਨੇ ਕੁਝ ਨਾ ਆਖਿਆ। ਸਗੋਂ ਧੂੰਹਦੀ ਸਰਦਾਰ ਨੂੰ ਕੋਠੇ ਵਿਚ ਲੈ ਗਈ ਤੇ ਟਿਊਬਵੈਲ ਦੇ ਸ਼ੋਰ ਵਿਚ ਕਿਸੇ ਨੇ ਉਹਦੀਆਂ ਆਹਾਂ ਨਾ ਸੁਣੀਆਂ...।

ਕਈ ਦਿਨ ਉਹ ਜ਼ੋਰ ਲਾਉਂਦੀ ਰਹੀ ਜੈਲਾ ਸਰਦਾਰ ਦੇ ਖੇਤਾਂ ਵਿਚ ਚਲਿਆ ਜਾਵੇ। ਹੁਣ ਉਹ ਕੋਈ ਡੰਗਰ ਚਾਰਨ ਨੂੰ ਨਿਆਣਾ ਨਹੀਂ ਸੀ ਰਿਹਾ। ਪਰ ਜੈਲਾ ਨੱਕ ਤੇ ਮੱਖੀ ਨਾ ਬੈਠਣ ਦਿੰਦਾ। ਹਰ ਵਾਰ ਆਖਦਾ:

'ਉਨ੍ਹਾਂ ਸਾਡਾ ਬਾਪੂ ਮਾਰਿਐ .ਮੈਂ ਤਾਂ ਉਹਦਾ ਖ਼ੂਨ ਕਰਨੈ...।'

ਦਿਨੋਂ ਦਿਨ ਉਨ੍ਹਾਂ ਦੀ ਹਾਲਤ ਕੁਝ ਸੁਧਰ ਰਹੀ ਸੀ। ਕਰਤਾਰੋ ਨੇ ਹਰਬੰਸੋ ਨੂੰ ਨਵਾਂ ਸੂਟ ਲਿਆ ਦਿਤਾ ਸੀ, ਆਪਣੇ ਲਈ ਦੋ ਲੀੜੇ ਸਵਾ ਲਏ ਸਨ ਅਤੇ ਜੈਲੇ ਨੂੰ ਵੀ। ਅਗੇ ਵਾਂਗ ਹੁਣ ਉਨ੍ਹਾਂ ਦੇ ਰੁੱਖੀਆਂ ਰੋਟੀਆਂ ਨਹੀਂ ਸਨ ਪਕਦੀਆਂ। ਸਰਦਾਰ ਵੀ ਵੇਲੇ ਕੁਵੇਲੇ ਉਨ੍ਹਾਂ ਦੀ ਪਿੱਠ ਥਾਪੜ ਜਾਂਦਾ।

ਆਥਣ ਉਗਨ ਦੀ ਮੇਹਨਤ ਪਿਛੋਂ ਕਰਤਾਰੋ ਨੇ ਜੈਲੇ ਨੂੰ ਸਰਦਾਰ ਦੇ ਖੇਤਾਂ ਲਈ ਮਨਾ ਹੀ ਲਿਆ। ਸਰਦਾਰ ਨੇ ਉਹਨੂੰ ਦੂਜੇ ਕਾਮਿਆਂ ਤੋਂ ਦੂਗਣੇ



ਪੈਸੇ ਦੇਣ ਦਾ ਬਚਨ ਦਿੱਤਾ ਸੀ।

ਜਿਨ੍ਹਾਂ ਖੇਤਾਂ ਵਿਚ ਉਹ ਕੰਮ ਕਰਨ ਲਗਿਆ ਸੀ ਉਹ ਸ਼ਹਿਰ ਜਾਂਦੇ ਪਹੇ ਤੇ ਲੱਗਦੇ ਸੀ। ਕਾਲਜ ਜਾਂਦੇ ਮੁੰਡੇ ਕੁੜੀਆਂ ਨੂੰ ਦੇਖ ਕੇ ਉਹਦੇ ਕਾਲਜੇ ਧੂਹ ਪੈਂਦੀ। ਜੇ ਉਹਦਾ ਪਿਓ ਅਮਲੀ ਨਾ ਬਣਦਾ, ਕੈਦ ਨਾ ਹੁੰਦਾ ਤਾਂ ਉਹ ਵੀ ਸ਼ਾਇਦ ਇਨ੍ਹਾਂ ਨਾਲ ਰਲ ਕੇ ਕਾਲਜ ਜਾ ਸਕਦਾ...। ਆਪਣਾ ਕੰਮ ਛੱਡ ਕੇ ਉਹ ਭੜੀਂ ਉਤੇ ਲੱਗੀ ਟਾਹਲੀ ਹੇਠਾਂ ਜਾ ਬੈਠਦਾ। ਉਨ੍ਹਾਂ ਨਾਲ ਢੇਰ ਸਾਰੀਆਂ ਗੱਲਾਂ ਕਰਨ ਨੂੰ ਜੀ ਕਰਦਾ। ਪਰ ਕਦੇ ਵੀ ਟਾਈਮ ਪੁੱਛਣ ਤੋਂ ਜ਼ਿਆਦਾ ਉਹ ਗੱਲ ਨਾ ਕਰ ਸਕਿਆ। ਤੇ ਭਾਵੇਂ ਟਾਈਮ ਵੀ ਉਹ ਬਿਨਾਂ ਮਤਲਬ ਹੀ ਪੁੱਛਦਾ ਸੀ।

ਫੇਰ ਕਾਲਜ ਜਾਂਦੇ ਮੁੰਡੇ ਉਹਦੇ ਦੋਸਤ ਬਣ ਗਏ। ਗੂੜ੍ਹੇ ਅਤੇ ਪੱਕੇ ਦੋਸਤ! ਕਿੰਨੀਆਂ ਚੰਗੀਆਂ ਗੱਲਾਂ ਸਨ ਜਿਹੜੀਆਂ ਉਹ ਉਸ ਨੂੰ ਸਮਝਾਉਂਦੇ। ਲੁਟ-ਖਸੁਟ, ਅਮੀਰ, ਗ਼ਰੀਬ, ਮਿਹਨਤਾਂ...ਛਾਪੇ...ਇਨ੍ਹਾਂ ਦੇ ਕਸੂਰਵਾਰ...ਅਤੇ ਕਿੰਨੇ ਹੀ ਇਲਾਜ...। ਹੌਲੀ ਹੌਲੀ ਉਹ ਸਾਰੀਆਂ ਗੱਲਾਂ ਸਮਝ ਗਿਆ। ਕਈ ਮੁੰਡੇ ਉਸ ਕੋਲ ਰਾਤਾਂ ਵੀ ਕੱਟ ਜਾਂਦੇ...। ਸਾਰੀ ਰਾਤ ਉਸ ਨੂੰ ਗੱਲਾਂ ਸੁਣਾਉਂਦੇ ਰਹਿੰਦੇ...। ਉਹ ਬੜਾ ਖ਼ੁਸ਼ ਸੀ।

ਜਿਸ ਦਿਨ ਉਨ੍ਹਾਂ ਨਸ਼ੇ ਦੀ ਗੱਲ ਸੁਣਾਈ ਉਹਦਾ ਦਿਲ ਜ਼ੋਰ ਜ਼ੋਰ ਦੀ ਧੜਕਿਆ। ਉਨ੍ਹਾਂ ਦੀ ਗੱਲ ਬਿਲਕੁਲ ਸੱਚ ਸੀ। ਇਕੋ ਨਹੀਂ, ਕਿੰਨੇ ਹ ਉਹਨੇ ਅਮਲੀ ਬਣਾਏ ਸਨ। ਕਰਤਾਰ ਦੀ ਜ਼ਮੀਨ ਬੈਅ ਕਰਾਈ ਸੀ... ਸਰਦਾਰੇ ਦੀ ਗੱਲ ਖੋਲ੍ਹੀ ਸੀ। ਇਨ੍ਹਾਂ ਵਿਚੋਂ ਕਿਸੇ ਕਾਰਨ ਕਰਕੇ ਹੀ ਉਸ ਦੇ ਪਿਓ ਨੂੰ ਅਮਲੀ ਬਣਾਇਆ ਗਿਆ। ਉਹ ਸਮਾਂ ਦੇਖਣ ਲਗਿਆ ਕਦੋਂ ਉਹ ਆਪਣੇ ਬਾਪੂ ਦਾ ਬਦਲਾ ਲੈ ਸਕੇ।

ਇਨ੍ਹਾਂ ਗੱਲਾਂ ਨੂੰ ਬਹੁਤੇ ਦਿਨ ਨਹੀਂ ਸੀ ਲੰਘੇ ਜਦੋਂ ਸਰਦਾਰ ਦਾ ਵੱਡਾ ਮੁੰਡਾ ਉਹਦੇ ਤੇ ਆ ਕੇ ਕੜਕਿਆ:

'ਹਰਾਮਜ਼ਾਦਿਆ...ਮਰਵਾਏਂਗਾ ਸਾਨੂੰ...ਇਨ੍ਹਾਂ ਕੋਠਿਆਂ 'ਚ ਕਿਉਂ ਰਖਦੈਂ...ਪਤੈ ਕੌਣ ਨੇ ਉਹ ਤੇਰੇ ਪਿਓ...?'

ਇਸ ਤੋਂ ਪਹਿਲਾਂ ਉਹ ਕੁਝ ਅੱਗੇ ਬੋਲਦਾ ਜੈਲੈ ਦਾ ਦਬਿਆ ਰੋਹ ਭੜਕ ਉਠਿਆ।

'ਬਹੁਤਾ ਰੋਹਬ ਜਾ ਨਾ ਦਿਖਾਈਂ । ਖਲੜੀ ਧੇੜ ਦਿਊਂ...ਹੱਡ ਖਾਨੇ ਆਂ ਆਪਣੇ ।'

ਇਹ ਤੂੰ ਤੂੰ ਮੈਂ ਮੈਂ ਹੱਥੋ-ਪਾਈ ਵਿਚ ਵੱਟ ਗਈ ਸੀ। ਸ਼ਾਮ ਨੂੰ ਉਹ ਸ਼ਹਿਰ ਭੱਜ ਗਿਆ। ਮੁੰਡਿਆਂ ਨੇ ਵਿਚ ਪੈ ਕੇ ਉਹਨੂੰ ਕਾਰਖਾਨੇ ਲਵਾ ਦਿੱਤਾ।

ਦੋ ਮਹੀਨਿਆਂ ਪਿਛੋਂ ਜਦੋਂ ਉਹ ਢੇਰ ਸਾਰੀਆਂ ਚੀਜ਼ਾਂ ਖ਼ਰੀਦ ਕੇ ਪਿੰਡ ਮੁੜਿਆ, ਉਹਦਾ ਹੇਠਲਾ ਸਾਹ ਹੇਠਾਂ ਤੇ ਉਤਲਾ ਉਤੇ ਰਹਿ ਗਿਆ। ਉਹਦੀ ਮਾਂ ਹਰਬੰਸੋ ਨੂੰ ਨਾਲ ਲੈ ਕੇ ਖੁਲ੍ਹਮ-ਖੁਲ੍ਹਾ ਸਰਦਾਰ ਦੇ ਘਰ ਰਹਿਣ ਲੱਗ ਪਈ ਸੀ। ਕਿਸ ਕਿਸ ਦਾ ਗਲ ਘੁੱਟੇ ਉਸ ਨੂੰ ਸਮਝ ਨਾ ਆਈ। ਕਦੇ ਆਪਣੀ ਮਾਂ ਉਤੇ, ਕਦੇ ਭੈਣ ਉਤੇ ਅਤੇ ਕਦੇ ਸਰਦਾਰ ਉਤੇ ਉਹਨੂੰ ਇਕ ਚੜ੍ਹਦੀ ਅਤੇ ਇਕ ਲਹਿੰਦੀ ਸੀ।

ਸ਼ਰਮ ਨਾਲ ਸਿਰ ਨੀਵਾਂ ਕਰੀ ਉਹ ਚੌਧਰੀਆਂ ਦੇ ਖੇਤ ਅੱਪੜਿਆ। ਉਹ ਅੱਗੋਂ ਇਉਂ ਮਿਲੇ ਜਿਵੇਂ ਰੱਬ ਮਿਲਿਆ ਹੋਵੇ। ਕਿੰਨਾ ਚਿਰ ਉਹ ਗੱਲਾਂ ਕਰਦੇ ਰਹੇ। ਉਸ ਦੇ ਪਿਓ ਦੀ ਜਵਾਨੀ ਦੀਆਂ, ਉਸ ਦੇ ਕੰਮ ਦੀਆਂ, ਸਰਦਾਰ ਦੀਆਂ ਹਰਾਮਜ਼ਦਗੀਆਂ ਦੀਆਂ ਅਤੇ ਫੇਰ ਉਸ ਨੂੰ ਅਮਲੀ ਬਨਾਉਣ ਤੋਂ ਲੈ ਕੇ ਕਰਤਾਰੋ ਨੂੰ ਘਰ ਵਸਾਉਣ ਤਕ ਦੀਆਂ।

ਕਈ ਮਹੀਨੇ ਉਹ ਚੌਧਰੀਆਂ ਦੇ ਕੰਮ ਕਰਦਾ ਰਿਹਾ। ਸਰਦਾਰ ਨਾਲ ਟਕਰਨ ਦੇ ਉਹਦੇ ਮਨਸੂਬੇ ਕਦੇ ਵੀ ਕਾਮਯਾਬ ਨਾ ਹੋਏ। ਹਰ ਰੋਜ਼ ਇਕ ਦੋ ਵਾਰ ਕਰਤਾਰੋ ਉਹਦੇ ਕੋਲ ਆਉਂਦੀ, ਹਰਬੰਸੋ ਦੀ ਜਵਾਨੀ ਦੇ ਵਾਸਤੇ ਪਾਉਂਦੀ ਅਤੇ ਮੁੜ ਸਰਦਾਰ ਦੇ ਖੇਤਾਂ ਵਿਚ ਆ ਜਾਣ ਤੇ ਤਰਲੇ ਕਰਦੀ। ਹੁਣ ਉਹ ਨਿਰਾ ਕਾਮਾ ਨਹੀਂ ਹੋਵੇਗਾ। ਕਰਤਾਰੋ ਸਰਦਾਰ ਤੇ ਜ਼ੋਰ ਪਾ ਰਹੀ ਸੀ ਥੋੜ੍ਹੀ ਭੋਂ ਉਹਦੇ ਨਾਂ ਲਵਾ ਦੇਵੇ।

ਕਰਤਾਰੋ ਦੀ ਉਹ ਮੰਨਦਾ ਭਾਵੇਂ ਨਾ ਪਰ ਕਾਲਜ ਪੜ੍ਹਦੇ ਮੁੰਡਿਆਂ ਦੇ ਕਹਿਣ ਤੇ ਉਹ ਫੇਰ ਉਨ੍ਹਾਂ ਖੇਤਾਂ ਵਲ ਚਲਿਆ ਗਿਆ ਜਿਥੇ ਉਸ ਦੀ ਵੱਢੀ ਰੂਹ ਵੀ ਨਹੀਂ ਸੀ ਕਰਦੀ। ਪਰ ਮੁੰਡਿਆਂ ਖਾਤਰ ਜਿਵੇਂ ਉਹ ਹਰ ਕੰਮ ਕਰਨ ਨੂੰ ਤਿਆਰ ਸੀ ਜੋ ਉਹ ਕਹਿਣ। ਮੁੰਡਿਆਂ ਨੂੰ ਉਥੇ ਰਹਿਣ ਨਾਲ ਕਈ ਲਾਭ ਸਨ ਜਿਹੜੇ ਉਨ੍ਹਾਂ ਸਮਝਾਏ ਤੇ ਉਹ ਗੁੱਸੇ ਨੂੰ ਪੀ ਕੇ ਖੇਤਾਂ ਵਿਚ ਚਲਿਆ ਗਿਆ।



ਇਕ ਵਾਰ ਦੋ ਵਾਰ ਅਤੇ ਫੇਰ ਹਰ ਰੋਜ਼ ਹੀ ਉਸ ਦੀ ਸਰਦਾਰ ਦੇ ਮੁੰਡਿਆਂ ਨਾਲ ਲੜਾਈ ਰਹਿਣ ਲੱਗੀ। ਉਹ ਹੈਰਾਨ ਸਨ ਇਹੋ ਜਿਹੀਆਂ ਗੱਲਾਂ ਉਹ ਕਿਥੋਂ ਸਿਖ ਕੇ ਆਇਆ ਹੈ। ਇਕ ਅੱਧ ਹੁੰਦੀ ਜਰ ਲੈਂਦੇ ਪਰ ਹੁਣ ਤਾਂ ਉਹਨੇ ਸਾਰੇ ਕਾਮਿਆਂ ਨੂੰ ਹੀ ਪੁੱਠੀ ਪੱਟੀ ਪੜ੍ਹਾ ਦਿਤੀ ਸੀ। ਇਕ ਵਾਰ ਉਨ੍ਹਾਂ ਨੇ ਕੱਢਣ ਦਾ ਯਤਨ ਕੀਤਾ ਪਰ ਉਨ੍ਹਾਂ ਦੇ ਪਿਓ ਨੇ ਪੱਟੀ ਨਾ ਬੰਨ੍ਹਣ ਦਿਤੀ।

ਉਸ ਦੀਆਂ ਅਜੀਬ ਅਜੀਬ ਗੱਲਾਂ ਦਾ ਫਿਕਰ ਸਰਦਾਰ ਨੂੰ ਵੀ ਚੁਭਿਆ। ਇਸ ਤਰ੍ਹਾਂ ਤਾਂ ਉਹ ਆਪਣੀਆਂ ਜੜ੍ਹਾਂ ਵਿਚ ਆਪ ਹੀ ਤੇਲ ਪਾਉਣ ਦੀ ਗੱਲ ਕਰ ਰਿਹਾ ਸੀ। ਸਰਦਾਰ ਦੇ ਮੁੰਡੇ ਉਸ ਦਾ ਫਾਹਾ ਵੱਢਣ ਨੂੰ ਫਿਰਦੇ ਸਨ-ਭਾਵੇਂ ਕਿੰਨਾ ਹੀ ਮਹਿੰਗਾ ਪਵੇ। ਪਰ ਸਰਦਾਰ ਕੁਝ ਹੋਰ ਸੋਚਦਾ ਸੀ।

ਫੇਰ ਇਕ ਦਿਨ ਉਸਨੇ ਆਪਣੇ ਮੁੰਡਿਆਂ ਦੇ ਕੰਨ ਵਿਚ ਸਾਰੀ ਗੱਲ ਸਮਝਾਈ। ਇੰਝ ਸੱਪ ਵੀ ਮਰ ਜਾਣੈਂ ਤੇ ਲਾਠੀ ਵੀ ਬਚ ਰਹਿਣੀ ਹੈ।

ਉਹ ਕਈ ਦਿਨਾਂ ਤੋਂ ਦਾਣੇ ਕੱਢਦੇ ਆ ਰਹੇ ਸਨ। ਦੋ ਰਾਤਾਂ ਤੋਂ ਜੈਲੇ ਨੇ ਅੱਖ ਵੀ ਨਹੀਂ ਸੀ ਲਾਈ। ਕੰਮ ਮੁਕਾ ਕੇ ਹੀ ਦਮ ਲੈਣ ਦੀ ਉਹਦੀ ਸਲਾਹ ਸੀ। ਦਬਾ ਦਬ ਉਹ ਰੁਗ ਦਿੰਦਾ ਜਾ ਰਿਹਾ ਸੀ ਉਸ ਨੂੰ ਪਤਾ ਵੀ ਨਾ ਲਗਿਆ ਕਦੋਂ ਪਰ੍ਹਾਂ ਸ਼ਰਾਬ ਪੀ ਰਹੇ ਸਰਦਾਰ ਦੇ ਮੁੰਡੇ ਉਹਦੇ ਤੇ ਆ ਝਪਟੇ।

'ਦਿੰਨੇ ਆਂ ਤੈਨੂੰ ਜ਼ਮੀਨ...ਸਾਲਾ ਵੱਡਾ ਆਇਆ ਸਾਰਿਆਂ ਦਾ ਹਮਦਰਦੀ...ਬੁੜ੍ਹਾ ਛੱਡ ਗਿਆ ਸੀ ਨਾਂ ਜ਼ਮੀਨ ਨਵਾਬ ਲਈ...।'

ਕਟਕ ਕਟਕ ਕਰ ਕੇ ਉਸ ਦੀਆਂ ਦੋਏ ਬਾਹਾਂ ਮਸ਼ੀਨ ਵਿਚ ਜਾ ਕੱਟੀਆਂ। ਪਟਾ ਟੁਟ ਕੇ ਜਦੋਂ ਮਸ਼ੀਨ ਖੜੀ...ਉਸ ਦੀਆਂ ਬਾਹਾਂ ਝੜ ਗਈਆਂ ਸਨ... ਖਿਚ ਖਿਚਾ ਕੇ ਮਸਾਂ ਉਹਨੇ ਬਾਹਾਂ ਬਾਹਰ ਕੱਢੀਆਂ। ਕੁਝ ਦੇਰ ਆਲੇ-ਦੁਆਲੇ ਦੇਖਦਾ ਰਿਹਾ। ਫੇਰ ਕੁਝ ਵੀ ਪਤਾ ਨਾ ਰਿਹਾ। ਕਿਥੇ ਹੈ, ਕਿਥੇ ਨਹੀਂ। ਉਹਦੇ ਦਿਮਾਗ਼ ਨੂੰ ਕੁਝ ਚੜ੍ਹ ਗਿਆ ਸੀ।

ਜਦੋਂ ਉਸ ਨੂੰ ਹੋਸ਼ ਆਈ ਉਹ ਹਸਪਤਾਲ ਪਿਆ ਸੀ। ਉਸ ਦੀਆਂ ਦੋਨੋਂ ਬਾਹਾਂ ਡਉਲਿਆਂ ਤੱਕ ਕੱਟੀਆਂ ਗਈਆਂ ਸਨ। ਕਾਲਜ ਪੜ੍ਹਦਾ ਮੁੰਡਾ ਉਸਦੇ ਪੈਰੀਂ ਬੈਠਾ ਮੁਸਕਰਾ ਰਿਹਾ ਸੀ। ਉਸ ਦੀ ਮੁਸਕ੍ਰਾਹਟ ਵਿਚ ਕੋਈ

ਸੱਚਾਈ ਜਾਪਦੀ ਸੀ ਜੋ ਜੈਲੇ ਨੇ ਸਮਝ ਲਈ ਸੀ।

ਆਪਣੀਆਂ ਬਾਹਾਂ ਕੱਟੀਆਂ ਦੇਖ ਕੇ ਉਹਦੀਆਂ ਭੁੱਬਾਂ ਨਿਕਲ ਗਈਆਂ। ਹੁਣ ਉਹ ਆਪਣੇ ਅੰਦਰ ਜਲਦੀਆਂ ਲਾਟਾਂ ਆਪੇ ਨਹੀਂ ਬੁਝਾ ਸਕੇਗਾ। ਉਹ ਪਛਤਾ ਰਿਹਾ ਸੀ ਕਿਉਂ ਨਾ ਉਹਨੇ ਚੌਧਰੀਆਂ ਦੀ ਗੱਲ ਮੰਨੀਂ–ਸਰਦਾਰ ਦਾ ਫਾਹਾ ਵੱਢਿਆ।

'ਪਤੈ ਤੇਰੀ ਮਾਂ ਕੀ ਬਿਆਨ ਦੇ ਕੇ ਗਈ ਐ...ਮੁੰਡਾ ਨਸ਼ੇ ਦੀਆਂ ਗੋਲੀਆਂ ਖਾਂਦਾ ਸੀ...ਕਈ ਦਿਨਾਂ ਤੋਂ ਊਂਘਇਆ ਹੋਇਆ ਸੀ...।' ਪੈਂਦੀ ਬੈਠਾ ਮੁੰਡਾ ਉਸਨੂੰ ਸਮਝਾਉਂਦਾ ਰਿਹਾ।

ਹਸਪਤਾਲੋਂ ਛੁੱਟੀ ਮਿਲਦਿਆਂ ਹੀ ਉਹ ਉਨ੍ਹਾਂ ਮੁੰਡਿਆਂ ਕੋਲ ਗਿਆ ਜਿਹੜੇ ਕਈ ਕਈ ਰਾਤਾਂ ਉਸ ਕੋਲ ਕੱਟ ਕੇ ਗਏ ਸਨ।

'ਲਿਆਉ ਹੁਣ ਦਿਉ ਮੈਨੂੰ ਬੰਬ...ਹੁਣ ਸਰਦਾਰ ਦਾ ਸਾਰਾ ਕੁਨਬਾ ਤਬਾਹ ਕਰਨੈਂ...ਆਪਣੀ ਮਾਂ...ਆਪਣੀ ਭੈਣ ਵੀ...।'

'ਹੱਥਾਂ ਤੋਂ ਬਿਨਾਂ ਕਿਵੇਂ ਚਲਾਵੇਂਗਾ...।' ਇਕ ਜਿਹੜਾ ਸਭ ਤੋਂ ਗੰਭੀਰ ਸੀ ਪੁੱਛ ਰਿਹਾ ਸੀ।

'ਮੂੰਹ ਨਾਲ ਚੱਲਣ ਵਾਲਾ ਦਿਉ...ਪੈਰਾਂ ਨਾਲ ਨਪਨ ਵਾਲਾ...ਜਿਹੜਾ ਮਰਜ਼ੀ...।'

'ਇਸ ਤਰ੍ਹਾਂ ਤੂੰ ਵਿਚੇ ਮਰ ਜਾਣੈ।'

'ਕੋਈ ਗੱਲ ਨੀਂ...ਹੁਣ ਕਿਹੜਾ ਜਿਊਂਦਾਂ...ਕੌਣ ਪਾਲੂ ਮੇਰੀ ਦੇਹ ਨੂੰ ਕੰਮ ਦੀਆਂ ਕਦਰਾਂ ਨੇ–ਕੌਣ ਕਰੂ ਮੇਰਾ ਸਾਰਾ ਕੰਮ...।'

ਉਸ ਨੇ ਦੇਖਿਆ ਸਾਰੇ ਮੁੰਡਿਆਂ ਦੀਆ ਅੱਖਾਂ ਵਿਚ ਨਮੀ ਸੀ।

ਸ਼ਾਮ ਨੂੰ ਉਨ੍ਹਾਂ ਕੋਈ ਇੰਤਜਾਮ ਕਰਨ ਦਾ ਵਾਅਦਾ ਕੀਤਾ ਪਰ ਸ਼ਾਮ ਨੂੰ ਜਦੋਂ ਉਹ ਪਹੁੰਚਿਆ ਮੁੰਡੇ ਫੜੇ ਗਏ ਸਨ। ਜਿਹੜਾ ਇਕ ਅੱਧ ਮਿਲਿਆ ਉਸ ਨੇ ਸਾਫ ਜਵਾਬ ਦੇ ਦਿਤਾ। ਇਹ ਕੰਮ ਖ਼ਤਰੇ ਤੋਂ ਖ਼ਾਲੀ ਨਹੀਂ। ਫੇਰ ਇਨ੍ਹਾਂ ਦਿਨਾਂ ਵਿਚ ?

ਅੱਧ-ਪਾਗਲ ਜਿਹਾ ਹੋਇਆ ਉਹ ਪਿੰਡ ਪਰਤ ਆਇਆ। ਇਸ ਵਾਰ ਚੌਧਰੀਆਂ ਨੇ ਵੀ ਉਸਨੂੰ ਸ਼ਰਨ ਨਾ ਦਿਤੀ। ਮਾਂ ਵੀ ਮਿਲਣ ਨਾ ਆਈ...ਉਂਝ ਭਾਵੇਂ ਉਹ ਮਿਲਣਾ ਵੀ ਨਹੀਂ ਸੀ ਚਾਹੁੰਦਾ।



ਕਈ ਦਿਨ ਪਿੰਡ ਵਿਚ ਗੇੜੇ ਦਿੰਦਾ ਰਿਹਾ। ਕਿਸੇ ਨੇ ਉਹਨੂੰ ਕੁਝ ਵੀ ਖਾਣ ਨੂੰ ਨਾ ਦਿਤਾ। ਕਿਸੇ ਨੇ ਗੱਲ ਤੱਕ ਨਾ ਕੀਤੀ। ਉਸ ਦਾ ਦਿਲ ਅਜਿਹੀ ਅੱਗ ਨਾਲ ਜਲ ਰਿਹਾ ਸੀ ਜਿਸ ਨਾਲ ਉਹ ਸਰਦਾਰ ਨੂੰ ਫੂਕ ਸੁਟੇ। ਥਾਂ ਥਾਂ ਉਹਨੇ ਸਰਦਾਰ ਨੂੰ ਗਾਲ੍ਹਾਂ ਕੱਢੀਆਂ।

ਸਰਦਾਰ ਕਈ ਵਾਰ ਉਸ ਦੇ ਅਗੋਂ ਦੀ ਲੰਘਿਆ...ਜੈਲੇ ਨੇ ਹਰ ਵਾਰ ਉਸ ਤੇ ਥੁਕਿਆ। ਇਸ ਤੋਂ ਵਧ ਉਹ ਕੁਝ ਕਰ ਨਹੀਂ ਸੀ ਸਕਦਾ. ਨਹੀਂ ਤਾਂ ਕਰਦਾ ਹਰ ਕੀਮਤ ਤੇ...ਉਸ ਵਲ ਦੇਖ ਕੇ ਸਰਦਾਰ ਮੁਸਕਰਾਉਂਦਾ, 'ਕਿਧਰ ਐ ਤੇਰਾ ਇਨਕਲਾਬ..ਕਿਧਰ ਗਏ ਤੇਰੇ ਯਾਰ...' ਪਰ ਜੈਲਾ ਨਾ ਕੋਈ ਪੱਥਰ ਮਾਰ ਸਕਦਾ ਸੀ, ਨਾਂ ਡਾਂਗ ਚਲਾ ਸਕਦਾ ਸੀ। ਰੋਹ ਵਿਚ ਆਇਆ ਆਪਣੇ ਟੁੰਡ ਹਲਾਉਂਦਾ।

ਸਰਦਾਰ ਦੇ ਮੁੰਡਿਆਂ ਨੂੰ ਜਦੋਂ ਵੀ ਉਹ ਗਾਲ੍ਹ ਕੱਢਦਾ ਉਹ ਥੱਪੜ ਮਾਰ ਜਾਂਦੇ। ਉੱਚੀ ਉੱਚੀ ਹੱਸਦੇ।

ਚੌਧਰੀ ਨੇ ਇਸ ਵਾਰ ਉਸ ਨੂੰ ਦਸਿਆ ਹਰਬੰਸੋ ਨਾਲ ਕਾਲਜ ਜਾਂਦੇ ਸਰਦਾਰ ਚੇ ਮੁੰਡੇ ਨੇ ਜਬਰੀ ਮੂੰਹ ਕਾਲਾ ਕੀਤਾ ਸੀ।

ਪਰ ਜੈਲਾ ਭੁਬਾਂ ਮਾਰ ਕੇ ਰੋਣ ਤੋਂ ਬਿਨਾਂ ਕੁਝ ਕਾ ਕਰ ਸਕਿਆ। ਅੱਖਾਂ ਵਿਚ ਲਾਲੀ ਭਰ ਲੈਂਦਾ...ਤੇ ਉਹਦੇ ਟੁੰਡ ਹਿਲਦੇ...ਬੱਸ !

ਇਕ ਵਾਰ ਕੱਖਾਂ ਵਾਲੇ ਗੱਡੇ ਉਪਰ ਬੈਠੀ ਕਰਤਾਰੋ ਉਹਨੂੰ ਦਿਖੀ। ਪਰ ਜੈਲੇ ਨੇ ਮੂੰਹ ਫੇਰ ਲਿਆ। ਐਨਾ ਕਾਫੀ ਸੀ ਉਹ ਉਹਦੇ ਟੁੰਡਾਂ ਨੂੰ ਦੇਖ ਲਵੇ...ਕਰਤਾਰੋ ਉਸ ਵੱਲ ਦੇਖਦੀ ਰਹੀ...ਪਰ ਜੇਲੇ ਨੇ ਦੂਜੇ ਪਾਸੇ ਮੂੰਹ ਕਰ ਲਿਆ।

ਚੁੰਨੀ ਦੇ ਲੜ ਨਾਲ ਕਰਤਾਰੋ ਨੇ ਹੰਝੂ ਪੂੰਝੇ–ਉਹਦਾ ਵੀ ਦਿਲ ਕੀਤਾ ਘਟੋ ਘਟ ਇਕ ਵਾਰ ਮਾਂ ਨੂੰ ਜ਼ਰੂਰ ਘੁਟ ਕੇ ਜਫੀ ਪਾ ਲਵੇ–ਪਰ–।

ਕਈ ਦਿਨ ਪਿੰਡ ਵਾਲਿਆਂ ਉਹਨੂੰ ਦੇਖਿਆ ਨਾ। ਕੋਈ ਆਖਦਾ ਉਹ ਸ਼ਹਿਰ ਪਰਤ ਗਿਐ, ਕੋਈ ਆਖਦਾ ਸਰਦਾਰ ਨੇ ਮਰਵਾ ਦਿਤਾ ਅਤੇ ਕੋਈ ਆਖਦਾ ਮੁੰਡਿਆਂ ਨਾਲ ਰਲਨ ਕਰ ਕੇ ਫੜਿਆ ਗਿਆ।

ਉਸ ਨੂੰ ਗੁੰਮ ਹੋਇਆਂ ਤਿੰਨ ਦਿਨ ਹੀ ਹੋਏ ਸਨ ਜਦੋਂ ਖੇਤ ਗਈ ਕਰਤਾਰੋ ਧਾਹਾਂ ਮਾਰਦੀ ਵਾਪਸ ਆ ਗਈ। ਸਰਦਾਰ ਦਾ ਵੱਡਾ ਮੁੰਡਾ ਵੱਢਿਆ

ਪਿਆ ਸੀ ।

ਹਾਲੀਂ ਉਸ ਦੀ ਲੋਥ ਟਿਕਾਣੇ ਵੀ ਨਹੀਂ ਸੀ ਲੱਗੀ, ਜਦੋਂ ਪੰਜਵੀਂ ਰਾਤ ਨੂੰ ਕਿਸੇ ਨੇ ਸਰਦਾਰ ਦੀ ਛਾਤੀ ਵਿਚ ਖੰਜਰ ਖੋਭ ਦਿਤਾ ਸੀ ।

ਕਾਲਜ ਪੜ੍ਹਦੇ ਮੁੰਡੇ ਤਾਂ ਪਹਿਲਾਂ ਹੀ ਗ੍ਰਿਫਤਾਰ ਹੋ ਗਏ ਸਨ—ਫੇਰ ਇਹ ਖ਼ੂਨ ਕਿਵੇਂ ਹੋਇਆ । ਕਿਸੇ ਨੂੰ ਸਮਝ ਨਹੀਂ ਸੀ ਆ ਰਹੀ । ਕੋਈ ਆਖਦਾ ਇਹ ਖ਼ੂਨ ਸਰਦਾਰ ਨੇ ਕੀਤੈ । ਕੋਈ ਆਖਦੇ ਟੁੰਡੇ ਨੇ ਕੀਤੈ ਅਤੇ ਕੋਈ ਆਖਦਾ ਨਵੀਂ ਚਲੀ ਲਹਿਰ ਨਾਲ ਜੁੜੇ ਮੁੰਡਿਆਂ ਨੇ ।

ਪਰ ਕਿਸੇ ਨੂੰ ਕੀ ਪਤਾ ਸੀ ਸਭ ਤੋਂ ਉੱਚੀ ਉੱਚੀ ਧਾਹਾਂ ਮਾਰ ਕੇ ਰੋ ਦੀ ਕਰਤਾਰੋ ਹਾਲੇ ਕਿੰਨੇ ਹੋਰ ਦੇ ਸੀਨਿਆਂ ਲਈ ਖੰਜਰ ਤਿਆਰ ਕਰ ਰਹੀ ਸੀ । ਹਾਲੀਂ ਤਾਂ ਉਸ ਦੇ ਅੰਦਰ ਮੱਚਦੀਆਂ ਸੈਂਕੜੇ ਲਾਟਾਂ ਵਿਚੋਂ ਕੇਵਲ ਆਪਣੇ ਪ੍ਰਤੀ ਅਤੇ ਮੁੰਡੇ ਦੀਆਂ ਦੋ ਲਾਟਾਂ ਹੀ ਬੁਝੀਆਂ ਸਨ ।

—ਮਈ 1973



## ਨੌਕਰੀ/ਨਰਕ/ਤੇ ਕੀੜਾ

ਕਦੇ ਕਦੇ ਕੋਈ ਹਵਾ ਦਾ ਬੁੱਲਾ ਕਿੰਨੇ ਦਿਨਾਂ ਤੋਂ ਭੁੱਖੀ ਬੈਠੀ ਜਿੰਦੋ ਦਾ ਧਿਆਨ ਉਖੇੜ ਦਿੰਦਾ । ਉਹ ਬਿਟਰ ਬਿਟਰ ਤੱਕਦੀ, ਪਰ ਵਿਰਾਨ ਜਿਹੀਆਂ ਕੰਧਾਂ ਤੋਂ ਸਿਵਾ ਉਸ ਨੂੰ ਕੁਝ ਵੀ ਨਜ਼ਰ ਨਾ ਆਉਂਦਾ । ਘੁੰਮਦੀਆਂ ਘੁੰਮਦੀਆਂ ਨਿਗਾਹਾਂ ਘੁੰਮ ਕੇ ਦਰਵਾਜ਼ੇ ਦੀਆਂ ਉਨ੍ਹਾਂ ਵਿਰਲਾਂ ਤੇ ਜਾ ਟਿਕਦੀਆਂ ਜਿਨ੍ਹਾਂ ਵਿਚੋਂ ਦੀ ਹਵਾ ਆਉਂਦੀ ਸੀ ।

ਪਿੰਗਲੀਆਂ ਜਿਹੀਆਂ ਟੰਗਾਂ ਵਾਲੀ ਜਿੰਦੋ ਉਠੀ । ਇਕ ਅੰਗੜਾਈ ਭੰਨ ਕੇ ਦਬੇ ਪੈਰੀਂ ਦਰਵਾਜ਼ੇ ਵਲ ਵਧਣ ਲਗ ਪਈ । ਕਦਮ ਕਦਮ ਤੇ ਉਹ ਡਿੰਗੂ ਡਿੰਗੂ ਕਰਦੀ । ਉਸ ਅੰਦਰਲੀ ਜਿੰਦ ਜਾਨ ਤਾਂ ਦਸ ਦਸ ਦਿਨਾਂ ਦੀ ਭੁੱਖ ਨੇ ਚਟ ਚੁੰਮ ਲਈ ਸੀ । ਉਹ ਤਾਂ ਹੁਣ ਇਕ ਨਿਰਜਿੰਦ ਜਿਹਾ ਹੱਡੀਆਂ ਦਾ ਢਾਂਚਾ ਸੀ ਜਿਹੜਾ ਧੂਹ-ਧਾਹ ਕੇ ਦਿਨ ਕਟ ਰਿਹਾ ਸੀ ।

ਉਸ ਨੇ ਦਵਾਰ ਚੱਪਟ ਖੋਲ੍ਹ ਦਿਤਾ । ਸਾਰਾ ਕਮਰਾ ਨਮੀਂ ਨਾਲ ਭਰ ਗਿਆ । ਤੇਜ਼ ਤੇਜ਼ ਹਵਾ ਨਾਲ਼ ਉਹ ਵੀ ਡਿਗਦੀ ਡਿਗਦੀ ਬਚੀ ।

ਕਣੀਆਂ ਨਾਲ ਜਦੋਂ ਸਾਰਾ ਕਮਰਾ ਭਰ ਗਿਆ ਤਾਂ ਉਸ ਨੂੰ ਚੰਗਾ ਚੰਗਾ ਲਗਿਆ ।

ਇਕ ਵਾਰ ਫੇਰ ਉਹ ਆਪਣੇ ਮੰਜੇ ਤੇ ਆ ਬੈਠੀ । ਹਵਾ ਦੇ ਬੁੱਲੇ ਆਉਂਦੇ ਤੇ ਉਸ ਦੇ ਖਿਲਰੇ ਵਾਲਾਂ ਨੂੰ ਚੁੰਮ ਕੇ ਮੁੜ ਜਾਂਦੇ ।

ਅੱਜ ਉਹ ਰੁਖੀ ਰੁਖੀ ਸੀ। ਤਿੰਨਾਂ ਦਿਨਾਂ ਤੋਂ। ਕੰਮ ਕਰਨ ਨੂੰ ਵੀ ਉਸ ਦਾ ਦਿਲ ਨਹੀਂ ਸੀ ਕਰਦਾ। ਜਦੋਂ ਦਸਵੀਂ ਪਾਸ ਕੀਤੀ ਸੀ ਤਾਂ ਨੌਕਰੀ ਦਾ ਉਸ ਨੂੰ ਡਾਢਾ ਚਾਅ ਸੀ। ਭੱਜੀ ਭੱਜੀ ਗਈ ਸੀ ਨੌਕਰੀ ਕਰਨ ਨੂੰ। ਅਗੋਂ ਗੋਗੜਾਂ ਵਾਲੇ ਸਗੋਂ ਹੋਰ ਹੀ ਵਿਸ਼ੇ ਛੋੜ ਬਹਿੰਦੇ। ਕੋਈ ਉਹਦੀ ਸੁੰਦਰਤਾ ਦੀ ਕਦਰ ਕਰਦਾ ਤੇ ਕੋਈ ਉਹਦੀ ਭਰ ਜਵਾਨੀ ਦੀ। ਉਨ੍ਹਾਂ ਦੀਆਂ ਅੱਖਾਂ ਵਿਚੋਂ ਟਪਕਦੇ ਕਾਮ ਨੂੰ ਵੇਖ ਕੇ ਉਹ ਭੱਜ ਆਉਂਦੀ। ਉਸ ਨੂੰ ਯਾਦ ਸੀ ਇਕ ਵਾਰ ਇਸੇ ਤਰ੍ਹਾਂ ਦੇ ਢਿੱਡਲ ਨੇ ਉਸਨੂੰ ਕੋਠੀ ਅੰਦਰ ਬੁਲਾ ਕੇ ਨੌਕਰੀ ਦੀ ਥਾਂ ਬੱਚਾ ਦੇ ਦਿਤਾ ਸੀ...ਕੁਆਰੀ ਨੂੰ ਹੀ। ਜਦੋਂ ਉਹਦੀ ਸ਼ਕਾਇਤ ਕਰਨ ਗਈ ਅਗੋਂ ਹੋਰ ਇਲਜ਼ਾਮਾਂ ਦੇ ਹਾਰ ਗਲ ਪਏ। ਉਹ ਕੰਨ ਝਾੜ ਕੇ ਆ ਗਈ। ਕਈ ਕਮਪਾ-ਊਡਰਾਂ ਦੇ ਪੈਰੀਂ ਪਈ, ਕਈ ਨਰਸਾਂ ਦੇ ਪੈਰੀਂ ਚੁੰਨੀ ਧਰੀ, ਬਥੇਰੇ ਆਪਣੀ ਜਵਾਨੀ ਦੇ ਵਾਸਤੇ ਪਾਏ ਪਰ ਅਗੋਂ ਹੋਰ ਈ ਸ਼ਰਤਾਂ ਕੰਨੀਂ ਪੈਂਦੀਆਂ। ਜਿਸ ਪਾਪ ਤੋਂ ਉਹ ਬਚਣਾ ਚਾਹੁੰਦੀ ਸੀ ਉਹ ਹੋਰ ਕਿਵੇਂ ਕਬੂਲ ਕਰ ਲਵੇ।

'ਆਤਮਘਾਤ...' ਹਾਰ ਕੇ ਉਸ ਨੂੰ ਇੱਕੋ ਇਕ ਰਾਹ ਲਭਿਆ ਸੀ। ਤੇ ਉਸਨੇ ਤਾਂ ਆਤਮਘਾਤ ਦਾ ਰਾਹ ਅਪਣਾ ਵੀ ਲਿਆ ਸੀ ਪਰ ਚੰਗੇ ਜਾਂ ਮਾੜੇ ਭਾਗੀਂ ਉਸ ਨੂੰ ਡਾਕਟਰਾਂ (ਮੈਡੀਕਲ ਕਾਲਜ ਦੇ ਵਿਦਿਆਰਥੀ) ਦੇ ਟੋਲੇ ਨੇ ਬਚਾ ਲਿਆ ਸੀ ਤੇ ਉਸ ਨੂੰ ਛੁਟਕਾਰਾ ਵੀ ਦੁਆ ਦਿਤਾ ਸੀ।

ਇਸ ਆਤਮਘਾਤ ਵਿਚ ਉਸਦੇ ਦਿਮਾਗ ਵਿਚ ਨੁਕਸ ਪੈ ਗਿਆ ਸੀ। ਕਦੇ ਕਦੇ ਉਸ ਨੂੰ ਕੁਝ ਵੀ ਯਾਦ ਨਹੀਂ ਸੀ ਰਹਿੰਦਾ—ਉਹ ਕੌਣ ਹੈ—ਕਿੱਥੇ ਹੈ ?

ਪਰ ਉਹ ਤਾਂ ਜਵਾਨੀ ਸੀ—ਜਿਹਨੂੰ ਲੋਕੀਂ ਬਹਾਰ ਆਖਦੇ ਨੇ। ਜਵਾਨੀ 'ਚ ਤਾਂ ਹਰ ਕੋਈ ਲਵੇ ਲਾ ਲੈਂਦਾ ਸੀ ! ਸ਼ਾਇਦ ਉਸਦੀ ਸੁੰਦਰਤਾ ਕਰਕੇ ਜਾਂ ਉਸ ਦੀ ਇਸਤਰੀਅਤ ਕਰਕੇ ਤੇ ਜਾਂ ਫੇਰ ਉਸ ਦੇ ਕੰਮ ਕਰਕੇ। ਹੁਣ ਉਹ ਦਸਵੀਂ ਪਾਸ ਨਹੀਂ ਸੀ—ਇਕ ਨੌਕਰਾਣੀ ਸੀ—ਖਾਨਦਾਨੀ ਨੌਕਰਾਣੀ। ਜਿਹੜਾ ਚਾਹੇ ਉਹਤੋਂ ਕੰਮ ਕਰਾ ਸਕਦਾ ਸੀ—ਕਦੇ ਕਦੇ ਤਾਂ ਬਿਨਾਂ ਇਵਜ਼ਾਨਾ ਦਿੱਤੇ ਵੀ। ਇਥੋਂ ਤਕ ਕਈ ਬੁਢੀਆਂ ਤਾਂ ਆਦੀ ਹੋ ਗਈਆਂ ਸਨ ਮੁਫਤ ਦੇ ਕੰਮ ਤੋਂ...ਪਰ ਉਹਨੂੰ ਕੀ ਕੰਮ ਤੋਂ ਤਾਂ ਉਹ ਅਕਦੀ ਹੀ ਨਹੀਂ ਸੀ—ਤੇ ਫੇਰ—ਕਿਸੇ ਨੂੰ ਕਿਉਂ ਨਰਾਜ਼ ਕਰੇ—।

ਉਹ ਤਾਂ ਜਵਾਨੀ ਸੀ। ਢੱਲ ਗਈ ਕਿਸੇ ਦਾ ਕੀ ਜ਼ੋਰ। ਉਹਦਾ ਕੰਮ



ਉਹਦਾ ਦੁਸ਼ਮਣ ਬਣ ਗਿਆ। ਗੋਡੇ ਜੁੜ ਗਏ—ਹੱਡਾਂ ਵਿਚ ਦਰਦ ਰਹਿਣ ਲਗਿਆ।—ਘਰ ਬਣਾ ਲਿਆ ਸੀ ਸ਼ਾਇਦ ਉਹਨੇ—। ਉਹਦੀ ਜ਼ਿੰਦਗੀ ਪਤਝੜ ਬਨਣ ਲਗੀ...ਵਿਰਾਨ ਸੜਕ ਦੇ ਕੰਢੇ ਤੇ ਖੜੇ ਟੁੰਡ ਮਰੁੰਡ ਰੁਖ ਵਾਂਗ —ਹੁਣ ਉਹ ਬੈਠੀ ਰਹਿੰਦੀ—ਬੈਠੀ ਹੀ ਰਹਿੰਦੀ—ਕਈ ਕਈ ਦਿਨ...ਭੁੱਖਣ ਭਾਣੀ ਕੌਣ ਖੁਆਏ ਉਹਨੂੰ ਰੋਜ਼ ਰੋਜ਼...।

ਹਵਾ ਹੋਰ ਤੇਜ਼ ਹੋ ਗਈ। ਪਰ ਉਹਨੇ ਦਰਵਾਜ਼ਾ ਬੰਦ ਨਾ ਕੀਤਾ। ਜਿਵੇਂ ਚੰਦਰੀ ਨੇ ਮਰਨ ਦਾ ਈ ਇਰਾਦਾ ਬਣਾਇਆ ਹੋਵੇ।

ਹਵਾ 'ਚ ਉਡਦੀ, ਉਸ ਦੇ ਨੱਕ 'ਚ ਗੁਆਂਢੀਆਂ ਦੇ ਚੜ੍ਹੇ ਤੇਲ ਦੀ ਖ਼ੁਸ਼ਬੋ ਘੁਸਣ ਲਗੀ। ਉਸ ਦੀ ਭੁੱਖ ਤੇਜ਼ ਹੋ ਗਈ। ਪਰ ਉਹ ਬੈਠੀ ਰਹੀ। ਨਿਢਾਲ ਹੋਈ। ਮਨ ਮਾਰ ਕੇ।

ਹੁਣ ਉਹ ਬੁੱਢੀ ਹੋ ਗਈ ਸੀ—ਪੰਜਾਹਾਂ ਸਾਲਾਂ ਦੀ। ਤੇ ਇਸ ਉਮਰੇ ਉਸ ਨੂੰ ਪਿਆਰ ਜਾਗਿਆ ਸੀ—ਕਿਸੇ ਪ੍ਰੀਤਮ ਦੀ ਲੋੜ ਭਾਸੀ ਸੀ। ਅਗੇ ਤਾਂ ਕਦੇ ਨਾ ਕਦੇ ਚੌਕੀਦਾਰ ਹੀ ਰੋਟੀ ਦੇ ਬਹਾਨੇ ਉਸ ਨਾਲ ਗੱਲਾਂ ਮਾਰ ਜਾਂਦਾ ਸੀ। ਢਲਦੀ ਉਮਰੇ ਉਸ ਨੂੰ ਉਹੀ ਚੰਗਾ ਚੰਗਾ ਲਗਣ ਲਗ ਪਿਆ ਸੀ। ਪਰ ਜਿਵੇਂ ਉਹ ਤਾਂ ਨਰਕ ਦਾ ਕੀੜਾ ਹੀ ਬਣ ਕੇ ਆਈ ਸੀ। ਉਸ ਨਾਲ ਰਚਣ ਹੀ ਲਗੀ ਸੀ ਕਿ ਉਹ ਚਲਿਆ ਗਿਆ—ਸਦਾ ਲਈ—ਬਿਨਾਂ ਉਸ ਨੂੰ ਦਸੇ—ਉਸ ਦੀ ਬਣਦੀ ਰੋਟੀ ਫੇਰ ਮਾਰੀ ਗਈ।

ਉਸ ਦਿਨ ਤੋਂ ਉਹਦਾ ਮਨ ਉਖੜ ਗਿਆ ਸੀ। ਲੋਕ ਆਖਦੇ ਉਹਦਾ ਸੁਭਾ ਚਿੜਚੜਾ ਹੋ ਗਿਆ ਸੀ—ਪਤਾ ਨਹੀਂ ਕਿਉਂ। ਉਹ ਆਪ ਆਪਣੇ ਨੂੰ ਰੰਡੀ ਹੋ ਗਈ ਲਗਦੀ। ਸਾਰਾ ਦਿਨ ਕਿਸੇ ਦੀ ਯਾਦ 'ਚ ਉਹਨੂੰ ਰੋਣ ਆਉਂਦਾ ਰਹਿੰਦਾ—। ਕਈ ਵਾਰ ਸਾਰੀ ਸਾਰੀ ਰਾਤ ਪਾਗਲਾਂ ਵਾਂਗ—ਪਾਗਲ।

ਨਿਢਾਲ ਪਈ ਸੋਚਦੀ ਰਹੀ। ਤੇਲ ਦੀ ਖ਼ੁਸ਼ਬੋ ਬਰਾਬਰ ਆ ਰਹੀ ਸੀ। ਉਸ ਦੀ ਭੁੱਖ ਭੜਕਦੀ ਰਹੀ ਬੱਚਿਆਂ ਵਾਂਗ ਉਸ ਤੋਂ ਆਪੇ ਕਾਬੂ ਨਹੀਂ ਸੀ ਹੁੰਦਾ—ਪਤਾ ਨੀਂ ਕਿਉਂ ? ਫੇਰ ਉਹ ਉਠੀ। ਕੁਝ ਮੰਗਣ ਲਈ। ਫੇਰ ਪੈ ਗਈ, ਨਿਰਾਸ਼ ਹੋ ਕੇ। ਕਿਹੜਾ ਭੀਖ ਮਿਲਣੀ ਸੀ।

ਜ਼ਿੰਦਗੀ ਦੀਆਂ ਇਕ ਦੋ ਹੋਰ ਵਿਰਾਨ ਘਟਨਾਵਾਂ ਉਹਦੇ ਅਗੇ ਦੀ ਲੰਘ ਗਈਆਂ। ਉਹ ਲੁਟੀ ਗਈ ਸੀ—ਮਾਲੀ ਤੌਰ ਤੇ ਵੀ ਤੇ ਸਰੀਰਕ ਤੌਰ ਤੇ ਵੀ—

ਅਮੀਰਾਂ ਦੁਆਰਾ–ਕੋਠੀਆਂ 'ਚ– 'ਪਰ ਸਬਰ–।

ਭੁੱਖ ਉਸ ਤੋਂ ਹੁਣ ਜਰੀ ਨਹੀਂ ਸੀ ਜਾਂਦੀ–ਪਤਾ ਨਹੀਂ ਕਿਉਂ–ਉਹ ਉਠੀ ਹੱਥ 'ਚ ਸਰੀਆ ਲੈ ਕੇ।

'ਪਿਆਰ ਨਾਲ ਜਾਂ ਫੇਰ ਡੰਡੇ ਨਾਲ।' ਉਸ ਨੇ ਆਪਾ ਸਮਝਾਇਆ।

'ਨਹੀਂ ਸਿਰਫ ਡੰਡੇ ਨਾਲ।'

ਤੇ ਉਸ ਨੇ ਪੱਕਾ ਇਰਾਦਾ ਕਰਕੇ ਗੁਆਂਢੀਆਂ ਦਾ ਦਰਵਾਜ਼ਾ ਜਾ ਖੜਕਾਇਆ।

–ਜੂਨ 1971



## ਹਵਾ ਦਾ ਰੁਖ

ਗੁਲਮੋਹਰ ਦੇ ਨਿੱਕੇ ਜਿਹੇ ਬੂਟੇ ਕੋਲ ਜਾ ਕੇ ਮੁਕਦੀ ਸੜਕ ਦੀ ਖੱਬੀ ਨੁਕਰੇ ਉਸਰੀ ਵੱਡੀ ਕੋਠੀ ਵਿਚ ਹਰ ਵਕਤ ਕਾਰ ਦੀ ਆਵਾਜਾਈ ਰਹਿੰਦੀ। ਮੇਨ ਗੇਟ ਦੇ ਇਕ ਦਮ ਪਿਛਾਂਹ ਹਟ ਕੇ ਵੀਹ ਕੁ ਫੁਟ ਸਜੇ ਪਾਸੇ ਫਿਕੇ ਪੀਲੇ ਰੰਗ ਦਾ ਆਲੀਸ਼ਾਨ ਗੈਰਜ ਸੀ ਜਿਸ ਵਿਚ ਧਨਾਢ ਸੇਠ ਦੀਆਂ ਦੋਨੋਂ ਕਾਰਾਂ ਵਿਚੋਂ ਇਕ ਕਾਰ ਹਰ ਵਕਤ ਵਿਖਾਈ ਦਿੰਦੀ ਰਹਿੰਦੀ। ਭਾਂਤ ਭਾਂਤ ਦਿਆਂ ਪਰਦਿਆਂ ਨਾਲ ਸੱਜੇ ਕੋਠੀ ਦੇ ਅਨੇਕਾਂ ਕਮਰੇ ਜਦੋਂ ਸਵੇਰ ਵਕਤ ਸੂਰਜ ਦੀ ਮਿੰਨੀ ਮਿੰਨੀ ਰੌਸ਼ਨੀ ਵਿਚ ਚਮਕਾਂ ਮਾਰਦੇ ਤਾਂ ਸਾਹਮਣੇ ਵਸਦੇ ਗਰੀਬੜੇ ਲੋਕਾਂ ਦੇ ਦਿਲਾਂ ਵਿਚ ਹਉਕਿਆਂ ਦੇ ਤੂਫ਼ਾਨ ਉਗੜ ਪੈਂਦੇ।

ਕੋਠੀ ਦੇ ਐਨ ਸਾਹਮਣੇ ਨਿੱਕੇ ਨਿੱਕੇ ਕਮਰਿਆਂ ਦੀ ਲੰਬੀ ਕਤਾਰ ਸੀ ਜਿਹੜੀ ਗੁਲਮੋਹਰ ਦੇ ਬੂਟੇ ਤੋਂ ਸ਼ੁਰੂ ਹੋ ਕੇ ਸੜਕ ਦੇ ਨਾਲ ਨਾਲ ਪੰਜਾਹ ਫੁਟ ਅਗੇ ਤਕ ਚਲੀ ਜਾਂਦੀ ਸੀ। ਫਿਰ ਕਮਰਿਆਂ ਦੀ ਕਤਾਰ ਵੀ ਸਾਹਮਣੀ ਕੋਠੀ ਦੇ ਮਾਲਕ ਦੀ ਮਲਕੀਅਤ ਸੀ। ਦਫਤਰਾਂ ਵਿਚ ਕੰਮ ਕਰਦੇ ਛੋਟੇ ਮੋਟੇ ਕਲਰਕ, ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਉਣ ਵਾਲੇ ਅਧਿਆਪਕ ਤੇ ਛੋਟੀਆਂ ਛੋਟੀਆਂ ਪਰਚੂਨ ਦੀਆਂ ਦੁਕਾਨਾਂ ਦੇ ਮਾਲਕ ਇਨ੍ਹਾਂ ਕੋਠੜੀਆਂ ਦੇ ਬਸ਼ਿੰਦੇ ਸਨ। ਕਮਰੇ ਕੀ ਸੀ ਨਿਰੀਆਂ ਕਾਲ ਕੋਠੜੀਆਂ। ਇਕ ਇਕ ਕਮਰਾ ਤੇ ਪਿੱਛਵਾੜੇ ਇਕ 12' × 10' ਦਾ ਨਿੱਕਾ ਜਿਹਾ ਆਂਗਨ, ਇਹਨਾਂ ਵਿਚ ਵਸਦੀਆਂ ਔਰਤਾਂ ਦੇ

ਬੱਚਿਆਂ ਦੀ ਕਲਬਲ ਸਾਰਾ ਸਾਰਾ ਦਿਨ ਸੜਕ ਤੇ ਵਗਣ ਵਾਲੇ ਲੋਕਾਂ ਦਾ ਮਨ ਪਰਚਾਈ ਰਖਦੀ।

ਸ਼ਹਿਰ ਦੀ ਮਿਊਨਸਪੈਲਟੀ ਵਲੋਂ ਕਮਰਿਆਂ ਦੇ ਵਿਚਕਾਰ ਕਰਕੇ ਇਕ ਵਾਟਰ ਵਰਕਸ ਦੀ ਟੂਟੀ ਫਿਟ ਹੋਈ ਹੋਈ ਸੀ। ਸਾਰੇ ਦਿਨ ਵਿਚ ਚਾਰ ਕੁ ਘੰਟੇ ਪਾਣੀ ਆਉਣ ਕਰਕੇ ਔਰਤਾਂ ਦਾ ਮੇਲਾ ਲਗਾ ਰਹਿੰਦਾ। ਪਾਣੀ ਲਈ ਬਾਲਟੀਆਂ ਦੀਆਂ ਕਤਾਰਾਂ ਜੁੜ ਜਾਂਦੀਆਂ। ਕਦੇ ਕਦੇ ਨੌਬਤ ਝਗੜਿਆਂ ਤਕ ਜਾ ਪਹੁੰਚਦੀ ਤੇ ਫਿਰ ਝਗੜੇ ਕਦੇ ਕਦੇ ਉਹਨਾਂ ਨੂੰ ਆਦਮੀਆਂ ਤਕ ਲਿਜਾ ਘੜੀਸਦੇ। ਆਥਣ ਨੂੰ ਪੱਕਣ ਵਾਲੀ ਰੋਟੀ ਦਾ ਫਿਕਰ, ਬਸਤੀ ਦੇ ਪਿਛਵਾੜੇ ਬਣੇ ਸਕੂਲ ਵਿਚ ਪੜ੍ਹਦੇ ਬੱਚਿਆਂ ਦੀ ਫੀਸ, ਮੰਡੀਆਂ ਵਿਚ ਚਲਦੇ ਮੰਦਵਾੜੇ ਤੇ ਕਈ ਦਿਨਾਂ ਤੋਂ ਪਤੀ ਜਾਂ ਕਿਸੇ ਬੱਚੇ ਦੀ ਚਲੀ ਆ ਰਹੀ ਬਿਮਾਰੀ ਆਦਿ ਦੇ ਫ਼ਿਕਰ ਉਹਨਾਂ ਦੀ ਜ਼ਿੰਦਗੀ ਵਿਚਲੀ ਮਹਿਕ ਚੂਸੀ ਰਖਦੇ। ਸਰਕਾਰੀ ਨਲਕੇ ਤੇ ਲਗੀ ਭੀੜ ਕਮਰਿਆਂ ਵਿਚ ਵਸਦੇ ਲੋਕਾਂ ਦੀ ਆਰਥਕ ਹਾਲਤ ਦੀ ਪ੍ਰਤੀਕ ਸੀ। ਬਿਨਾਂ ਗਹਣਿਆਂ ਦੇ ਟੁੰਡ ਮਰੁੰਡ ਰੁਖਾਂ ਵਰਗੀਆਂ ਔਰਤਾਂ ਤੇ ਉਹਨਾਂ ਦੇ ਸੁੰਦਰ ਸਰੀਰਾਂ ਤੇ ਸਾਦੇ, ਘਟੀਆ ਤੇ ਸਸਤੇ ਕਪੜੇ ਉਹਨਾਂ ਦੀ ਮਾਇਕ ਹਾਲਤ ਦੀ ਮੂੰਹ ਬੋਲਦੀ ਤਸਵੀਰ ਸਨ।

ਕੁਝ ਦਿਨ ਹੋਏ ਕਤਾਰ ਦੇ ਵਿਚਕਾਰੋਂ ਵੇਹਲੇ ਹੋਏ ਦੋ ਕਮਰਿਆਂ ਵਿਚੋਂ ਇਕ ਵਿਚ ਜਿਸ ਦਿਨ ਦਾ ਇਕ ਸਰਦਾ ਤੁਰਦਾ ਜੋੜਾ ਆ ਕਿ ਵਸਿਆ ਸੀ ਉਸ ਦਿਨ ਦੀ ਉਹਨਾਂ ਵਿਚ ਗੜਬੜ ਮਚ ਗਈ ਸੀ। ਨਵਾਂ ਨਵਾਂ ਵਿਆਹ ਹੋਣ ਕਰਕੇ ਤੇ ਦੂਜਾ ਕੁਝ ਮਾਲਕ ਦੀ ਚੰਗੀ ਨੌਕਰੀ ਹੋਣ ਕਰਕੇ ਉਸ ਕੋਲ ਕੁਝ ਕਪੜੇ ਤੇ ਗਹਿਣਿਆਂ ਦੀ ਮਾਤਰਾ ਹੈ ਸੀ। ਔਰਤਾਂ 'ਚ ਉਂਝ ਈਰਖਾ ਘੱਟ ਨਹੀਂ ਸੀ ਪਰ ਜਦੋਂ ਤੋਂ ਉਸ ਨੇ ਬੁਲ੍ਹ ਅਟੇਰਨੇ ਸ਼ੁਰੂ ਕਰ ਦਿਤੇ ਸਨ ਹਰ ਇਕ ਦਾ ਅੰਦਰ ਹਿਲ ਗਿਆ ਸੀ।

'ਨਾ ਭੈਣਾਂ ਜੇ ਅੰਗ ਤੇ ਗਹਿਣਾ ਤੇ ਤਨ ਤੇ ਚੰਗਾ ਕੱਪੜਾ ਨਾ ਹੋਵੇ ਤਾਂ ਔਰਤ ਦੀ ਸਜਾਵਟ ਉਡ ਜਾਂਦੀ ਏ...ਇਨ੍ਹਾਂ ਚੀਜ਼ਾਂ ਨਾਲ ਈ ਔਰਤ ਸ਼ੋਭਦੀ ਆ' ਆਪਣੀ ਨਾਲ ਦੀ ਵਲ ਇਸ਼ਾਰਾ ਕਰਕੇ ਉਹ ਵਿਅੰਗ ਕਰਦੀ। ਦੂਜੀਆਂ 'ਚੋਂ ਕਿਸੇ 'ਚ ਵੀ ਹਿੰਮਤ ਨਹੀਂ ਸੀ ਉਸ ਨਾਲ ਹੁੰਗਾਰਾ ਭਰਨ ਦੀ। ਚੁੱਪ ਚਾਪ ਨਹੋਰੇ ਸੁਣ ਕੇ ਉਹ ਘਰੀਂ ਪਰਤ ਜਾਂਦੀਆਂ। ਕਿਸੇ ਨੂੰ ਬਹੁਤਾ ਈ ਗੁੱਸਾ



ਆਉਂਦਾ ਇਕ ਅੱਧ ਮੋੜਵਾਂ ਨਿਹੋਰਾ ਮਾਰ ਕੇ ਦਿਲ ਹੌਲਾ ਕਰ ਲੈਂਦੀ।

ਆਸ਼ਾ ਤੇ ਉਸ ਚੰਦਰੀ ਦਾ ਨਿਹੋਰਾ ਘਰ ਕਰ ਗਿਆ। ਉਸਦੇ ਸ਼ਬਦ ਆਸ਼ਾ ਦੇ ਦਿਮਾਗ ਵਿਚ ਉਲੀਕੇ ਗਏ ਸਨ ਤੇ ਦਿਨੋਂ ਦਿਨ ਗੱਡੇ ਦੀ ਲੀਹ ਵਾਂਗ ਪਕੇਰੇ ਹੁੰਦੇ ਗਏ। ਸਾਰਾ ਸਾਰਾ ਦਿਨ ਉਹ ਆਪਣੇ ਆਪ ਵਿਚ ਖੋਈ ਖੋਈ ਰਹਿਣ ਲੱਗ ਪਈ। ਉਸਨੂੰ ਮਹਿਸੂਸ ਹੋਣ ਲੱਗਿਆਂ ਜਿਵੇਂ ਸੱਚ ਮੁੱਚ ਹੀ ਉਸ ਦੇ ਗਲੋਂ ਗਹਿਣਾ ਲਹਿ ਜਾਣ ਕਰਕੇ ਉਸ ਦੀ ਸਾਰੀ ਸਜਾਵਟ ਉੱਡ ਪੁਡ ਗਈ ਹੋਵੇ।

ਉਂਝ ਤੇ ਉਸ ਦਾ ਦਿਲ ਉਸੇ ਦਿਨ ਟੁੱਟ ਗਿਆ ਸੀ ਜਿਸ ਦਿਨ ਉਸਨੇ ਆਪਣੇ ਪਿਆਰੇ ਅੱਠਾਂ ਤੋਲਿਆਂ ਦੇ ਹਾਰ ਨੂੰ ਆਪਣੇ ਪਤੀ ਤੇ ਪਤੀ ਨੇ ਅਗਾਂਹ ਮਕਾਨ ਮਾਲਕਨ ਨੂੰ ਥਮਾ ਦਿੱਤਾ ਸੀ। ਪਰ ਹੁਣ ਉਹਦੇ ਸੁੱਤੇ ਅਰਮਾਨਾਂ ਨੂੰ 'ਨਵੀਂ ਔਰਤ' ਦੇ ਮੇਹਣਿਆਂ ਨੇ ਝੰਜੋੜ ਦਿਤਾ ਸੀ। ਅੰਤਾਂ ਦਾ ਅਸਰ ਹੋ ਚੱਲਿਆ ਸੀ। ਆਪਣੇ ਆਪ ਤੇ, ਆਪਣੀ ਗਰੀਬੀ ਤੇ, ਤੇ ਕਦੇ ਆਪਣੇ ਪਤੀ ਤੇ ਚਿੜ੍ਹ ਜਿਹੀ ਚੜ੍ਹ ਜਾਂਦੀ।

ਕਿੰਨੇ ਹੀ ਦਿਨ ਬੀਤ ਗਏ ਸਨ ਹਾਰ ਖੁਸੇ ਨੂੰ ਪਰ ਅੱਜ ਜਿੰਨਾ ਉਸ ਨੇ ਕਦੇ ਵੀ ਗਿਲਾ ਨਹੀਂ ਸੀ ਕੀਤਾ। ਸਗੋਂ ਸਾਰਾ ਸਾਰਾ ਦਿਨ ਇਸ ਗੱਲ ਦੀ ਖੁਮਾਰੀ ਚੜ੍ਹੀ ਰਹਿੰਦੀ ਕਿ ਉਸ ਨੇ ਆਪਣੇ ਪਤੀ ਦੀ ਔਕੜ ਸਮੇਂ ਮਦਦ ਕੀਤੀ ਸੀ। ਆਮ ਔਰਤਾਂ ਵਾਂਗ ਗਹਿਣੇ ਤੇ ਸੱਪ ਵਾਂਗ ਕੁੰਡਲੀ ਨਹੀ ਸੀ ਮਾਰੀ। ਪਰ ਇਹ ਖੁਸ਼ੀ ਦਾ ਚਸ਼ਮਾ ਹੁਣ ਗੁਆਂਢਣ ਦੇ ਬੋਲਾਂ ਨੇ ਸੁਕਾਣਾ ਸ਼ੁਰੂ ਕਰ ਦਿੱਤਾ ਸੀ।

ਭੁੱਲੀ ਵਿਸਰੀ ਯਾਦ ਫੇਰ ਉਹਦੇ ਦਿਮਾਗ ਵਿਚ ਤਾਜ਼ਾ ਹੋ ਗਈ। ਵਾਰ ਵਾਰ ਉਸ ਦੀਆਂ ਨਿਗਾਹਾਂ ਸਾਹਮਣੇ ਖੁੱਲ੍ਹੇ ਪਏ ਅਟੈਚੀ ਤੇ ਚਲੀਆਂ ਜਾਂਦੀਆਂ, ਜਿਹੜਾ ਗਹਿਣੇ ਵਜੋਂ ਆਪਣੀ ਸਜਾਵਟ ਗਵਾ ਬੈਠਾ ਸੀ। ਮੁੜ ਉਸਨੇ ਕਦੇ ਅਟੈਚੀ ਨੂੰ ਜੰਦਰਾ ਵੀ ਨਹੀਂ ਸੀ ਮਾਰਿਆ–ਕਦੇ ਖੋਲ੍ਹਿਆ ਵੀ ਨਹੀਂ–ਭਾਵੇਂ ਅੱਗੇ ਉਹ ਕਦੇ ਮਿੰਟ ਦਾ ਵੀ ਵਸਾਹ ਨਹੀਂ ਸੀ ਕਰਦੀ। ਅਟੈਚੀ ਦੀ ਖੱਬੀ ਨੁਕਰ ਵੀ ਜਿਵੇਂ ਹਾਰ ਵਾਲੀ ਡੱਬੀ ਬਿਨਾਂ ਹਟਕੋਰੇ ਭਰਦੀ ਉਸਨੂੰ ਸੁਣਾਈ ਦਿੰਦੀ ਸੀ। ਕਦੇ ਕਦੇ ਉਹ ਇੰਨੀ ਜਜ਼ਬਾਤੀ ਹੋ ਜਾਂਦੀ ਕਿ ਉਸ ਦੀਆਂ ਮਜਬੂਰੀਆਂ ਉਸ ਦੇ ਅੱਥਰੂ ਬਣਕੇ ਬਹਿ ਤੁਰਦੀਆਂ। ਪਰ ਕੀ

ਕਰਦੀ ਉਸ ਦਾ ਗਹਿਣਾ, ਉਸ ਦੇ ਅਟੈਚੀ ਦਾ ਸ਼ਿੰਗਾਰ ਤਾਂ ਹੁਣ ਸਾਹਮਣੇ ਪਲੰਘ ਦੀ ਡਾਇਣ ਦੀ ਪੇਟੀ ਦੀ ਨੁਕਰੇ ਪਿਆ ਰੁਲ ਰਿਹਾ ਸੀ–।

ਉਸ ਨੇ ਤਾਂ ਕਦੇ ਰੱਜ ਕੇ ਹਾਰ ਪਾ ਕੇ ਵੀ ਨਹੀਂ ਸੀ ਵੇਖਿਆ। ਉਸ ਦੇ ਪੇਕਿਆਂ ਦਾ ਮਾਣ ਸੀ ਉਹਦਾ ਗਹਿਣਾ। ਹਾਰ ਨੇ ਸੌਹਰੇ ਘਰ ਉਹਦੀ ਧਾਂਕ ਜਮਾ ਦਿੱਤੀ ਸੀ। ਉਸ ਦੀ ਮਾਂ ਨੇ ਬਣਵਾਇਆ ਵੀ ਚੰਦਰੇ ਨੂੰ ਰੀਝ ਨਾਲ ਸੀ। ਸਾਰਾ ਦਿਨ ਉਹਦਾ ਪਿਉ ਸੁਨਿਆਰੇ ਕੋਲ ਬੈਠਾ ਰਿਹਾ ਸੀ। 'ਧੀ ਨੂੰ ਇਕੋ ਗਹਿਣਾ ਦੇਣਾ–ਦਿਆਂਗਾ ਉਹੋ ਜਿਹੜਾ ਦਨੀਆ ਦੇਖੇ–' ਉਸ ਦਾ ਪਿਉ ਆਖਦਾ–ਤੇ ਉਸ ਨੇ ਤਾਂ ਆਪਣੀ ਤੋੜ ਨਿਭਾਈ ਸੀ। ਡਲੀ ਵਰਗੇ ਗਹਿਣੇ ਨੂੰ ਲੋਕੀਂ ਹੱਥਾਂ 'ਚ ਚੁਕ ਚੁਕ ਵੇਖਦੇ।

ਉਸ ਦੇ ਪਤੀ ਨੂੰ ਉਸਦਾ ਹਾਰ ਡਾਢਾ ਪਿਆਰਾ ਸੀ। ਉਸ ਦੇ ਗਲ ਵਿਚ ਉਹ ਆਪ ਹਾਰ ਪਹਿਣਾ ਕੇ ਫੇਰ ਬਾਹਾਂ ਦਾ ਹਾਰ ਜਦੋਂ ਉਸ ਦੇ ਗਲ ਦੁਆਲੇ ਪਾ ਦਿੰਦਾ ਸੀ ਤਾਂ ਖੁਸ਼ੀ 'ਚ ਆਈ ਪਤਾ ਨਹੀਂ ਉਹ ਕੀ ਕੀ ਕਰ ਦਿੰਦੀ–ਸਾਰਾ ਸਾਰਾ ਦਿਨ ਖੁਮਾਰੀ ਨਾਲ ਨੱਚਦੀ ਟੱਪਦੀ ਦਾ ਗੁਜ਼ਰ ਜਾਂਦਾ...। ਪਰ ਜਿੱਦਣ ਦਾ ਹਾਰ ਗਲੋਂ ਲਥਿਆ ਸੀ ਮੁੜ ਪਹਿਲਾਂ ਵਾਲਾ ਪਿਆਰ ਨਸੀਬ ਨਾ ਹੋਇਆ ਜਿਸ ਲਈ ਉਹ ਹਰ ਰੋਜ਼ ਤੜਫ ਕੇ ਰਹਿ ਜਾਂਦੀ।

ਜਦੋਂ ਵੀ ਟੂਟੀ ਤੋਂ ਪਾਣੀ ਦੀ ਬਾਲਟੀ ਲੈ ਕੇ ਮੁੜਦੀ ਉਸ ਨੂੰ ਲੱਗਦਾ ਜਿਵੇਂ ਸੱਚ ਮੁੱਚ ਉਸ ਦੀ ਸਾਰੀ ਸਜਾਵਟ ਚਲੀ ਗਈ ਹੋਵੇ। ਉਸ ਦੇ ਹਾਰ ਦੇ ਨਾਲ ਨਾਲ ਉਸ ਦੀ ਜਵਾਨੀ ਤੇ ਸੁਹੱਪਣ ਵੀ ਕਿਧਰੇ ਉਡਾਰੀ ਮਾਰ ਗਏ ਹੋਣ। ਨਿਰਜਿੰਦ ਜਿਹੀ ਹੋਈ ਆਪਣੇ ਪੁਰਾਣੇ ਪਲੰਘ ਤੇ ਆ ਡਿਗਦੀ ਉਸ ਦੇ ਹਸਾਉਣੇ ਸੁਭਾ ਦਾ ਪਤੀ ਜਿਵੇਂ ਉਸ ਤੋਂ ਉਕਤਾ ਗਿਆ ਸੀ...ਗਹਿਣਾ ਲਹਿ ਜਾਣ ਕਰਕੇ ਉਸ ਦਾ ਸੁਹੱਪਣ ਜੋ ਉਡ ਗਿਆ ਸੀ–ਉਸ ਨੂੰ ਲੱਗਦਾ ਸੀ ਜਿਸ ਦਿਨ ਦਾ ਉਸ ਦਾ ਗਲਾ ਸੁੰਨਾ ਹੋਇਆ ਸੀ ਉਸ ਦੇ ਪਤੀ ਦਾ ਦਿਲ ਵੀ ਸੁੰਨਾ ਹੋ ਗਿਆ ਸੀ, ਉਹਦੇ ਅੰਦਰ ਉਮਡਦੇ ਪਿਆਰ ਦੇ ਸੋਮੇਂ ਕਿਧਰੇ ਕਿਸੇ ਡੂੰਘੇ ਸਮੁੰਦਰ ਵਿਚ ਢਹਿ ਪਏ ਸਨ...ਤਾਂ ਹੀ ਤਾਂ ਮੁੜ ਕਦੇ ਉਸ ਨੂੰ ਆਪਣੇ ਖਾਲੀ ਗਲੇ ਦੁਆਲੇ...ਆਪਣੇ ਪਤੀ ਦੀਆਂ ਬਾਹਾਂ ਦਾ ਹਾਰ ਨਸੀਬ ਨਹੀਂ ਸੀ ਹੋਇਆ।

ਉਸ ਦੀ ਹਾਲਤ ਨੂੰ ਵੇਖ ਕੇ ਉਸ ਦਾ ਪਤੀ ਵੀ ਗ਼ਮ ਦੇ ਘੁੱਣ ਤੋਂ



ਬਚ ਨਹੀਂ ਸੀ ਸਕਿਆ। ਆਪਣੇ ਪ੍ਰਤੀ ਉਸ ਦੇ ਅੰਦਰ ਗਲਿਆਨੀ ਭਰਨ ਲੱਗ ਪਈ ਸੀ। ਆਪਣੀ ਪਤਨੀ ਦਾ ਗ਼ਮ ਵੇਖ ਕੇ ਉਹਦਾ ਦਿਮਾਗ਼ ਫਟਦਾ। ਉਸ ਦੇ ਦੁਖ ਦਾ ਕਾਰਨ ਉਸ ਤੋਂ ਗੁੱਝਾ ਥੋੜਾ ਸੀ। ਔਰਤ ਆਪਣਾ ਗਹਿਣਾ ਇਸ ਬਹਾਦਰੀ ਨਾਲ ਸੁਟ ਦੇਵੇ ਉਸ ਨੇ ਸੋਚਿਆ ਵੀ ਨਹੀਂ ਸੀ...ਪਰ ਹੁਣ ਉਸ ਦੀ ਅਸਲੀਅਤ ਸਾਹਮਣੇ ਆ ਜਾਣ ਤੇ ਉਹ ਵੀ ਗੰਭੀਰ ਹੋਏ ਬਿਨਾਂ ਰਹਿ ਨਹੀਂ ਸੀ ਸਕਿਆ। ਆਪਣੀ ਮਾਨਸਿਕ ਹਾਲਤ ਦਾ ਸੰਤੁਲਨ ਠੀਕ ਨਾ ਹੋਣ ਕਰਕੇ ਉਹ ਪਹਿਲਾਂ ਜਿੰਨਾ ਪਿਆਰ ਵੀ ਨਹੀਂ ਸੀ ਜਤਾ ਸਕਦਾ। ਉਂਜ ਭਾਵੇਂ ਉਸ ਦੇ ਮਨ ਵਿਚ ਆਪਣੀ ਪਤਨੀ ਪ੍ਰਤੀ ਉਸ ਦਿਨ ਦਾ ਪਿਆਰ ਹੋਰ ਵੀ ਵਧ ਗਿਆ ਸੀ ਜਿਸ ਦਿਨ ਦਾ ਉਸ ਨੇ ਆਪਣੇ ਹਾਰ ਨੂੰ ਬਿਨਾਂ ਉਕ ਸੁਕ ਕੀਤੇ ਉਸ ਦੇ ਹਵਾਲੇ ਕਰ ਦਿਤਾ ਸੀ। ਪਰ ਉਸ ਦੀ ਤਰਸਯੋਗ ਹਾਲਤ ਅਤੇ ਆਪਣੇ ਤੇ ਗਲਿਆਨੀ ਉਸ ਦੇ ਅੰਦਰ ਇੰਨੀ ਡੂੰਘੀ ਉਤਰ ਗਈ ਸੀ ਕਿ ਉਸਨੂੰ ਕੁਝ ਵੀ ਚੰਗਾ ਲਗਣੋਂ ਹਟ ਗਿਆ। ਦਫ਼ਤਰ 'ਚ ਅਕੇਵਾਂ, ਹਰ ਇਕ ਨਾਲ ਚਿੜ ਫਿੜ ਉਸ ਦੇ ਸੁਭਾ ਦਾ ਅਟੁਟ ਅੰਗ ਬਣ ਗਿਆ ਸੀ। ਇਸ ਹਾਲਤ ਤੋਂ ਬਚਣ ਲਈ ਤੇ ਕੁਝ ਚਿਰ ਥੱਕੇ ਹੱਡਾਂ ਨੂੰ ਆਰਾਮ ਦੇਣ ਲਈ ਉਹ ਸਮੁੰਦਰ ਦੇ ਕੰਢੇ ਪਏ ਬੈਂਚਾਂ ਤੇ ਜਾ ਬੈਠਦਾ...ਪਰ ਸੋਚਾਂ ਉਸਦਾ ਉਥੇ ਵੀ ਖਹਿੜਾ ਨਾ ਛੱਡਦੀਆਂ...ਮਿੰਟੀ ਸਕਿੰਟੀ ਉਸਨੂੰ ਪਤਾ ਵੀ ਨਾ ਲੱਗਦਾ ਉਹ ਕਦੇ ਕਦੇ ਰਾਤ ਦੇ ਦਸ ਦਸ ਗਿਆਰਾਂ ਗਿਆਰਾਂ ਵਜਾ ਦਿੰਦਾ। ਸਮੁੰਦਰੀ ਲਹਿਰਾਂ ਵਾਂਗ ਹਜ਼ਾਰਾਂ ਕਿਸਮ ਦੇ ਖਿਆਲੀ ਤੂਫ਼ਾਨ ਉਸ ਦੇ ਦਿਮਾਗ ਵਿਚ ਪਏ ਉਠਦੇ ਤੇ ਦਬ ਜਾਂਦੇ...ਪਰ ਉਹ ਕਿਸੇ ਮੰਜ਼ਲ ਤੇ ਨਾ ਪਹੁੰਚ ਸਕਦਾ...ਪਤਨੀ ਖਿੱਚੀ ਖਿੱਚੀ ਰਹਿਣ ਲੱਗੀ ਸੀ...ਦਫਤਰੀ ਹਾਲਾਤ ਵਿਗੜ ਗਏ ਸਨ...ਉਸ ਦਾ ਸੁਭਾ ਬਦਲ ਗਿਆ ਸੀ...ਗਿਆਰਾਂ ਸੌ ਰੁਪਏ ਹਾਲੇ ਮੁਸ਼ਕਲ ਸਨ...ਹਾਰ ਬਿਨਾਂ ਘਰ 'ਚ ਸ਼ਾਂਤੀ ਨਹੀਂ ਸੀ ਵਾਪਰ ਸਕਦੀ...ਤੇ ਸ਼ਾਂਤੀ ਬਿਨਾਂ ਜ਼ਿੰਦਗੀ ਕਾਹਦੀ...ਇਕੋ ਹਲ ਸੀ ਜਿਹੜਾ ਵਾਰ ਵਾਰ ਉਸਨੂੰ ਸੁਝਦਾ...ਪਰ ਇਹ ਹਥੋਪਾਈ ਉਹ ਹਾਲੇ ਯੋਗ ਨਹੀਂ ਸੀ ਸਮਝਦਾ...ਤੇ ਥਾਨੇ ਕਚਿਹਰੀਆਂ ਦੇ ਚੱਕਰਾਂ ਤੋਂ ਉਸਨੂੰ ਡਰ ਜਿਹਾ ਲਗਦਾ ਸੀ...ਇਹਨਾਂ ਹੀ ਗੁੰਝਲਾਂ 'ਚ ਫਸਿਆ ਬਿਨਾਂ ਬੋਲੇ ਚੱਲੇ ਘਰ ਜਾ ਡਿਗਦਾ...ਤੇ ਸਾਰੀ ਸਾਰੀ ਰਾਤ ਕਰਵਟਾਂ ਬਦਲਦਾ ਰਹਿੰਦਾ...।

ਉਸ ਨੂੰ ਵੱਡਾ ਦੁਖ ਇਹੀ ਸੀ ਕਿ ਉਸ ਦੀ ਪਤਨੀ ਉਸੇ ਕਰਕੇ ਦੁਖੀ

ਸੀ। ਆਪ ਤਾਂ ਉਸ ਨੂੰ ਉਹ ਸੁਖ ਪਹੁੰਚਾ ਨਹੀਂ ਸੀ ਸਕਿਆ ਤੇ ਸਗੋਂ ਉਸ ਦੇ ਸੁਖਾਂ ਤੇ ਵੀ ਉਸ ਛਾਪਾ ਮਾਰਿਆ ਸੀ।

ਉਂਝ ਹੈ ਤੇ ਉਹ ਮਜਬੂਰ ਈ ਸੀ। ਦੋ ਸੌ ਰੁਪਏ ਦਾ ਕਲਰਕ ਤੇ ਸੀ ਵਿਚਾਰਾ। ਇਡੇ ਵਡੇ ਸ਼ਹਿਰ ਦਾ ਖਰਚ ਕਿਥੋਂ! ਪੰਜਾਹ ਤਾਂ ਨਿਕੇ ਜੇ ਕਮਰੇ ਦੇ ਪਹਿਲੀ ਨੂੰ ਮਕਾਨ ਮਾਲਕਨ ਆ ਰਖਾਉਂਦੀ ਸੀ। ਉਸ ਦੇ ਰੁਖੇ ਤੇ ਤੇਜ਼ ਸੁਭਾ ਅਗੇ ਉਹਨਾਂ ਦੀ ਹਿੰਮਤ ਨਹੀਂ ਸੀ ਪੈਂਦੀ, ਉਹ ਇਕ ਦਿਨ ਵੀ ਕ੍ਰਾਇਆ ਲੇਟ ਕਰ ਦੇਣ। ਬਾਕੀ ਡੇਢ ਸੌ ਰਹਿ ਜਾਂਦਾ ਸੀ ਸਾਰੇ ਖਰਚਾਂ ਲਈ। ਇਕ ਨਾ ਅੱਧੀ ਦੁਕਾਨ ਦਾ ਆਈ ਵਾਰ ਬਿਲ ਚੜ੍ਹ ਜਾਂਦਾ। ਤੇ ਜਦੋਂ ਕੋਈ ਵਾਧੂ ਖਰਚ ਆ ਪੈਂਦਾ ਤਾਂ ਆਫਤ ਦਾ ਪਹਾੜ ਹੀ ਟੁੱਟ ਪੈਂਦਾ। ਉਤੋਂ ਕੋਈ ਬਾਹਰਲੀ ਆਮਦਨ ਦਾ ਵੀ ਸਾਧਨ ਨਹੀਂ ਸੀ। ਜਿਹੜਾ ਥੋੜਾ ਮੋਟਾ ਸੀ ਉਹ ਉਸਨੂੰ ਪਸੰਦ ਨਹੀਂ ਸੀ। 'ਕੀ ਇਕ ਦੋ ਰੁਪਏ ਖਾਤਰ ਆਪਣੀ ਜ਼ਮੀਨ ਵੇਚਣੀ ਏ...ਪਹਿਲਾਂ ਕਿਸੇ ਦਾ ਗਲਾ ਘੁੱਟੇ ਤੇ ਫੇਰ ਆਪਣੇ ਮਨ ਦੀ ਸ਼ਾਂਤੀ ਤੇ ਚੈਨ ਦਾ...'ਆਪਾਂ ਤਾਂ ਘਟ ਖਾ ਲਵਾਂਗੇ ਪਰ ਇਹ ਕੰਮ ਨਹੀਂ ਜੇ ਕਰਨਾ' ਉਹ ਅਕਸਰ ਆਪਣੀ ਪਤਨੀ ਨੂੰ ਆਖਦਾ...। ਪਤਨੀ ਕਹਿੰਦੀ ਸੀ ਇਸ ਹਨੇਰ ਗਰਦੀ ਦੇ ਯੁਗ ਵਿਚ ਉਸ ਦੀ ਇਮਾਨਦਾਰੀ ਉਹਨਾਂ ਨੂੰ ਨਰਕ ਵਲ ਲਿਜਾ ਰਹੀ ਸੀ। ਆਲੇ ਦੁਆਲੇ ਹਰ ਥਾਂ ਜਦੋਂ ਬੇਈਮਾਨੀ ਦਾ ਰਾਜ ਸੀ ਤਾਂ ਕਿਉਂ ਉਹਨਾਂ ਦਾ ਸਾਹ ਘੁਟੇ...। ਤੇ ਕੁਝ ਕੁ ਦਿਨਾਂ ਤੋਂ ਉਸ ਨੂੰ ਸੱਚ ਮੁੱਚ ਮਹਿਸੂਸ ਹੋ ਗਿਆ ਸੀ ਕਿ ਜੇ ਉਸ ਨੇ ਇਮਾਨਦਾਰੀ ਨਾ ਤਿਆਗੀ ਤਾਂ ਘਰ ਬਾਰ ਜ਼ਰੂਰ ਤਿਆਗਣਾ ਪਏਗਾ...ਤੇ ਨਾਲੇ ਆਪਣੇ ਦਫਤਰ ਦੇ ਦੂਜੇ ਕਲਰਕਾਂ ਦੀਆਂ ਜੇਬਾਂ 'ਚ ਪੈਂਦੇ ਨੋਟਾਂ ਨੇ ਵੀ ਉਸ ਨੂੰ ਕੁਝ ਉਤਸ਼ਾਹ ਦਿਤਾ ਸੀ। ਤੇ ਹਾਰ ਕੇ ਉਸ ਨੇ ਵੀ ਹਥਿਆਰ ਸੁਟ ਦਿਤੇ ਸਨ।

ਤੇ ਫੇਰ ਇਕ ਦਿਨ ਕੰਬਦੇ ਹੱਥੀਂ ਦੋ ਰੁਪਏ ਹੀ ਫੜੇ ਸਨ ਕਿ ਧਾ-ਛਾਪਾ ਪੈ ਗਿਆ...ਭੋਲਾ ਸੀ ਵਿਚਾਰਾ...ਬਿਨਾਂ ਅਫਸਰ ਨਾਲ ਬਾਤ ਕੀਤੇ ਇਹ ਕੰਮ ਕਦੇ ਬਣੇ ਨੇ......ਸੱਸਪੈਂਡ......ਮੁਕਦਮਾ ਤੇ ਪੇਸ਼ੀਆਂ ਦੇ ਝੰਜਟ ਚੱਲਣ ਲੱਗੇ...ਘਰ ਤਾਂ ਪਹਿਲਾਂ ਹੀ ਕੁਝ ਨਹੀਂ ਸੀ...ਜੋ ਥੋੜਾ ਮੋਟਾ ਸੀ ਬਸ ਹਨੇਰੀ ਵਿਚ ਫੂਸੜੇ ਵਾਂਗ ਉਡਣ ਲੱਗਿਆ...ਸਾਰਾ ਸਾਰਾ ਦਿਨ ਭਾਂਤ ਭਾਂਤ ਦੇ ਦਫਤਰਾਂ ਦੀ ਖਾਕ ਛਾਨਣੀ ਪੈਂਦੀ...।



ਮਹੀਨੇ ਦੀ ਦਸ ਤਾਰੀਖ ਟੱਪਣ ਤੇ ਆ ਗਈ ਸੀ ਪਰ ਕਰਾਇਆ ਨਹੀਂ ਸੀ ਚੁਕਾਇਆ ਗਿਆ...ਪੰਜਾਹ ਖਾਤਰ ਕਾਲੇ ਮੂੰਹ ਵਾਲੀ ਮਾਲਕਨ ਨਿਤ ਹਜ਼ਾਰ ਹਜ਼ਾਰ ਸੁਣਾ ਕੇ ਜਾਂਦੀ...ਪਰ ਮਜਬੂਰੀ ਦੇ ਦਬਾਏ ਸੁਣ ਕੇ ਥੁਕ ਸੁੱਟਦੇ...।

ਪੰਦਰਾਂ ਵੀਹ ਦਿਨਾਂ ਵਿਚ ਹੀ ਹਾਲਤ ਹੋਰ ਵੀ ਨਿਘਰ ਗਈ...।

ਮਹੀਨੇ ਦੀ ਪਹਿਲੀ ਤਾਰੀਖ ਨੂੰ ਮਾਲਕਨ ਨੋਟਿਸ ਲੈ ਕੇ ਆ ਗਈ...ਦੋਨਾਂ ਦੇ ਹੋਸ਼ ਉਡ ਗਏ...ਹੁਣ ਬੈਠਣ ਦਾ ਠਿਕਾਣਾ ਵੀ ਖੁਸੇਗਾ...'ਇਸ ਨੂੰ ਇੰਨਾ ਵੀ ਯਕੀਨ ਕਿਉਂ ਨਹੀਂ...ਅਸੀਂ ਭੱਜਣ ਥੋੜੇ ਲੱਗੇ ਆਂ' ਉਹ ਸੋਚਦੇ-ਪਰ ਉਨ੍ਹਾਂ ਦੀ ਸੋਚ ਤਾਂ ਪੈਸੇ ਨਹੀਂ ਸੀ ਬਣ ਸਕਦੀ। ਹੱਥ ਪੈਰ ਮਾਰਕੇ ਅਤੇ ਤਰਲੇ ਮਿੰਨਤਾਂ ਕਰਕੇ ਮਸਾਂ ਸ਼ਾਮ ਤੱਕ ਦੀ ਮੋਹਲਤ ਮੰਗੀ। 'ਸੱਪਨੀ' ਠੰਡੀਆਂ ਤੱਤੀਆਂ ਸੁਣਾ ਕੇ ਘਰੋਂ ਨਿਕਲ ਗਈ...।

ਉਸ ਨੂੰ ਵਿਦਾ ਕਰਕੇ ਉਹ ਕਿੰਨਾਂ ਹੀ ਚਿਰ ਇਕ ਦੂਜੇ ਦੇ ਪੀਲੇ ਪਏ ਚਿਹਰਿਆਂ ਵਲ ਪੱਥਰਾਈਆਂ ਅੱਖਾਂ ਨਾਲ ਵੇਖਦੇ ਰਹੇ। ਇਕ ਨੂੰ ਦੂਜੇ ਤੋਂ ਆਤਮਕ-ਗਲਿਆਨੀ ਆਉਣ ਲੱਗੀ। ਗਰੀਬੀ 'ਚ ਆਏ ਗਿਲੇ ਵਾਂਗ ਇਕ ਨੌਕਰੀ ਗਈ ਤੇ ਦੂਜੇ ਹੋਰ ਸਮੱਸਿਆਵਾਂ ਖੜੀਆਂ ਹੋਣ ਲੱਗੀਆਂ...ਮਕਾਨ ਦਾ ਕਿਰਾਇਆ...ਗੁਆਂਢੀਆਂ ਦਾ ਉਧਾਰ ਤੇ ਦੁਕਾਨਾਂ ਦੇ ਬਿਲ ਧੜਾ ਧੜ ਬਣਦੇ ਗਏ...ਦਿਨੋ ਦਿਨ ਦੋਨਾਂ ਦੀ ਮਾਨਸਿਕ ਹਾਲਤ ਵੀ ਵਿਗੜਨ ਲੱਗੀ-ਪੈਸੇ ਨਹੀਂ ਤਾਂ ਮਕਾਨ ਦਾ ਨੋਟਿਸ ਵੀ ਮਿਲ ਗਿਆ ਸੀ...।

ਦੋ ਘੰਟਿਆਂ ਦੀ ਲਗਾਤਾਰ ਚੁੱਪ ਪਿਛੋਂ ਆਸ਼ਾ ਨੂੰ ਇਕ ਸੁਝਾ ਸੁਝਿਆ। ਆਪਣਾ ਹਾਰ। ਉਹਨੇ ਬਿਨਾਂ ਕੁਝ ਬੋਲੇ ਗਲੋਂ ਲਾਹ ਉਸ ਦੇ ਹੱਥਾਂ ਵਿਚ ਥਮਾ ਦਿੱਤਾ-ਉਸ ਨੇ ਵੀ ਬਿਨਾਂ ਬੋਲੇ ਫੜ ਕੇ ਜੇਬ ਵਿਚ ਪਾ ਲਿਆ...ਦੋਨਾਂ ਦੀ ਖਾਮੋਸ਼ੀ ਨੇ ਦੋਨਾਂ ਦੇ ਮਨਾਂ ਦੀਆਂ ਗੱਲਾਂ ਆਖ ਦਿੱਤੀਆਂ ..ਮੁਰਦਾਪਣ ਫੇਰ ਵੀ ਛਾਇਆ ਰਿਹਾ...ਮੌਤ ਵਰਗਾ ਸਨਾਟਾ...।

ਆਥਣ ਨੂੰ ਫੇਰ ਦਰਵਾਜ਼ਾ ਖਟਕਿਆ। ਚੰਦਰੀ ਨੇ ਭੋਰਾ ਵਿਸਾਹ ਨਾ ਕੀਤਾ। ਉਸ ਨੂੰ ਇਸ ਤਰ੍ਹਾਂ ਅੰਦਰ ਧਸੀ ਵੇਖ ਕੇ ਆਸ਼ਾ ਨੇ ਵੇਖਿਆ ਉਸ ਦਾ ਪਤੀ ਗੁੱਸੇ ਨਾਲ ਲਾਲ ਹੋ ਗਿਆ ਸੀ...ਉਹ ਕੰਬ ਜਿਹੀ ਗਈ। ਉਸ ਦਾ ਗੁੱਸਾ ਭੈੜਾ ਸੀ...ਬਿਨਾਂ ਕੁਝ ਕਹੇ ਉਸ ਦੇ ਪਤੀ ਨੇ ਆਪਣੇ ਖੱਬੇ ਹੱਥ ਦੀ

ਹਥੇਲੀ ਤੇ ਹਾਰ ਰੱਖ ਕੇ ਉਸਦੇ ਅੱਗੇ ਕਰ ਦਿੱਤਾ, 'ਸੌ ਆਪਣਾ ਕੱਟ ਲਉ– ਹਜ਼ਾਰ ਹੋਰ ਦੇ ਦਿਉ...ਕੁਝ ਦਿਨ ਲੋੜ ਆ–ਸਣੇ ਵਿਆਜ ਉਤਾਰ ਦਿਆਂਗਾ... ਪੂਰੇ ਸੋਲਾਂ ਸੌ ਦਾ ਏ–।' ਹਾਰ ਵੇਖ ਕੇ 'ਸੱਪਨੀ' ਦੀਆਂ ਵਹਿਸ਼ੀ ਅੱਖਾਂ ਚਮਕ ਪਈਆਂ...ਗੁੱਸਾ ਕਿਧਰੇ ਖੰਭ ਲਾ ਕੇ ਉੱਡ ਗਿਆ...ਲਲਚਾਈਆਂ ਨਿਗਾਹਾਂ ਨਾਲ ਹਾਰ ਵੱਲ ਤੱਕ ਕੇ ਮਨ ਹੀ ਮਨ ਸੋਚਿਆ–'ਬੜਾ ਵਧੀਆ ਚੰਦਰਾ...ਮੈਂ ਖੁਦ ਇਹਨੂੰ ਪਾਇਆ ਕਰਾਂਗੀ–।' ਹਾਰ ਫੜ ਕੇ ਇਕ ਦੋ ਵਾਰ ਝਟਕਿਆ। ਫੇਰ ਪੋਟਲੀ ਜਿਹੀ ਬਣਾ ਕੇ ਕਾਲੇ ਪਰਸ ਵਿਚ ਦਬਾ ਲਿਆ...ਦੋਨਾਂ ਦੀਆਂ ਅੱਖਾਂ ਪੱਥਰਾਂ ਵਾਂਗ ਉਸ ਦੀਆਂ ਹਰਕਤਾਂ ਤੇ ਜੰਮੀਆਂ ਹੋਈਆਂ ਸਨ।...ਫੇਰ ਠੰਡੀ ਹੋਈ ਇਹ ਆਖਦੀ ਕਮਰੇ 'ਚੋਂ ਨਿਕਲ ਗਈ...

'ਅੱਛਾ ਸ਼ਾਮ ਨੂੰ ਆ ਜਾਈਂ ਕੋਠੀ...।'

ਹਜ਼ਾਰ ਵੀ ਉਸ ਦੇ ਪੱਲੇ ਨਹੀਂ ਸੀ ਪਾਇਆ–ਤੇ ਗਿਆਰਾਂ ਸੌ ਤੇ ਦਸਖ਼ਤ ਵੀ ਕਰਾ ਲਏ...ਪਰ ਇਕ ਕੰਮ ਜ਼ਰੂਰ ਬਣ ਗਿਆ ਸੀ–ਉਸ ਦੇ ਸਾਹਿਬ ਨੂੰ ਕੋਠੀ ਬੁਲਾ ਕੇ ਮੁੜ ਲੁਆ ਦਿੱਤਾ–ਫੇਰ ਉਸ ਦੇ ਕੰਨ ਵਿਚ ਆਖਿਆ, 'ਤੇਰਾ ਹਜ਼ਾਰ ਰੁਪਿਆ ਅਫਸਰ ਨੂੰ ਦੇ ਦਿਆਂਗੀ ...ਤੂੰ ਚਲਾ ਜਾਈਂ ਬੇ-ਫ਼ਿਕਰ ਹੋ ਕੇ ਨੌਕਰੀ ਤੇ ਕਲ ਨੂੰ...।

ਅਫਸਰ ਨੂੰ ਹਜ਼ਾਰ ਦੀ ਗੱਲ ਸੁਣ ਕੇ ਉਸ ਦਾ ਤ੍ਰਾਹ ਜਿਹਾ ਨਿਕਲ ਗਿਆ–ਦਿਲ ਕੀਤਾ ਮੋਢੇ ਝੰਜੋੜ ਕੇ ਪੁੱਛੇ ਬਈ ਰਿਸ਼ਵਤ ਤਾਂ ਰਿਸ਼ਵਤ ਈ ਏ– ਭਾਵੇਂ ਦੋ ਤੇ ਭਾਵੇਂ ਹਜ਼ਾਰ–ਤੂੰ ਹੁਣ ਆਪ ਕਿਉਂ ਮੂੰਹ ਕਾਲਾ ਕਰਦੈਂ...ਪਰ ਫੇਰ ਬਣੇ ਕੰਮ ਨੂੰ ਵਿਗੜਨ ਤੋਂ ਡਰਦਾ ਚੁੱਪ ਕਰ ਗਿਆ...।

ਅਗਲੇ ਦਿਨ ਗਿਆਰਾਂ ਸੌ ਤੇ ਦਸਤਖਤ ਕਰਕੇ ਉਹ ਦਫਤਰ ਜਾ ਹਾਜ਼ਰ ਹੋਇਆ।

ਪਹਿਲਾਂ ਉਸ ਦੀ ਪਤਨੀ ਖੁਸ਼ ਸੀ। ਇਸ ਵਿਚ ਉਸੇ ਦੀ ਖੁਸ਼ੀ ਸੀ ਕਿੰਨੇ ਦਿਨ ਗ਼ਮ ਉਸ ਦੇ ਨਜ਼ਦੀਕ ਤਕ ਨਹੀਂ ਸੀ ਢੁਕਿਆ–ਪਰ ਹੁਣ ਜਿਸ ਦਿਨ ਦੀ ਉਸ ਦੀ ਪਤਨੀ ਦੀ ਹਾਲਤ ਬਦਲੀ ਸੀ ਉਸ ਦਾ ਚੈਨ ਵੀ ਜਾਂਦਾ ਰਿਹਾ ਸੀ–ਨਿਤਾ ਪ੍ਰਤੀ ਉਹ ਆਪਣੇ ਆਪ ਨੂੰ ਬਦਲਣ ਲਗਿਆ। ਆਪਣੇ ਅਫਸਰ ਨਾਲ ਤੇ ਆਪਣੇ ਕਲਰਕ ਸਾਥੀਆਂ ਨਾਲ ਉਸ ਨੂੰ ਚਿੜ੍ਹ ਹੋਣ ਲਗੀ– ਪਤਾ ਨਹੀਂ ਕਿਉਂ ਉਹ ਸਭ ਨੂੰ ਨੋਚ ਲੈਣਾ ਚਾਹੁੰਦਾ ਸੀ ਆਪਣੇ ਅਫਸਰ ਤੋਂ



ਵੀ ਉਸ ਨੂੰ ਹੁਣ ਡਰ ਨਹੀਂ ਸੀ ਲਗਦਾ। ਉਹ ਖੁਦ ਵੀ ਹੈਰਾਨ ਸੀ ਉਸ ਵਿਚ ਇੰਨਾ ਸਾਹਸ ਕਿਥੋਂ ਆ ਗਿ... ..ਹਰ ਰੋਜ਼ ਉਸ ਨੂੰ ਲਗਦਾ ਜਿਵੇਂ ਉਹ ਮਰ ਕੇ ਜਨਮਿਆਂ ਹੋਵੇ...।

ਨਾਲ ਪਤਨੀ ਦੀ ਹਾਲਤ ਵੀ ਸਹਿ ਨਹੀਂ ਸੀ ਹੁੰਦੀ ਸਾਰਾ ਦਿਨ ਦੋਨੋਂ ਜੀ ਖੋਏ ਖੋਏ ਰਹਿੰਦੇ। ਪਤਨੀ ਨੂੰ ਦੁਖ ਸੀ ਪਤੀ ਪਿਆਰ ਨਹੀਂ ਦਿੰਦਾ...ਪਤੀ ਨੂੰ ਉਸਦੇ ਗਮ ਦਾ ਗ਼ਮ ਸੀ ...।

ਆਸ਼ਾ ਦੀ ਹਾਲਤ ਤਾਂ ਦਿਨੋ ਦਿਨ ਨਿਘਰਦੀ ਹੀ ਗਈ।

ਉਸ ਨੇ ਬਜ਼ਾਰੀ ਹਾਰ ਖਰੀਦ ਕੇ ਮਨ ਪ੍ਰਚਾਉਣਾ ਚਾਹਿਆ।...ਪਰ ਆਪਣੇ ਪਤੀ ਦੀ ਪਿਆਰ ਛੋਹ ਮੁੜ ਉਸਨੂੰ ਨਸੀਬ ਨਾ ਹੋਈ। ਉਸ ਦੇ ਮਨ ਅੰਦਰ ਗੱਲ ਵਸ ਗਈ ਕਿ ਜਿਨਾਂ ਚਿਰ ਮੁੜ ਉਸ ਦੇ ਗਲ ਹਾਰ ਨਹੀਂ ਪੈਂਦਾ ਉਹ ਮੁੜ ਪਤੀ ਦੀਆਂ ਬਾਹਾਂ ਦੇ ਹਾਰ ਨੂੰ ਨਸੀਬ ਨਹੀਂ ਕਰ ਸਕੇਗੀ।

ਇਕ ਸ਼ਾਮ ਆਸ਼ਾ ਨੇ ਵੇਖਿਆ ਮਕਾਨ-ਮਾਲਕਣ ਨੇ ਉਸ ਦਾ ਹਾਰ ਪਹਨਿਆ ਹੋਇਆ ਹੈ। ਓਸ ਦੇ ਸਤੀਂ ਕਪੜੀਂ ਅੱਗ ਲਗ ਗਈ। ਦਿਲ ਕੀਤਾ ਗੁੱਤੋਂ ਫੜ ਕੇ ਪੁਛੇ ਬਈ ਕੀ ਹਾਰ ਤੈਨੂੰ ਇਸ ਤਰ੍ਹਾਂ ਪਾਈ ਫਿਰਨ ਲਈ ਦਿਤਾ ਸੀ...ਪਰ ਮਜਬੂਰੀਆਂ ਨੇ ਜਜ਼ਬਾਤਾਂ ਤੇ ਕਾਬੂ ਪਾ ਲਿਆ...।

ਹਰ ਰੋਜ਼ ਸਵੇਰੇ ਸ਼ਾਮ ਜਦੋਂ ਕੋਠੀ ਦੇ ਗਰਾਸੀ ਪਲਾਟ ਵਿਚ ਮਾਲਕਾਂ ਦਾ ਝੁਰਮਟ ਬੱਝਦਾ ਤਾਂ ਦੂਰ ਖੜੀ ਆਸ਼ਾ ਉਨ੍ਹਾਂ ਨੂੰ ਵੇਖਦੀ ਰਹਿੰਦੀ। ਮਾਲਕਨ ਦੇ ਗਲ 'ਚ ਪਾਇਆ ਹਾਰ ਦੂਰੋਂ ਹੀ ਉਸ ਨੂੰ ਚਮਕਾਂ ਮਾਰਦਾ ਵਿਖਾਈ ਦਿੰਦਾ। ਕਿੰਨਾਂ ਕਿੰਨਾਂ ਚਿਰ ਉਹ ਆਪਣੀਆਂ ਲੁਟੀਆਂ ਖੁਸ਼ੀਆਂ ਦੇ ਜਨਾਜ਼ੇ ਨੂੰ ਵੇਖਦੀ ਰਹਿੰਦੀ।

ਆਸ਼ਾ ਦੇ ਦਿਮਾਗ ਤੇ ਡਾਢਾ ਅਸਰ ਹੋ ਚਲਿਆ ਸੀ...ਕਈ ਦਿਨਾਂ ਤੋਂ ਉਸਨੇ ਰਾਤ ਨੂੰ ਵੀ ਗੇੜਾ ਮਾਰਨਾ ਸ਼ੁਰੂ ਕਰ ਦਿਤਾ ਸੀ...ਕਲ੍ਹ ਰਾਤ ਜਦੋਂ ਉਹ ਬਾਹਰ ਨਿਕਲੀ ਤਾਂ ਉਸ ਨੂੰ ਲਗਿਆ ਜਿਵੇਂ ਗੁਲਮੋਹਰ ਦੇ ਬੂਟੇ ਹੇਠਾਂ ਦੋ ਕਾਲੇ ਪਰਛਾਵੇਂ ਖੜੋਤੇ ਹੋਣ। ਉਹ ਸਹਿਮ ਗਈ। ਟਿਕਟਿਕੀ ਲਾ ਕੇ ਹਨੇਰੇ ਵਿਚੋਂ ਉਨ੍ਹਾਂ ਦੀਆਂ ਹਰਕਤਾਂ ਵੇਖਣ ਲਗੀ। ਇਕ ਪਰਛਾਵਾਂ ਹਿਲਿਆ...ਆਪਣੀ ਜੇਬ ਵਿਚੋਂ ਕੁਝ ਕਢਿਆ...ਝਟਕ ਕੇ ਦੂਜੇ ਦੇ ਗਲੇ ਵਿਚ ਪਾ ਦਿਤਾ...ਤੇ ਫੇਰ ਆਪਣੀਆਂ ਬਾਹਾਂ ਵੀ ਉਸ ਦੇ ਗਲੇ ਦੁਆਲੇ ਲਪੇਟ ਦਿਤੀਆਂ...ਦੂਜਾ ਪਰਛਾਵਾਂ

ਪਹਿਲੇ ਵਿਚ ਸਿੰਮਟ ਜਿਹਾ ਗਿਆ...। ਆਸ਼ਾ ਦੀ ਚੀਕ ਨਿਕਲ ਗਈ। ਸਾਰਾ ਇਕਾਂਤ ਭੰਗ ਹੋ ਗਿਆ...ਕੂਕਾਂ ਮਾਰਦੀ ਦੌੜ ਪਈ...ਪਰਛਾਵੇਂ ਕਾਹਲੀ ਕਾਹਲੀ ਜੁਦਾ ਹੋ ਕੇ ਹਨੇਰੇ ਵਿਚ ਅਲੋਪ ਹੋ ਗਏ ...।

ਅਗਲੇ ਦਿਨ ਆਸ਼ਾ ਨੂੰ ਬੁਖ਼ਾਰ ਚੜ੍ਹ ਗਿਆ। ਸਾਰਾ ਦਿਨ ਭਟਕ ਭਟਕ ਉਠਦੀ ਰਹੀ। ਪਤੀ ਨੇ ਛੁੱਟੀ ਲੈ ਲਈ...।

ਸ਼ਾਮ ਦੇ ਚਾਰ ਕੁ ਵਜੇ ਹੋਣਗੇ ਜਦੋਂ ਸਾਰੀ ਗਲੀ 'ਚ ਸ਼ੋਰ ਮਚ ਗਿਆ। ਮਕਾਨ-ਮਾਲਕਨ ਦੀ ਭਿਆਨਕ ਆਵਾਜ਼ ਦੂਰੋਂ ਸੁਣਾਈ ਦਿੰਦੀ ਸੀ। ਆਸ਼ਾ ਨੂੰ ਡਰ ਲਗਿਆ ਉਠ ਕੇ ਬੈਠ ਗਈ।

'ਮੈਂ ਆਖਿਆ ਜੀ ਵੇਖਣਾ ਜ਼ਰਾ...ਜੇ ਉਹੋ ਸੱਪਨੀ ਹੋਈ ਤਾਂ ਆਖਣਾ ਇਧਰ ਨਾ ਆਵੇ–ਨਹੀਂ ਤੇ ਪਤਾ ਨਹੀਂ ਮੈਂ ਕੀ ਕਰ ਬਹਾਂ...ਮੈਥੋਂ ਉਸ ਨੂੰ ਵੇਖਿਆ ਨਹੀਂ ਜਾਣਾ...ਮੇਰੀਆਂ ਅੱਖਾਂ 'ਚ ਖ਼ੂਨ ਉਤਰ ਆਉਣਾ...ਮੇਰੇ ਕੋਈ ਵਸ ਦਾ ਰੋਗ ਨਹੀਂ ...।'

ਤੇ ਉਹ ਬਿਨਾਂ ਕੁਝ ਬੋਲੇ ਬਾਹਰ ਨਿਕਲ ਗਿਆ। ਘਬਰਾਏ ਦਿਲ ਨਾਲ ਆਸ਼ਾ ਉਸ ਦੀ ਪਿੱਠ ਵਲ ਵੇਖਦੀ ਰਹੀ...ਪਤਾ ਨੀ ਕਿਉਂ ਉਸ ਦੇ ਦਿਲ ਦੀ ਧੜਕਣ ਵਧ ਗਈ ਸੀ...।

ਮਾਲਕਨ ਨਲਕੇ ਤੇ ਲਗੇ ਫਰਸ਼ ਦੀ ਇਕ ਨੁਕਰੇ ਖੜੀ ਉੱਚੀ ਉੱਚੀ ਗਰਜ ਰਹੀ ਸੀ–ਜ਼ੋਰਾਂ ਦਾ ਜੰਗ ਲਗਿਆ ਹੋਇਆ ਸੀ...ਮਾਲਕਨ ਨੂੰ ਜੇ ਪੈਸੇ ਦਾ ਨਸ਼ਾ ਸੀ ਤਾਂ 'ਨਵੀਂ ਔਰਤ' ਨੂੰ ਵੀ ਆਪਣੇ ਡਉਲਿਆਂ ਦਾ ਮਾਨ ਸੀ। ਬਥੇਰਾ ਉਸ ਨੇ ਗੱਲ ਠੰਡੀ ਕਰਨੀ ਚਾਹੀ ਪਰ ਉਹ ਹੋਰ ਹੋਰ ਭੜਕਨ ਲਗੀ...।

ਉਹ ਨਲਕੇ ਦੇ ਪਿਛੇ ਹੋ ਕੇ ਉਨ੍ਹਾਂ ਨੂੰ ਵੇਖਣ ਲਗਿਆ। ਜਦੋਂ ਮਾਲਕਨ ਦੀ ਲੰਬੀ ਬਾਂਹ ਉਪਰ ਨੂੰ ਉਠਦੀ ਤਾਂ ਉਸ ਦੇ ਗਲ ਵਿਚ ਪਾਇਆ ਆਸ਼ਾ ਦਾ ਹਾਰ ਉਸ ਦੀ ਛਾਤੀ ਤੇ ਨੱਚਣ ਲੱਗਦਾ। ਘੁੰਮਦੀਆਂ ਘੁੰਮਦੀਆਂ ਉਸ ਦੀਆਂ ਨਿਗਾਹਾਂ ਹਾਰ ਤੇ ਜੰਮ ਗਈਆਂ। ਉਹ ਕੰਬ ਗਿਆ, ਆਪਣੀ ਪਤਨੀ ਦੀ ਬਿਮਾਰੀ...ਘਰ ਦੀ ਅਸ਼ਾਂਤੀ ਤੇ ਆਪਣੇ ਗਮ ਦੀ ਸਾਰੀ ਕਹਾਣੀ ਉਸ ਦੇ ਅੱਗੋਂ ਲੰਘ ਗਈ...ਅਜੀਬ ਅਜੀਬ ਖਿਆਲ ਉਹਦੇ ਅੰਦਰ ਉਭਰਨ ਲਗੇ... ਉਹ ਖ਼ੁਦ ਆਪਣੇ ਆਪ ਤੇ ਹੈਰਾਨੀ ਵੇਖਦੇ ਵੇਖਦੇ ਗਾਲਾਂ ਦੁਪੜਾਂ, ਮੇਹਣੇ ਤਾਅਨੇ ਹੱਥੋ ਪਾਈ 'ਚ ਵਟ ਗਏ...ਦੂਜੀਆਂ ਔਰਤਾਂ ਵਿਚੇ ਉਲਝ ਗਈਆਂ।



ਨਵੀਂ ਔਰਤ' ਦਾ ਹੌਂਸਲਾ ਉਸ ਨੂੰ ਟੁੰਬ ਰਿਹਾ ਸੀ...ਬਿਨਾਂ ਕਿਸੇ ਡਰ ਡੁਕਰ ਦੇ ਕੀੜੀ ਨੇ ਪਹਾੜ ਨਾਲ ਟੱਕਰ ਲਈ ਹੋਈ ਸੀ।

ਆਸ਼ਾ ਦਾ ਪਤੀ ਘਰ ਵਲ ਦੌੜਿਆ। ਅੰਦਰ ਵੜ ਕੇ ਝੱਟ ਕੁੰਡੀ ਮਾਰ ਲਈ। ਉਹ ਆਪਣੇ ਕੰਮ ਤੇ ਅਤੇ ਕੀਤੇ ਹੌਂਸਲੇ ਤੇ ਖ਼ੁਦ ਹੈਰਾਨ ਸੀ...।

ਝਟ ਨਿਰਾਸ਼ ਪਈ ਆਸ਼ਾ ਨੂੰ ਝੰਜੋੜਿਆ। ਉਹ ਉਠ ਕੇ ਬੈਠ ਗਈ...।

'ਗਲਾ ਕਰੀਂ ਜਰਾ...' ਉਸ ਨੇ ਧੀਰਜ ਨਾਲ ਕਿਹਾ ਜਿਵੇਂ ਕੁਝ ਵੀ ਨਾ ਹੋਇਆ ਹੋਵੇ। ਪਿਆਰ ਦੀ ਭੁੱਖੀ ਆਸ਼ਾ ਨੇ ਆਪਣਾ ਆਪਾ ਉਸ ਦੀਆਂ ਬਾਹਾਂ ਵਿਚ ਢੇਰੀ ਕਰ ਦਿਤਾ। ਪਹਿਲਾਂ ਹਾਰ...ਫੇਰ ਬਾਹਾਂ ਦਾ ਹਾਰ...ਪਾ ਕੇ ਉਸ ਦੇ ਪਤੀ ਨੇ ਆਸ਼ਾ ਨੂੰ ਆਪਣੇ ਨਾਲ ਲਪੇਟ ਲਿਆ। ਪਿਆਰ ਦੀ ਲੋਰ 'ਚ ਆਸ਼ਾ ਦਾ ਬੁਖਾਰ ਲੱਥ ਗਿਆ। ਛਾਲ ਮਾਰ ਕੇ ਉਹ ਪਲੰਘ ਤੋਂ ਉਠ ਖੜੋਤੀ। ਬਾਹਰੋਂ ਉਸ ਦੇ ਕੰਨਾਂ ਵਿਚ ਆਵਾਜ਼ਾਂ ਪੈਣ ਲੱਗੀਆਂ :

'ਮੈਂ ਲੁੱਟੀ ਗਈ...ਮੇਰਾ ਹਾਰ...ਅੱਠਾਂ ਤੋਲਿਆਂ ਦਾ...ਝਪਟ ਮਾਰ ਕੇ ਗਲੋਂ ਤੋੜ ਲਿਆ...' ਆਸ਼ਾ ਨੂੰ ਸਮਝਣ 'ਚ ਦੇਰ ਨਾ ਲੱਗੀ ਕੀ ਵਾਪਰਿਆ।

ਬੇ-ਧੜਕ ਹੋ ਕੇ ਉਹ ਆਪਣੇ ਪਤੀ ਦੀਆਂ ਬਾਹਾਂ ਵਿਚ ਢੇਰੀ ਹੋ ਗਈ... ਸਦੀਆਂ ਬਾਅਦ ਉਸ ਨੂੰ ਉਹ ਪਿਆਰ ਛੋਹਾਂ ਮਿਲੀਆਂ ਸਨ ਜਿਨ੍ਹਾਂ ਲਈ ਉਹ ਪਾਗਲ ਹੋਈ ਬੈਠੀ ਸੀ।

ਗਲੀ ਦਾ ਸ਼ੋਰ ਉਨ੍ਹਾਂ ਵਲ ਵਧਣ ਲੱਗਿਆ। ਪਰ ਪਿਆ ਵਧਦਾ ਰਹੇ...ਉਹ ਤਾਂ ਆਪਣੇ ਆਪ ਨੂੰ ਕਦੋਂ ਦੇ ਆਉਣ ਵਾਲੇ ਸਮੇਂ ਲਈ ਤਿਆਰ ਕਰ ਚੁੱਕੇ ਸਨ...।

## ਗੱਲ ਇੱਕ ਰਾਤ ਦੀ

ਕਣੀਆਂ ਨਾਲ ਭਿੱਜੀ ਤੇਜ਼ ਹਵਾ ਦਾ ਝੌਂਕਾ ਕੁੱਲੀ ਦੀਆਂ ਵਿਰਲਾਂ ਨੂੰ ਠਾਰਦਾ ਮੇਰੇ ਤਕ ਅੱਪੜ ਗਿਆ। ਮੇਰੇ ਅੱਧ-ਕੱਜੇ ਸਰੀਰ ਤੇ ਜਿਵੇਂ ਇਹ ਸੱਪ ਵਾਂਗ ਲੜ ਗਿਆ ਹੱਥ ਪੈਰ ਕੰਬਣ ਲੱਗ ਪਏ, ਦੰਦਾਂ ਨਾਲ ਦੰਦ ਵੱਜੇ ਤੇ ਮੈਂ ਆਪਣੇ ਆਪ ਵਿਚ ਸਿਮਟਨ ਦੀ ਕੋਸ਼ਿਸ਼ ਕਰਨ ਲੱਗਿਆ। 'ਹਾਏ' ਦਾ ਹਉਕਾ ਨਿਕਲਿਆ ਤੇ ਆਪਣੇ ਪਾਟੇ ਝੀਟੇ ਕੰਬਲ ਨਾਲ ਠੰਡੇ ਸਰਦ ਪਿੰਡੇ ਨੂੰ ਢੱਕਣ ਦੀ ਨਿਸਫ਼ਲ ਕੋਸ਼ਿਸ਼ ਕਰਦਾ ਰਿਹਾ। ਮੇਰੀ ਕਾਨਿਆਂ ਦੀ ਝੌਂਪੜੀ, ਬਾਹਰ ਝੁਲਦੀ ਹਨੇਰੀ ਤੋਂ ਡਰਦੀ ਕੰਬਣ ਲੱਗ ਪਈ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਮੈਂ ਆਪਣੀ ਨੌਕਰੀ ਤੋਂ ਮਿਲੇ ਜਵਾਬ ਵਾਲੇ ਦਿਨ ਕੰਬਿਆ ਸੀ। ਮੇਰੀ ਕਿੰਨੇ ਸਾਲਾਂ ਦੀ ਰੀਝ ਮਿੱਟੀ ਵਿਚ ਮਿਲ ਕੇ ਰਹਿ ਗਈ ਸੀ। ਮੇਰਾ ਬੁੱਢਾ ਪਿਓ ਵੀ ਇਸ ਝੌਂਪੜੀ ਵਿਚ ਇਸੇ ਤਰ੍ਹਾਂ ਕੰਬਿਆ ਸੀ। ਉਸ ਨੇ ਮਸਾਂ ਮਸਾਂ ਭੁੱਖਾ ਰਹਿ ਕੇ, ਸਾਰਾ ਦਿਨ ਮਿੱਟੀ ਵਿਚ ਮਿੱਟੀ ਹੋ ਕੇ, ਚਾਵਾਂ ਤੇ ਮਲ੍ਹਾਰਾਂ ਨਾਲ ਮੇਰੇ ਕਾਲਜ ਦਾ ਖਰਚ ਦਿਤਾ ਸੀ। ਕਿੰਨੀਆਂ ਹੀ ਸੁੱਖਾਂ ਸੁਖ ਕੇ ਸ਼ਾਹ ਤੋਂ ਰੁਪਏ ਲਿਆ ਕੇ ਤੇ ਮੇਰੇ ਸਿਰ ਤੇ ਹੱਥ ਫੇਰ ਕੇ ਉਸ ਨੇ ਮੈਨੂੰ ਇੰਟਰਵਿਊ ਲਈ ਵਿਦਾ ਕੀਤਾ ਸੀ। ਪਰ ਜਦੋਂ ਮੈਂ ਪੀਲੇ ਮੂੰਹ ਨਾਲ, ਆਪਣੀਆਂ ਤੇ ਆਪਣੇ ਪਿਉ ਦੀਆਂ ਸੱਧਰਾਂ ਦਾ ਖ਼ੂਨ ਕਰਨ ਵਾਲਿਆਂ ਤੇ ਕਰਿੱਝ ਰਿਹਾ ਸਾਂ ਉਹ ਵੀ ਇਸੇ ਝੌਂਪੜੀ ਵਾਂਗ ਕੰਬਿਆ ਸੀ ਤੇ ਉਸ ਨੇ ਮੇਰਾ ਅੰਦਰ ਕੰਬਾ ਦਿਤਾ ਸੀ,



'ਜਿੰਨਾਂ ਚਿਰ ਇਹ ਬਾਜ ਅਸਮਾਨੀਂ ਉਡਦੇ ਫਿਰਦੇ ਨੇ ਉਨਾਂ ਚਿਰ ਸਾਨੂੰ ਚਿੜੀਆਂ ਨੂੰ ਕਿਸੇ ਚੋਗਾ ਚੁਗਣ ਨੀਂ ਦੇਣਾ। ਅੱਜ ਤੋਂ ਨੌਕਰੀ ਲਈ ਨਹੀਂ ਇਕ ਸ਼ਿਕਾਰੀ ਬਣ ਕੇ ਘਰੋਂ ਨਿਕਲ ਕੇ...ਇਨ੍ਹਾਂ ਬਾਜਾਂ ਤੇ ਝਪਟ...' ਤੇ ਮੁੜ ਉਸ ਨੇ ਮੈਨੂੰ ਕਿਸੇ ਇੰਟਰਵਿਊ ਤੇ ਜਾਣ ਨਹੀਂ ਦਿਤਾ।

ਠੰਡ ਨਾਲ ਮੇਰਾ ਸਰੀਰ ਜੰਮਦਾ ਜਾ ਰਿਹਾ ਸੀ। ਬਾਹਰ ਅਸਮਾਨ ਵਿਚ ਹੁੰਦਾ ਸ਼ੋਰ ਮੇਰੇ ਉੱਪਰ ਹੱਸ ਰਿਹਾ ਸੀ। ਮੈਂ ਨੌਜੁਆਨ ਸੀ, ਮੇਰੇ ਅੰਦਰ ਤਾਜ਼ਾ ਖ਼ੂਨ ਸੀ, ਪਰ ਮੈਂ ਇਕ ਮੁਰਦੇ ਵਾਂਗ ਬੇ-ਆਸ ਹੋਇਆ ਝੌਂਪੜੀ ਵਿਚ ਪਿਆ ਸਾਂ। ਜ਼ੋਰ ਦੀ ਮੀਂਹ ਵਰਸ ਰਿਹਾ ਸੀ। ਹਨੇਰੀ ਘੁੱਪ ਰਾਤ। ਹਵਾ ਜ਼ੋਰ ਜ਼ੋਰ ਦੀ ਚਿੱਲਾਂਦੀ ਕੂਕਦੀ ਮੇਰੀ ਝੌਂਪੜੀ ਨਾਲ ਟਕਰਾਂਦੀ, ਅਗਾਂਹ ਲੰਘ ਜਾਂਦੀ। ਹਵਾ ਦਾ ਇਕ ਬੁੱਲਾ ਝੁੱਗੀ ਦੀ ਹਿੱਕ ਨੂੰ ਚੀਰ ਕੇ ਅੰਦਰ ਲੰਘ ਆਇਆ। ਕੁੱਲੀ ਅੰਦਰ ਹੌਲੀ ਹੌਲੀ ਜਲਦਾ ਦੀਵਾ ਜੋ ਮੇਰਾ ਸਾਥ ਦੇ ਰਿਹਾ ਸੀ ਤੇ ਮੈਨੂੰ ਨਿੱਘ ਪਹੁੰਚਾ ਰਿਹਾ ਸੀ, ਉਸ ਤੋਂ ਇਹ ਸਹਿ ਨਾ ਹੋਇਆ ਤੇ ਬਿਲਕੁਲ ਉਸੇ ਤਰ੍ਹਾਂ ਇਕ ਲੰਮਾ ਹਉਕਾ ਲੈ ਕੇ ਚੁਪ ਕਰ ਗਿਆ ਜਿਸ ਤਰ੍ਹਾਂ ਕਿ ਮੇਰਾ ਪਿਉ। ਮੇਰੇ ਪਿਉ ਵਿਚਲਾ ਤੇਲ ਵੀ ਮੇਰੀ ਬੇਰੁਜ਼ਗਾਰੀ ਨੇ ਚਟ ਲਿਆ ਸੀ ਤੇ ਇਨ੍ਹਾਂ ਬਾਜਾਂ ਦੀ ਹਵਾ ਦਾ ਝੌਂਕਾ ਉਸ ਤੋਂ ਸਹਿ ਨਹੀ ਸੀ ਹੋਇਆ। ਹੁਣ ਵੀ ਜਿਵੇਂ ਝੌਂਪੜੀ ਦੇ ਖੱਬੀ ਨੁੱਕਰੇ ਪਏ ਖਾਲੀ ਮੰਜੇ ਵਿਚੋਂ ਦੋ ਅੰਗਿਆਰਾਂ ਵਾਂਗ ਚਮਕਦੀਆਂ ਅੱਖਾਂ ਵੰਗਾਰ ਕੇ ਆਖ ਰਹੀਆ ਸਨ, 'ਮੈਨੂੰ ਪੁਤਰਾ ਤੇਰੇ ਤੇ ਬੜੀਆਂ ਆਸਾਂ ਸਨ ਪਰ ਹੁਣ ਇਕੋ ਪੂਰੀ ਕਰ ਦੇ...' ਪਰ ਮੈਂ ਕੀ ਕਰ ਸਕਦਾਂ ਸਾਂ? ਜਦੋਂ ਖੁਦ ਨੰਗਾ, ਬੇਰੁਜ਼ਗਾਰ, ਕਿੰਨੇ ਦਿਨਾਂ ਤੋਂ ਭੁੱਖਾ, ਬੁਖਾਰ ਨਾਲ ਬੇਚੈਨ, ਉਪਰ ਲਈ ਕੰਬਲ ਨਹੀਂ, ਦੀਵੇ ਵਿਚ ਤੇਲ ਨਹੀਂ ਤੇ ਉਤੋਂ ਠੰਡ।

ਇਕ ਪਾਸਿਉ ਟੁੱਟੀ ਝੁੱਗੀ ਵਿਚ ਦੀ ਮੀਂਹ ਦੀ ਵਾਛੜ ਮੇਰੇ ਉਪਰ ਆ ਪਈ। ਮੈਨੂੰ ਲਗਿਆ ਜਿਵੇਂ ਕੋਈ ਮੇਰੇ ਸਰੀਰ ਵਿਚ ਕਿਲ ਖੋਭ ਰਿਹਾ ਹੋਵੇ। ਮੇਰਾ ਸਿਰ ਚਕਰਾ ਗਿਆ ਤੇ ਸਰੀਰ ਟਾਹਣੀ ਵਾਂਗ ਕੰਬਣ ਲਗ ਪਿਆ। ਝੁੱਗੀ ਅੰਦਰ ਘੁੱਪ ਹਨੇਰਾ ਸੀ। ਮੈਂ ਉੱਠਿਆ। ਧਰਤੀ ਤੇ ਪੈਰ ਨਹੀਂ ਸੀ ਟਿਕਦਾ। ਹੇਠਾਂ ਸ਼ਾਇਦ ਜ਼ਮੀਨ ਵੀ ਗਿੱਲੀ ਸੀ। ਇਸ ਤਰ੍ਹਾਂ ਲਗਿਆ ਜਿਵੇਂ ਬਰਫ਼ ਤੇ ਖੜਾ ਹੋਵਾਂ। ਮਸਾਂ ਹੱਥ ਪੈਰ ਮਾਰ ਕੇ ਪਿਤਾ ਜੀ ਵਾਲਾ ਬਿਸਤਰਾ ਲਭਿਆ ਤੇ ਉਸ ਵਿਚ ਘੁਸੜ ਗਿਆ।

ਆਹ ! ਕਿੰਨਾਂ ਨਿੱਘ ਸੀ ਬੁੱਢੇ ਪਿਓ ਦੇ ਬਿਸਤਰੇ ਵਿਚ । ਇਹ ਕਪੜਿਆਂ ਦਾ ਨਿੱਘ ਸੀ ਜਾਂ ਮਮਤਾ ਦਾ ? ਕਪੜੇ ਤਾਂ ਇਹ ਮੇਰੇ ਨਾਲੋਂ ਵੀ ਜ਼ਿਆਦਾ ਫਟੇ ਹੋਏ ਸਨ ? ਕੁਝ ਵੀ ਹੋਵੇ ਮੈਂ ਅਰਾਮ ਮਹਿਸੂਸ ਕਰ ਰਿਹਾ ਸਾਂ 'ਅੰਨਦਾਤਾ' ਅਚਾਨਕ ਯਾਦ ਆ ਗਏ ਕਾਲਜ ਦੇ ਦਿਨ ਜਦੋਂ ਕਿਸਾਨਾਂ ਲਈ ਇਹ ਵਰਤਦੇ ਹੁੰਦੇ ਸਾਂ । ਕਿੰਨਾਂ ਝੂਠ ਹੈ ਇਨ੍ਹਾਂ ਸ਼ਬਦਾਂ ਵਿਚ ! ਉਹ ਦਾਤਾ ਕਿਵੇਂ ਅਖਵਾ ਸਕਦਾ ਸੀ, ਜੋ ਖ਼ੁਦ ਭੁੱਖਾ ਮਰਦਾ ਹੋਵੇ । ਉਹ ਅੰਨ ਦਾਤਾ ਕਿਵੇਂ ਅਖਵਾ ਸਕਦਾ ਸੀ ਜਿਸ ਦਾ ਪਿਓ, ਆਪ, ਪੁਤ-ਪੋਤੇ ਤੇ ਹੋਰ ਕਿੰਨੀਆਂ ਪੀੜ੍ਹੀਆਂ ਦਾਣੇ ਦਾਣੇ ਲਈ ਤਰਸ ਕੇ ਮਰੀਆਂ ਹੋਣ । ਮੇਰਾ ਬਾਪ ਤਾਂ ਆਖਿਆ ਕਰਦਾ ਸੀ ਕਿ ਅਸੀਂ ਕਈ ਪੀੜ੍ਹੀਆਂ ਤੋਂ ਕਰਜ਼ਾਈ ਚਲੇ ਆ ਰਹੇ ਹਾਂ ?

ਫੇਰ ਅਚਾਨਕ ਕਿਸੇ ਨੇ ਮੇਰੇ ਦਰਵਾਜ਼ੇ ਤੇ ਦਸਤਕ ਦਿੱਤੀ । ਮੈਂ ਉੱਠਿਆ ਤੇ ਦਰਵਾਜ਼ਾ ਖੋਲ੍ਹ ਦਿੱਤਾ । ਮੈਨੂੰ ਮਿਲਣ ਵਾਲਾ ਕੌਣ ਹੋ ਸਕਦਾ ਸੀ ? ਇਹ ਕੋਈ ਅਜਨਬੀ ਸੀ ਜਿਸ ਦੀਆਂ ਅੱਖਾਂ ਵਿਚ ਸ਼ਾਂਤੀ, ਸਾਹਾਂ ਵਿਚ ਤੇਜ਼ੀ ਤੇ ਜ਼ਬਾਨ ਕੁਝ ਆਖਣ ਲਈ ਬੇਚੈਨ ਸੀ । ਮੈਂ ਟਿਕਟਿਕੀ ਲਗਾ ਕੇ ਉਸ ਵਲ ਵੇਖਦਾ ਰਿਹਾ । ਉਸ ਦੇ ਸਫ਼ੈਦ ਦੁਧੀਏ ਕਪੜੇ ਫਟੇ ਪਏ ਸੀ, ਸੁਨਿਹਰੀ ਵਾਲ ਖਿੰਡੇ ਪਏ ਸਨ ਤੇ ਸਾਹ ਇਸ ਤਰ੍ਹਾਂ ਚਲ ਰਹੇ ਸਨ ਜਿਵੇਂ ਕਿਸੇ ਤੋਂ ਪੱਲਾ ਛੁੜਾ ਕੇ ਨੱਠਿਆ ਹੋਵੇ ।

'ਲੰਘ ਆਉ ।' ਮੈਂ ਝਿਜਕ ਕੇ ਆਖਿਆ । ਉਹ ਲੰਘ ਆਇਆ, ਜਿਵੇਂ ਝੁੱਗੀ ਦਾ ਯੁਗਾਂ ਤੋਂ ਵਾਕਫ਼ ਹੋਏ ।

'ਮੈਨੂੰ ਠੰਡ ਲਗਦੀ ਏ ਕੋਈ ਕਪੜਾ ਦਿਉ ।' ਉਸ ਦੇ ਸ਼ਬਦਾਂ ਵਿਚ ਸ਼ਹਿਦ ਸੀ । ਮੈਂ ਵੇਖਿਆ ਸਚਮੁਚ ਉਹ ਠੰਡੀ ਮੰਜੀ ਤੇ ਬੈਠਾ ਕੰਬ ਰਿਹਾ ਸੀ ।

'ਪਰ ਕਪੜਾ ?' ਮੈਂ ਧੜਕਦੇ ਦਿਲ ਨਾਲ ਇਧਰ ਉਧਰ ਹਿੱਲਿਆ । ਇਥੇ ਗਰਮ ਕੱਪੜਾ ਕੋਈ ਵੀ ਨਹੀਂ ਸੀ ।

'ਆਹ ਕਿੰਨਾਂ ਨਿੱਘਾ ਹੈ ਇਹ ਕੱਪੜਾ ? ਇਹੋ ਜਿਹਾ ਅਰਾਮ ਉੱਥੇ ਕਿੱਥੇ ?' ਮੈਂ ਪਿਛਾਂਹ ਝਾਕਿਆ, ਉਹ ਮੇਰੇ ਫਟੇ ਕੰਬਲ ਵਿਚ ਲਿਪਟਿਆ ਬੈਠਾ ਸੀ । ਥਾਂ ਥਾਂ ਤੇ ਮੋਰੀਆਂ ਜਿਵੇਂ ਮੇਰੇ ਤੇ ਹੱਸਦੀਆਂ ਹੋਣ ।

'ਤੁਸੀਂ ?'

'ਮੈਨੂੰ ਲੋਕੀਂ ਰੱਬ ਆਖਦੇ ਨੇ ।'



ਉਸ ਦੀਆਂ ਬੁਲ੍ਹੀਆਂ ਤੇ ਤਾਂ ਮੁਸਕਰਾਹਟ ਸੀ ।

ਉਹ ਸ਼ਾਂਤ ਰਿਹਾ । ਕਾਫੀ ਦੇਰ ਚੁਪ ਵਰਤੀ ਰਹੀ । ਫੇਰ ਉਹ ਬੋਲਿਆ, 'ਤੇਰੇ ਅੰਦਰ ਹਨੇਰਾ ਕਿਉਂ ਹੈ ?...ਤੇਰੇ 'ਚ ਹਿੰਮਤ ਕਿਉਂ ਨੀਂ...ਤੂੰ ਉਦਾਸ ਕਿਉਂ ਏਂ ?'

'ਮੈਨੂੰ ਤੂੰ ਤੇਲ ਨੀਂ ਦਿੱਤਾ ..ਤੇਲ ਲਈ ਪੈਸਾ ਨੀਂ ਦਿਤਾ ।'

'ਕੀ ਪੈਸਾ ਹੀ ਸਭ ਕੁਝ ਹੈ ?' ਇਕ ਜੋਸ਼ 'ਚ ਆ ਕੇ ਉਹ ਬੋਲਿਆ, 'ਉਠ ਖੜਾ ਹੋ । ਤੂੰ ਸੂਰਜ ਹੈਂ । ਦੁਨੀਆਂ ਹਨੇਰੀ ਹੈ । ਇਸ ਨੂੰ ਰੌਸ਼ਨੀ ਦੇ । ਤੇ ਮੈਨੂੰ ਇਸ ਰੌਸ਼ਨੀ ਨਾਲ ਕੈਦੋਂ ਛੁਡਾ...ਮੈਂ ਦੁਖੀ ਹਾਂ ..।'

ਜਿਵੇਂ ਉਹ ਧੜਮ ਕਰਕੇ ਮੇਰੇ ਪੈਰਾਂ ਤੇ ਡਿਗ ਪਿਆ ।

ਬੱਦਲ ਜ਼ੋਰ ਦੀ ਗਰਜੇ ਤੇ ਮੇਰੀ ਅੱਖ ਖੁਲ੍ਹ ਗਈ। ਮੇਰੀ ਝੌਂਪੜੀ ਮੇਰੀ ਛਾਤੀ ਨਾਲ ਲਿਪਟ ਕੇ ਦਮ ਤੋੜ ਚੁਕੀ ਸੀ । ਅਸਮਾਨ 'ਚ ਉਸੇ ਤਰ੍ਹਾਂ ਬੱਦਲ ਛਾਏ ਹੋਏ ਸਨ ਤੇ ਮੀਂਹ ਵਰਸ ਰਿਹਾ ਸੀ । ਮੈਨੂੰ ਚਿੱਟ ਕਪੜੀਏ ਦਾ ਖਿਆਲ ਆਇਆ । ਉਹ ਕਿਤੇ ਵੀ ਨਹੀਂ ਸੀ । ਤਾਂ ਕੀ ਉਹ ਸੁਪਨਾ ਸੀ ?

'ਕੀ ਮੈਂ ਸੂਰਜ ਹਾਂ ? ਕੀ ਦੂਜਿਆਂ ਨੂੰ ਰੌਸ਼ਨੀ ਦੇ ਸਕਦਾਂ ?' ਮੈਂ ਆਪਣੇ ਆਪ ਤੋਂ ਪੁਛਿਆ ।

ਮੇਰੇ ਵਿਚ ਅੰਤਾਂ ਦਾ ਜੋਸ਼ ਭਰ ਗਿਆ । ਬੁਖਾਰ ਲੱਥ ਗਿਆ । ਝੌਂਪੜੀ ਨਾਲੋਂ ਪਿਆਰ ਟੁਟ ਗਿਆ । ਮੈਨੂੰ ਮਹਿਸੂਸ ਹੋਇਆ ਮੈਂ ਸੂਰਜ ਹਾਂ ਜਿਧਰ ਦੀ ਲੰਘਾਂਗਾ ਰੋਸ਼ਨੀ ਹੋਵੇਗੀ ਤੇ ਜਦੋਂ ਛੁਪ ਵੀ ਜਾਵਾਂਗਾ ਤੇ ਫੇਰ ਲੱਖਾਂ ਤਾਰੇ ਮੇਰੇ ਤੋਂ ਪ੍ਰਕਾਸ਼ ਲੈ ਕੇ ਚਮਕਣਗੇ । ਮੇਰੇ ਚਾਨਣ ਨਾਲ ਬਾਜ਼ਾਂ ਦੀਆਂ ਅੱਖਾਂ ਚੁੰਧਿਆ ਜਾਣਗੀਆਂ । ਮੈਂ ਛਾਲ ਮਾਰ ਕੇ ਉਠ ਖੜ੍ਹਿਆ । ਕੰਬਲ ਵਗਾਹ ਕੇ ਮਾਰਿਆ । ਮੈਨੂੰ ਲੱਗਿਆ ਜਿਵੇਂ ਸੱਪ ਆਪਣੀ ਪੁਰਾਣੀ ਕੁੰਜ ਲਾਹ ਕੇ ਪਿਛਾਂਹ ਸੁੱਟ ਰਿਹਾ ਹੋਵੇ ।

ਬਿਜਲੀ ਚਮਕੀ ਤੇ ਮੈਨੂੰ ਰਾਹ ਵਿਖਾ ਗਈ । ਮੈਂ ਨਿਕਲ ਗਿਆ ਦੂਰ ਹਨੇਰੇ ਦੀਆਂ ਵਲਗਣਾਂ 'ਚੋਂ ।

—ਜਨਵਰੀ 1971

## ਡਰ ਅਤੇ ਚੋਰੀ

ਚੰਦ ਆਪਣੇ ਪੂਰੇ ਜੋਬਨ ਤੇ ਹੈ। ਰੇਤ ਦੀ ਨਿੱਕੀ ਜਿਹੀ ਟਿੱਬੀ ਤੇ ਮੈਂ ਆਪਣੀ ਜੀਵਣ ਸਾਥਣ ਨਾਲ ਬੈਠਾ ਹਾਂ। ਚੰਦ ਸਾਡੀ ਮਿਲਨੀ ਤੇ ਚਿੰਤਤ ਹੈ। ਆਪਣੀਆਂ ਕਿਰਨਾਂ ਨੂੰ ਦਰਖ਼ਤ ਦੇ ਪੱਤਿਆਂ ਵਿਚ ਦੀ ਛਣਾ ਕੇ ਸਾਡੀ 'ਸੀ. ਆਈ. ਡੀ.' ਲਈ ਘਲ ਰਿਹਾ ਹੈ। ਮੇਰੀਆਂ ਬਾਹਾਂ ਵਿਚ ਮੇਰੀ ਜੀਵਣ ਸਾਥਣ ਖਾਮੋਸ਼ ਹੈ। ਉਸ ਦੀਆਂ ਨਿਗਾਹਾਂ ਬਰਾਬਰ ਇਕ ਹਲਕੇ ਨੀਲੇ ਰੰਗ ਦੀ ਬਦਲੀ ਤੇ ਟਿਕੀਆਂ ਹੋਈਆਂ ਹਨ। ਸ਼ਾਇਦ ਉਨ੍ਹਾਂ ਵਿਚੋਂ ਉਹ ਆਪਣਾ ਭਵਿੱਖ ਲੱਭ ਰਹੀ ਹੋਵੇ। ਮੈਂ ਵੀ ਖਾਮੋਸ਼ ਹਾਂ। ਮੇਰੀ ਕਲਪਨਾ ਕਿਸੇ ਸਵਰਗੀ ਝਲਕ ਵਿਚ ਗੁੰਮ ਹੈ।

'ਤੂੰ ਕਦੇ ਸਾਹਿਤਕ ਰਸਾਲਾ ਪੜ੍ਹਿਆ ਹੈ?' ਉਹ ਮੇਰੇ ਤੋਂ ਸਵਾਲ ਪੁੱਛਦੀ ਹੈ...ਮੈਂ ਵੇਖ ਰਿਹਾਂ ਉਸ ਦੀਆਂ ਅੱਖਾਂ ਵਿਚ ਸਹਿਮ ਹੈ!

'ਕਦੇ ਕਦੇ ਹੀ...' ਇਸ ਵਾਧੂ ਦੀ ਡਿਸਕਸ਼ਨ ਤੋਂ ਬਚਣ ਲਈ ਅਸਲੀਅਤ ਤੋਂ ਮੁੱਕਰ ਜਾਂਦਾ ਹਾਂ। ਭਾਵੇਂ ਹਰ ਕਿਤਾਬ ਪੜ੍ਹਦਾ ਹਾਂ ਤੇ ਕਈਆਂ ਰਿਸਾਲਿਆਂ ਵਿਚ ਛਪਦਾ ਵੀ ਹਾਂ।

ਉਹ ਹੋਰ ਤ੍ਰਬਕ ਪੈਂਦੀ ਹੈ। ਉਸ ਦੀਆਂ ਬਾਹਾਂ ਅਗੇ ਵਧਦੀਆਂ ਹਨ। ਅੱਖਾਂ ਵਿਚੋਂ ਨੀਰ ਟਪਕਨ ਲੱਗ ਪਏ ਹਨ।

ਮੈਂ ਸ਼ਾਂਤ ਹਾਂ...ਇਸ ਲੋਰ ਵਿਚ ਮੈਨੂੰ ਕੋਈ ਸੁੱਧ ਨਹੀਂ।



'ਫੇਰ ਤੇ ਹੁਣ ਆਪਣੀ ਚੋਰੀ ਫੜੀ ਗਈ ਹੈ!'

ਉਸ ਦੇ ਇਨ੍ਹਾਂ ਸ਼ਬਦਾਂ ਤੋਂ ਮੈਂ ਵੀ ਡਰ ਗਿਆ ਹਾਂ। ਤ੍ਰਬਕ ਕੇ ਉਸਦੇ ਘਬਰਾਏ ਚੇਹਰੇ ਤੇ ਤੱਕਣ ਲੱਗਦਾ ਹਾਂ।

'ਕਲ ਮੈਨੂੰ ਅਮਿਤਾ ਨੇ ਰਸਾਲਾ ਦਿਤਾ ਸੀ...ਉਸ ਵਿਚ ਇਕ ਕਹਾਣੀ ਸੀ...ਤੇਰੇ ਵਰਗੇ ਦੇ ਹੀ ਨਾਂ ਹੇਠ...ਮੈਨੂੰ ਜਾਪਦੈ ਜਿਵੇਂ ਪਹਿਲੀ ਮੁਲਾਕਾਤ ਦੀਆਂ ਗੱਲਾਂ ਉਸ ਚੰਦਰੇ ਨੇ ਸੁਣ ਲਈਆਂ ਹੋਣ। ਤੂੰ ਜਾਨਦੈਂ ਉਸ ਨੂੰ...? ਤੇਰਾ ਹਮਨਾਮ ਵੀ ਏ...ਤੇਰੇ ਸ਼ਹਿਰ ਦਾ ਵੀ...ਆਖੀਂ ਇਹ ਨਾ ਕਰੇ...ਮੈਨੂੰ ਡਰ ਲਗਦੈ...।'

ਉਹਦੀ ਗੱਲ ਸੁਣ ਕੇ ਮੇਰਾ ਧੜਕਦਾ ਦਿਲ ਸ਼ਾਂਤ ਹੋ ਜਾਂਦੈ...ਮੈਂ ਫਿਰ ਅਸਮਾਨ ਵਲ ਤਕਨਾਂ।

ਮੈਂ ਵੇਖ ਰਿਹਾਂ ਉਹ ਚਿੜ ਗਈ ਹੈ...ਮੈਂ ਕਿੰਨਾ ਬੇ-ਫਿਕਰ ਹਾਂ!

'ਪਹਿਲਾਂ ਮੈਂ ਸੋਚਿਆ ਸੀ ਕਿਤੇ ਤੂੰ ਹੀ ਕਹਾਣੀ ਉਹ ਲਿਖੀ ਹੈ...ਤੈਨੂੰ ਉਲਾਂਭਾ ਦੇਣ ਆਈ ਸੀ...ਪਰ ਉਹ ਤੇ ਚੰਦਰਾ 'ਮੀਤ' ਏ...ਤੂੰ ਤੇ 'ਗੋਇਲ' ਏਂ ਨਾ?'

ਇਸ ਵਾਰ ਵੀ ਮੈਂ ਉਸ ਦੀਆਂ ਪੁੱਛਾਂ ਦਾ ਕੋਈ ਜਵਾਬ ਨਹੀਂ ਦਿੰਦਾ। ਚੰਦ ਘਬਰਾ ਗਿਆ ਹੈ...ਆਪਣੀ ਮਹਿਬੂਬ ਬਦਲੀ ਵੱਲ ਦੌੜ ਪਿਆ ਹੈ... ਮੈਂ ਦੁਬਿਧਾ ਵਿਚ ਹਾਂ...'ਸਾਡੀ' ਨਹੀਂ ਸਿਰਫ਼ ਮੇਰੀ ਚੋਰੀ ਫੜੀ ਗਈ ਹੈ...।

ਉਸ ਦਾ ਘਬਰਾਇਆ ਚਿਹਰਾ ਮੈਥੋਂ ਤੱਕ ਨਹੀਂ ਹੁੰਦਾ। ਮੈਂ ਬਦਲੀ ਵਿਚ ਲੀਨ ਹੋ ਚੁਕੇ ਚੰਦ ਵਾਂਗ ਆਪਣੀ ਜੀਵਣ ਸਾਥਣ ਦੇ ਚਿਹਰੇ ਨੂੰ ਉਸ ਦੀਆਂ ਕਾਲੀਆਂ ਜ਼ੁਲਫਾਂ ਹੇਠ ਢੱਕ ਦਿੰਦਾ ਹਾਂ।

ਮੈਂ ਵੇਖ ਰਿਹਾ ਹਾਂ ਉਹ ਹੁਣ ਸ਼ਾਂਤ ਹੈ...।

ਮੈਂ ਖੁਸ਼ ਹਾਂ...ਮੇਰਾ ਚੱਕਰ ਜੁ ਉਸ ਤੇ ਚਲ ਗਿਆ ਹੈ।

## ਦਾਗ਼ੀ ਚਿਹਰਾ

ਚੰਦ ਅੱਜ ਵੀ ਅਸਮਾਨ ਵਿਚ ਠਾਠ ਨਾਲ ਚਮਕ ਰਿਹਾ ਹੈ। ਪਰ ਬਦਲੀਆਂ ਉਸ ਦਾ ਪਿੱਛਾ ਨਹੀਂ ਛੱਡ ਰਹੀਆਂ। ਕਦੇ ਇਕ ਦਾ ਦਾਮਨ ਪਕੜਦਾ ਹੈ ਕਦੇ ਕਿਸੇ ਹੋਰ ਦੀ ਚੁੰਨੀ ਹੇਠ ਛੁਪਦਾ ਹੈ।

ਮੇਰੀ ਅਤੇ ਮੇਰੀ ਪਤਨੀ ਦੇ ਮਿਲਣ ਦੀ ਇਹ ਸਾਡੀ ਪਹਿਲੀ ਰਾਤ ਹੈ। ਉਸ ਦਾ ਸਤਾਰਿਆਂ ਨਾਲ ਸਜਾਇਆ ਲਾਲ ਸਾਲੂ ਉਸ ਦੇ ਮੁਖੜੇ ਨੂੰ ਢਕੇ ਹੋਏ ਹੈ। ਮੇਰੀ ਪਤਨੀ ਸ਼ਾਂਤ ਹੈ...ਉਸ ਦੇ ਸਾਰੇ ਅੰਗਾਂ ਵਿਚ ਸਹਿਮ ਹੈ।

ਮੈਂ ਉਸ ਦੀ ਘਬਰਾਹਟ ਤੋਂ ਅਣਜਾਨ ਨਹੀਂ। ਉਸ ਦਾ ਮੁਖੜਾ ਵੇਖਣ ਦੀ ਮੈਨੂੰ ਕੋਈ ਉਕਸਾਹਟ ਵੀ ਨਹੀਂ...ਮੇਰੇ ਲਈ ਉਹ ਕੋਈ ਅਜਨਬੀ ਨਹੀਂ ਹੈ। ਪੂਰੇ ਚਾਰ ਵਰ੍ਹੇ ਅਸੀਂ ਇਕੱਠੇ ਪੜ੍ਹਦੇ ਰਹੇ ਹਾਂ...ਮੈਂ ਉਸ ਦੇ ਖ਼ੁਆਬ ਦੇਖਦਾ ਰਿਹਾ ਹਾਂ :

'ਮੈਨੂੰ ਤੇਰੇ ਨਾਲ ਬਹੁਤ ਪਿਆਰ ਹੈ...ਤੇਰੇ ਮੈਂ ਖ਼ੁਆਬ ਵੇਖੇ ਹਨ...ਸਾਰੇ ਕਾਲਜ ਦੇ ਦਿਨਾਂ ਵਿਚ ਤੇਰੀ ਪ੍ਰਸੰਸਾ ਕੀਤੀ ਹੈ...ਤੇਰੇ ਤੇ ਕਹਾਣੀਆਂ ਲਿਖੀਆਂ ਹਨ...। ਜਿਨ੍ਹਾਂ ਰਾਹਾਂ ਵਿਚੋਂ ਦੀ ਗੁਜ਼ਰਦੀ ਸੈਂ ਉਨ੍ਹਾਂ ਨਾਲ ਮੈਂ ਪਿਆਰ ਪਾਇਆ। ਜਿਸ ਪਿੰਡ ਵਿਚ ਤੂੰ ਬਚਪਨ ਗੁਜ਼ਾਰ ਕੇ ਜਵਾਨੀ ਦੀਆਂ ਰਾਹਾਂ ਵੇਖੀਆਂ ਉਸ ਦੇ ਹਰ ਕਿਣਕੇ ਨਾਲ ਮੈਨੂੰ ਪਿਆਰ ਹੈ...ਤੇਰੇ ਪਿੰਡ ਦੀ ਹਰ ਰੂਹ ਵਿਚੋਂ ਮੈਨੂੰ ਤੇਰੀ ਝਲਕ ਵਿਖਾਈ ਦਿੰਦੀ ਹੈ...।'



ਹੁਣ ਉਹ ਮੇਰੀ ਪਤਨੀ ਹੈ...ਪਰ ਕਾਲਜ ਦੇ ਦਿਨਾਂ ਵਾਂਗ ਮੈਂ ਕੁਝ ਨਹੀਂ ਆਖ ਸਕਦਾ।

ਉਸ ਦੇ ਕੰਬ ਰਹੇ ਹੱਥਾਂ ਨੂੰ ਆਪਣੇ ਹੱਥਾਂ ਤੇ ਟਿਕਾ ਲੈਂਦਾ ਹਾਂ। ਉਸ ਦਾ ਚਿਹਰਾ ਤੱਕਣ ਦੀ ਹਾਲੀਂ ਵੀ ਇੱਛਾ ਨਹੀਂ।

'ਤੇਰੀ ਸਾਦਗੀ ਦਾ ਮੈਂ ਕਾਇਲ ਆਂ...ਤੇਰੀ ਸੁੰਦਰਤਾ ਨਾਲੋਂ ਤੇਰੇ ਗੁਣ ਮੈਨੂੰ ਪਿਆਰੇ ਹਨ। ਤੂੰ ਸੱਚ ਮੁੱਚ ਹੀ ਊਸ਼ਾ ਏਂ...ਤੇਰੇ ਪਿਆਰ ਨੇ ਮੇਰੇ ਅੰਦਰ ਨਵੀਂ ਰੂਹ ਨੂੰ ਜਨਮ ਦਿੱਤਾ ਹੈ...ਮੇਰੀ ਕਲਾ ਨੂੰ ਸੇਧ ਮਿਲੀ ਹੈ...।'

ਪੂਰੇ ਯਤਨ ਕਰਕੇ ਮਸਾਂ ਮੈਂ ਇੰਨਾਂ ਕੁ ਆਖ ਸਕਿਆ ਹਾਂ। ਉਸ ਨੇ ਰੋਣਾ ਸ਼ੁਰੂ ਕਰ ਦਿੱਤਾ ਹੈ। ਉਸ ਦੇ ਹਉਕੇ ਉੱਚੀ ਹੋਣ ਲੱਗ ਪਏ ਹਨ।

'ਰੋਨੀ ਕਿਉਂ ਏਂ ? ਇਹ ਸ਼ਾਦੀ ਤੈਨੂੰ ਪਸੰਦ ਨਹੀਂ ਸੀ ਕੀ ? ਤੂੰ ਜਵਾਬ ਦੇ ਦੇਣਾ ਸੀ ? ਮੈਂ ਬੁਰਾ ਤੇ ਨਹੀਂ...ਤੂੰ ਹੀ ਤੇ ਮੇਰੇ ਅੰਦਰ ਚੰਗਿਆਈਆਂ ਭਰੀਆਂ ਹਨ।' ਸਹਿਮੇ ਦਿਲ ਨਾਲ ਮੈਂ ਪ੍ਰਸ਼ਨਾਂ ਦੀ ਬੁਛਾੜ ਕਰ ਦਿੰਦਾ ਹਾਂ।

'ਨਹੀਂ...ਨਹੀਂ...ਤੁਸੀਂ ਤਾਂ ਦੇਵਤਾ ਹੋ...।' ਰੋਂਦੀ ਰੋਂਦੀ ਉਹ ਆਖਦੀ ਹੈ।

'ਸੱਚ !...ਤੈਨੂੰ ਕੋਈ ਗਿਲਾ ਤੇ ਨਹੀਂ ?' ਖ਼ੁਸ਼ੀ ਦੀ ਲੋਰ ਵਿਚ ਆ ਕੇ ਮੈਂ ਉਸ ਦਾ ਮੁਖੜਾ ਨੰਗਾ ਕਰਦਾ ਹਾਂ।

'ਇਹ ਕੀ ?' ਮੈਂ ਚਿੱਲਾਂਦਾ ਹਾਂ। ਉਸ ਦਾ ਚੇਹਰਾ ਚੇਚਕ ਦੇ ਦਾਗ਼ਾਂ ਨਾਲ ਦਾਗ਼ੀ ਹੈ। ਸਾਲੂ, ਮੋੜ ਕੇ ਉਸਦੇ ਮੂੰਹ ਤੇ ਸੁੱਟ ਦਿੰਦਾ ਹਾਂ।

'ਤੇਰੀ ਤੇ ਮੇਰੀ ਮੁਹੱਬਤ ਦਾ ਜਨਾਜ਼ਾ...।' ਉਹ ਆਖਦੀ ਹੈ।

'ਹਾਂ...ਪਰ ਇਹ ਨਹੀਂ ਹੋਣਾ ਸੀ...ਮੈਂ ਉਸ ਦੇ ਕੰਨਾਂ ਕੋਲ ਚੀਕਨਾਂ ਚਾਹੁੰਦਾ ਹਾਂ। ਆਖਣ ਦੀ ਹਿੰਮਤ ਨਹੀਂ ਪੈ ਰਹੀ। ਮੈਨੂੰ ਲਗ ਰਿਹੈ ਜਿਵੇਂ ਹੁਣੇ-ਹੁਣੇ ਮੇਰੇ ਆਖੇ ਸ਼ਬਦ ਮੇਰੇ ਚਿਹਰੇ ਤੇ ਦਾਗ ਬਣ ਕੇ ਉਕਰ ਆਏ ਹੋਣ।'

'ਤੂੰ ਆਖਦੈਂ ਮੈਂ ਇਸ ਨੂੰ ਪਿਆਰ ਕੀਤੈ ਇਸ ਦੇ ਜਿਸਮ ਨੂੰ ਨਹੀਂ...।" ਮੇਰੇ ਅੰਦਰਲਾ ਲੇਖਕ ਆਖਦਾ ਹੈ।

## ਲੇਖਕ ਨਾਲ ਬਿਤਾਇਆ ਹਰ ਪਲ

ਅੱਜ ਚੰਦ ਅਸਮਾਨ ਵਿਚੋਂ ਅਲੋਪ ਹੈ। ਜਿਵੇਂ ਛੁੱਟੀ ਗਿਆ ਹੋਵੇ ਤੇ ਜਾਂ ਫਿਰ ਕਿਸੇ ਬਦਲੀ ਨਾਲ ਹੋਣ ਵਾਲੀ ਮੁਲਾਕਾਤ ਤੇ ! ਉਸ ਦੇ ਪਿਆਰ ਵਿਚ ਪਾਗਲ ਹੋਈਆਂ ਬਾਕੀ ਦੀਆਂ ਕਾਲੀਆਂ ਬਦਲੀਆਂ ਸਾਡੇ ਸਿਰਾਂ ਤੇ ਮੰਡਲਾ ਰਹੀਆਂ ਹਨ। ਜਿਵੇਂ ਬਿਰਹੋਂ ਵਿਚ ਤੜਫਦੀਆਂ ਸਾਡੀ ਮੁਹੱਬਤ ਤੇ ਕਰਿਝ ਰਹੀਆਂ ਹੋਣ।

ਅਸੀਂ ਮਕਾਨ ਦੀ ਛੱਤ ਤੇ ਖੁਲ੍ਹੇ ਅਸਮਾਨ ਹੇਠ ਪਿਆਰ ਕਲੋਲਾਂ ਵਿਚ ਖੋਏ ਹੋਏ ਹਾਂ। ਮੇਰੀ ਪਤਨੀ ਦੀਆਂ ਜ਼ੁਲਫਾਂ ਖੁਲ੍ਹੀਆਂ ਮੇਰੇ ਮੋਢਿਆਂ ਉਪਰ ਫੈਲੀਆਂ ਹੋਈਆਂ ਹਨ।.. ਉਸ ਦੇ ਗੋਰੇ ਚਿਹਰੇ ਵਿਚੋਂ ਚਮਕਦੀਆਂ ਅੱਖਾਂ ਹਨੇਰੇ ਘੁਪ ਅਸਮਾਨ ਤੇ ਟਿੱਕੀਆਂ ਹੋਈਆਂ ਹਨ।

ਉਸ ਦੇ ਪੋਲਿਆਂ ਪੋਲਿਆਂ ਹੱਥਾਂ ਨੂੰ ਆਪਣੀਆਂ ਹਥੇਲੀਆਂ ਵਿਚ ਘੁੱਟ ਕੇ ਮੈਂ ਉਸ ਤੋਂ ਪੁੱਛਣ ਲੱਗਦਾ ਹਾਂ :

'ਮੈਂ ਕਈ ਦਿਨਾਂ ਤੋਂ ਵੇਖ ਰਿਹਾਂ...ਖੁਸ਼ੀ ਨਾਲ ਤੂੰ ਪਾਗਲ ਹੋਈ ਫਿਰਦੀ ਏਂ। ਆਪਣੀ ਖੁਸ਼ੀ ਤੂੰ ਮੈਨੂੰ ਨਹੀਂ ਦਸਣੀ ? ਨਹੀਂ ਪਰ ਵੇਖ ਲਈਂ...ਹਾਂ।'

ਉਸੇ ਤਰ੍ਹਾਂ ਹੱਥਾਂ ਵਿਚ ਘੁੱਟੇ ਹੱਥਾਂ ਨੂੰ ਉਪਰ ਉਠਾਂਦਾ ਹਾਂ। ਇਕ ਦਮ ਚੀਕ ਮਾਰ ਕੇ ਉਹ ਮੇਰੇ ਗੱਲ ਨੂੰ ਚੰਬੜ ਜਾਂਦੀ ਹੈ।



'ਉਂ.. ਹੂੰ...।' ਉਸ ਦੇ ਹੋਂਠ ਫਰਕਦੇ ਹਨ।

ਝਟਕਾ ਕੇ ਮੈਂ ਉਸ ਨੂੰ ਪਰਾਂ ਕਰ ਦਿੰਦਾ ਹਾਂ।

'ਦੱਸ ਦੇ ਨਹੀਂ ਤੇ ਫੇਰ ਮੈਂ ਚਲਿਆਂ...।' ਉਸ ਦੇ ਪਾਸੋਂ ਉਠਦਾ ਮੈਂ ਬਨਾਉਟੀ ਧਮਕੀ ਦਿੰਦਾ ਹਾਂ।

'ਜਾਉ...ਫੇਰ...ਹਾਂ' ਉਸ ਦੀ ਆਵਾਜ਼ ਵਿਚ ਅਜੀਬ ਰੱਸ ਹੈ।

'ਨਹੀਂ...ਆਉ...ਵੀ...।' ਬਾਂਹ ਫੜ ਕੇ ਮੈਨੂੰ ਫੇਰ ਆਪਣੇ ਪਾਸ ਬਿਠਾ ਲੈਂਦੀ ਹੈ।

'ਤੁਸੀਂ ਲੇਖਕ ਓ ਨਾ...ਇਹ ਮੈਨੂੰ ਹੁਣੇ ਪਤਾ ਲਗਿਐ...।'

'ਇਹ ਵੀ ਕੋਈ ਗੱਲ ਏ...ਲੇਖਕ ਤੇ ਮੈਂ ਕਈ ਸਾਲਾਂ ਤੋਂ ਹਾਂ...।'

'ਨਹੀਂ...ਅੱਜੋ ਪਤਾ ਲਗਿਐ ਮੈਨੂੰ ਤਾਂ...ਸੱਚ ਜਾਣੋ...।'

'ਇਸ ਵਿਚ ਫਿਰ ਖੁਸ਼ੀ ਵਾਲੀ ਕਿਹੜੀ ਗੱਲ ਹੈ। ਤੂੰ ਟਾਲ ਰਹੀ ਏਂ...ਮੈਂ ਨਹੀਂ ਅੱਜ ਬਸ ਤੇਰੇ ਨਾਲ ਬੋਲਣਾ...।' ਉਸ ਦੀ ਪਕੜ ਵਿਚੋਂ ਨਿਕਲ ਕੇ ਮੈਂ ਆਖਦਾ ਹਾਂ।

'ਸੁਣੋ ਵੀ ! ਲੇਖਕ ਮੈਨੂੰ ਬੜੇ ਪਸੰਦ ਨੇ...ਇਨ੍ਹਾਂ ਨਾਲ ਬਿਤਾਇਆ ਹਰ ਪਲ ਕਹਾਣੀ ਬਣ ਜਾਂਦੈ...। ਅਤੇ ਹੁਣ ਤੇ ਮੇਰੀ ਜ਼ਿੰਦਗੀ ਇਕ ਕਿਤਾਬ ਬਣੇਗੀ।'

ਉਹ ਉੱਚੀ ਉੱਚੀ ਹੱਸਦੀ ਹੈ...ਮੈਨੂੰ ਉਸ ਤੋਂ ਕਿਤੇ ਜ਼ਿਆਦਾ ਹਾਸਾ ਆ ਰਿਹਾ ਹੈ...।

## ਪੁਨਰਵਾਸ

ਇਹ ਪੰਜਾਬ ਦਾ ਆਧੁਨਿਕ ਥਾਣਾ ਹੈ। ਦੋ ਤਿੰਨ ਥਾਣੇਦਾਰ ਆਪਣੀਆਂ ਵਰਦੀਆਂ ਵਿਚ ਕੱਸੇ ਮੇਜ਼ ਤੇ ਇਕੱਠੇ ਬੈਠੇ ਹਨ। ਉਹਨਾਂ ਦੇ ਚਿਹਰਿਆਂ ਤੇ ਉਦਾਸੀ ਹੈ। ਅੰਗਰੇਜ਼ੀ ਸ਼ਰਾਬ ਦੀਆਂ ਬੋਤਲਾਂ ਦੇ ਡਾਟ ਟੁੱਟ ਰਹੇ ਹਨ–। ਅਤੇ ਉਹਨਾਂ ਵਿਚ ਬਹਿਸ ਛਿੜੀ ਹੋਈ ਹੈ।

'ਜਿੱਦਣ ਦਾ ਬਰਾੜ ਡੀ. ਐਸ. ਪੀ. ਸਸਪੈਂਡ ਕੀਤੈ ਉਦਣ ਦਾ ਕਦੇ ਪੈਸੇ ਦਾ ਮੂੰਹ ਨੀਂ ਵੇਖਿਆ। ਉਦੋਂ ਜੇਬਾਂ ਡੱਕੀਆਂ ਰਹਿੰਦੀਆਂ ਸੀ।'

'ਜਿਹੜਾ ਦੋ ਚਾਰ ਮਹੀਨਿਆਂ ਵਿਚ ਕਮਾਇਆ ਸੀ, ਹੁਣ ਤਾਂ ਉਹ ਵੀ ਖਾ ਬੈਠੇ ਹਾਂ। ਖਰਚੇ ਵਧੇ ਪਏ ਨੇ, ਕਮਾਈ ਕਿਸੇ ਪਾਸਿਉਂ ਹੋ ਨਹੀਂ ਰਹੀ। ਗੁਜ਼ਾਰਾ ਕਿਵੇਂ ਹੋਊ।'

'ਸੌਹਰੇ ਲੋਕਾਂ ਦਾ ਕੀ ਕਰੀਏ ? ਕੀ ਅੰਤ ਸੀ ਬਰਾੜ ਦਾ। ਹਜ਼ਾਰ ਫੜੀਦਾ ਸੀ। ਪੰਜ ਸੌ ਉਹਦੀ ਜੇਬ ਵਿਚ, ਪੰਜ ਸੌ ਆਪਣੀ ਵਿਚ। ਨਾਲੇ ਉਹਦੀਆਂ ਮੌਜਾਂ, ਨਾਲੇ ਆਪਣੀਆਂ।'

'ਨਵਾਂ ਸੌਹਰਾ ਉਝੇਂ ਕੰਬਦਾ ਰਹਿੰਦੈ। ਨਾ ਖਾਵੇ ਨਾ ਖਾਣ ਦੇਵੇ।'

'ਲੋਕਾਂ ਨੇ ਸਗੋਂ ਚਲਦੇ ਕੰਮ ਵੀ ਬੰਦ ਕਰ ਦਿੱਤੇ ਨੇ। ਸਾਡੇ ਸੇਠ ਦਾ ਕੰਮ ਚਲਦਾ ਸੀ। ਚੜ੍ਹਦੇ ਮਹੀਨੇ ਤਿੰਨ ਹਜ਼ਾਰ ਦੇ ਨੋਟ ਆ ਜਾਂਦੇ। ਦੋ ਅਫੀਮ ਦੇ ਗਾਹਕ ਸੀ, ਉਦਣ ਦੇ ਉਹ ਵੀ ਭੱਜ ਗਏ।'



'ਇਹ ਸਾਲੇ ਮਨਿਸਟਰ ਕਾਹਦੇ ਨੇ। ਲੋਕਾਂ ਨੇ ਕੰਨ 'ਚ ਫੂਕ ਮਾਰੀ ਨੀਂ ਝੱਟ ਸਸਪੈਂਡ। ਕਾਹਦੀਆਂ ਨੌਕਰੀਆਂ ਰਹਿ ਗਈਆਂ।'

'ਬੱਸ ਯਾਰ...। ਕਾਹਦੀ ਗੱਲ ਐ। ਨੱਕ ਵਿਚ ਦਮ ਆਇਆ ਪਿਐ।'

2

ਚੰਡੀਗੜ੍ਹ ਦੇ ਏ ਕਲਾਸ ਹੋਟਲ ਵਿਚਲੀ ਉਪਰਲੀ ਮੰਜ਼ਿਲ ਦੇ ਇਕ ਕਮਰੇ ਵਿਚ ਇਕ ਹੁਕਮਰਾਨ ਪਾਰਟੀ ਦਾ ਐਮ. ਐਲ. ਏ. ਅਤੇ ਸਸਪੈਂਡ ਹੋਇਆ ਡੀ. ਐਸ. ਪੀ. ਬੈਠੇ ਵਿਸਕੀ ਪੀਣ ਵਿਚ ਮਸਰੂਫ ਹਨ। ਪੈੱਗਾਂ ਦੇ ਨਾਲ ਨਾਲ ਉਹਨਾਂ ਵਿਚ ਕਦੇ ਕਦੇ ਗੱਲ-ਬਾਤ ਹੁੰਦੀ ਹੈ।

'ਤੁਸੀਂ ਫਿਕਰ ਨਾ ਕਰੋ। ਆਥਣ ਨੂੰ ਆਰਡਰ ਕਰਾ ਲਿਆਵਾਂਗੇ, ਇਹ ਤੇ ਖੇਡ ਹੀ ਖੱਬੇ ਹੱਥ ਦੀ ਐ।'

'ਆਪਾਂ ਨੂੰ ਪੈਸੇ ਦੀ ਕੋਈ ਪਰਵਾਹ ਨਹੀਂ। ਦਸ ਵੀਹ ਜਿੰਨਾਂ ਮੰਗੂ ਹਾਜ਼ਰ। ਬਥੇਰਾ ਕਮਾਇਆ ਆਪਾਂ। ਭੋਰਾ ਲੱਗ ਜੂ ਕੋਈ ਟੰਗ ਨਹੀਂ ਟੁੱਟਦੀ...'

'ਇਕ ਮਹੀਨੇ ਵਿਚ ਵਾਰੇ ਨਿਆਰੇ ਹੋ ਜਾਣਗੇ...। ਪਰ ਅੱਗੇ ਤੋਂ ਚੁਕੰਨੇ ਰਿਹਾ ਕਰੋ। ਹੁਣ ਲੋਕ ਅਗਲੇ ਨੀਂ ਰਹੇ। ਸਾਡੇ ਸਿਆਸਤਦਾਨਾਂ ਤੋਂ ਵੀ ਇਹ ਹੁਣ ਟੱਪੇ ਪਏ ਨੇ। ਧੁਰ ਮਨਿਸਟਰਾਂ ਤੱਕ ਪਹੁੰਚਦੇ ਨੇ। ਜੇ ਉਹ ਕੁਝ ਨਾ ਕਰਨ, ਵਿਚੇ ਉਹਨਾਂ ਦਾ ਜਲੂਸ...।'

'ਕਾਹਨੂੰ ਜੀ ਬੱਚ ਕੇ ਹੀ ਕਰਾਂਗੇ ਕੰਮ।'

'ਹੋਰ ਇਨ੍ਹਾਂ ਸੌਹਰਿਆਂ ਨੰਗਾਂ ਤੋਂ ਤੁਸੀਂ ਲੈਣਾ ਵੀ ਕੀ ਐ। ਬਾਕੀ ਥੋੜੇ ਨੇ ਬਲੈਕ ਮਾਰਕੀਟ ਕਰਨ ਵਾਲੇ। ਨਾਲੇ ਖੁਲ੍ਹੇ ਗੱਫੇ ਖਾਣ ਪੀਣ ਨੂੰ।'

'ਐਵੇਂ ਜੀ ਬੱਸ। ਉਹ ਸੌਹਰਾ ਮਗਰ ਪੈ ਗਿਆ। ਕਿਸਮਤ ਏ। ਖਾਮ-ਮ-ਖਾਹ ਫਸ ਗਿਆ। ਕੀ ਪਤਾ ਸੀ ਨੌਬਤ ਇਥੋਂ ਤੱਕ ਪਹੁੰਚ ਜੂ...'

'ਖੈਰ ਛੱਡੋ। ਦਸ ਵੀਹ ਹਜ਼ਾਰ ਵੀ ਕੋਈ ਰਕਮ ਐ ! ਤੁਸੀਂ ਕੱਟੋ ਮੇਰੇ ਨਾਂ ਤੇ ਚੈੱਕ। ਫੇਰ ਮੈਂ ਜਾਣਾ ਮੇਰਾ ਕੰਮ। ਆਪੇ ਵਿਰਾ ਦਿਉਂ, ਇੰਨੇ ਰੁਪਿਆਂ ਵਿਚ ਉਹਨੂੰ। ਆਖਰ ਸਾਡੇ ਹੱਥਾਂ ਵਿਚ ਹੀ ਪਲਿਐ। ਫੇਰ ਕੀ ਹੋ ਗਿਆ, ਜੇ ਬਜ਼ੀਰ ਬਣ ਗਿਆ...'

'............'

'ਵੇਖੀਂ ਫੇਰ ਜੇ ਕੱਲ ਨੂੰ ਨਾ ਤੇਰੇ ਪਵਾ ਦਿੱਤੀ ਤੇਰੀ ਵਰਦੀ...'

ਇਕ ਫਿੱਕਾ ਜਿਹਾ ਹਾਸਾ ਗੂੰਜਦਾ ਹੈ।

3

ਦੁਪਹਿਰ ਦੇ ਇਕ ਵੱਜਣ ਦਾ ਵਕਤ। ਸੱਥ ਵਿਚ ਬੈਠੇ ਲੋਕਾਂ ਦੇ ਚਿਹਰਿਆਂ ਤੇ ਨੂਰ ਟਪਕ ਰਿਹਾ ਹੈ। ਉਹ ਬਹੁਤ ਖੁਸ਼ ਹਨ। ਇਕ ਦੂਜੇ ਤੋਂ ਵੱਧ ਕੇ ਹਰ ਇਕ ਗੱਲਾਂ ਕਰ ਰਿਹਾ ਹੈ।

'ਇਉਂ ਐਂ। ਆ ਗਿਆ ਨਾ ਸਵਾਦ। ਵੱਡਾ ਹੈਂਕੜਬਾਜ ਬਣਿਆ ਫ਼ਿਰਦਾ ਸੀ। ਤੋਰ'ਤਾ ਨਾ ਘਰ ਨੂੰ। ਪਿੰਡ ਦੇ ਨੱਕ ਵਿਚ ਦਮ ਕਰ ਰੱਖਿਆ ਸੀ।'

'ਵੇਖ ਲੈਂਦੇ ਨੇ ਸੌਹਰੇ ਪੁਲਸੀਏ। ਗਰੀਬਾਂ ਦੀ ਛਿਲ ਲਾਹੁਣ ਨੂੰ ਨੇ। ਮਾੜਾ ਤਾਂ ਹੈ ਈ ਮਿੱਟੀ ਬਰਾਬਰ ਜਿਵੇਂ ਮਰਜ਼ੀ ਕੁੱਟੀ ਜਾਵੋ। ਕਿਵੇਂ ਵਿਚਾਰੇ ਦੀ ਖਲੜੀ ਲਾਹ ਦਿੱਤੀ ਸੀ।'

'ਅਗਲੇ ਨਾਲ ਜਦੋਂ ਕੀਤਾ ਹੋਇਐ ਥੱਬਾ। ਐਵੇਂ ਤਾਂ ਨੀਂ ਖੁਲ੍ਹੀ ਅਫ਼ੀਮ ਵੇਚਦਾ। ਨਿੱਤ ਕੁੱਕੜ, ਕਣਕਾਂ ਦੇ ਗੱਡੇ, ਦੁੱਧ ਦੇ ਟੋਕਨੇ ਤੇ ਘਿਓ ਦੇ ਪੀਪੇ ਜਾਂਦੇ ਸੀ। ਉਹਦੀ ਗੱਲ ਮੰਨਣੀ ਓ ਹੋਈ।'

'ਵੇਖ ਲਿਆ ਫੇਰ। ਹੁਣ ਫਿਰਦਾ ਰਹੂ ਦਰ ਦਰ ਦੀਆਂ ਠੋਕਰਾਂ ਖਾਂਦਾ।'

'ਇਉਂ ਹੁੰਦੈ ਪਿੰਡ ਦੇ ਏਕੇ ਦਾ। ਜੇ ਪਿੰਡ ਨੇ ਰਲ ਕੇ ਰੌਲਾ ਪਾਇਆ ਤਾਂ ਲਾਹ 'ਤਾ ਨਾ ਨੌਕਰੀ ਤੋਂ। ਨਹੀਂ ਕਿਸੇ ਨੂੰ ਹੋਰ ਹੱਥ ਪਾਉਂਦਾ।'

'ਤਾਂ ਹੀ ਤਾਂ ਥੋਨੂੰ ਨਿੱਤ ਆਖਦੇ ਆਂ। ਇਹ ਤਾਂ 'ਇਕੱਠੇ ਹੋ ਕੇ ਸਿੱਧੇ ਰਹਿਣਗੇ। ਫੇਰ ਨਹੀਂ ਪਿੰਡ ਨੂੰ ਮੂੰਹ ਕਰਦੇ।'

'ਜੇ ਇਹਨਾਂ ਬੁਚੜਾਂ ਤੋਂ ਬਚਣੈ ਤਾਂ ਸਾਰੇ ਦਾ ਸਾਰਾ ਪਿੰਡ ਇਕ ਪਾਸੇ ਝੁਕਿਆ ਕਰੋ।'

'ਆਹੋ।'

'ਠੀਕ ਐ।'

ਸਭ ਦੇ ਚਿਹਰਿਆਂ ਤੇ ਖੁਸ਼ੀ ਹੈ ਜਿਵੇਂ ਉਹਨਾਂ ਦਾ ਪੁਨਰਵਾਸ ਹੋਇਆ ਹੋਵੇ।

1972



# ਮਹਿਮਾਨ ਤੇ ਉਸ ਦੀ ਸੁਗਾਤ

ਅੱਜ ਸਵੇਰ ਤੋਂ ਬਾਰਸ਼ ਬੰਦ ਸੀ ਤੇ ਕਾਲਜ ਜਾਂਦੇ ਮੁੰਡੇ ਕੁੜੀਆਂ ਦੇ ਝੁੰਡ ਫੇਰ ਉਸੇ ਤਰ੍ਹਾਂ ਵਗਣ ਲੱਗ ਪਏ ਸਨ।

ਸ਼ਹਿਰ ਨੂੰ ਜਾਂਦੀ ਸੜਕ ਸਰਦਾਰ ਦੀ ਕੋਠੀ ਅਗੋਂ ਦੀ ਲੰਘਦੀ ਸੀ।

ਅੱਧ-ਖੜ ਉਮਰ ਦਾ ਕੋਠੀ ਵਿਚ ਵਸਦਾ ਸਰਦਾਰ ਸਵੇਰੇ ਸਵੇਰੇ ਹੀ ਆਪਣੀ ਕੋਠੀ ਦੇ ਗੇਟ ਤੇ ਆ ਖਲੋਂਦਾ ਤੇ ਅਪ-ਟੂ-ਡੇਟ ਕੁੜੀਆਂ ਵੱਲ ਖਾ ਜਾਣ ਵਾਲੀਆਂ ਨਿਗਾਹਾਂ ਨਾਲ ਦੇਖਦਾ ਰਹਿੰਦਾ। ਪਰ ਕਈ ਦਿਨਾਂ ਤੋਂ ਹੋ ਰਹੀ ਲਗਾਤਾਰ ਬਾਰਸ਼ ਕਾਰਨ ਉਸ ਦੀਆਂ ਪਿਆਸੀਆਂ ਅੱਖਾਂ ਨੂੰ ਤ੍ਰਿਪਤੀ ਨਹੀਂ ਸੀ ਮਿਲੀ, ਜਿਸ ਕਰਕੇ ਉਸ ਦਾ ਮਨ ਡਾਢਾ ਬੇ-ਚੈਨ ਸੀ।

ਹੁਣ ਜਦੋਂ ਤੋਂ ਸੜਕ ਤੇ ਰੌਣਕ ਵਧੀ ਸੀ ਉਸ ਦੇ ਸਾਹ ਵਿਚ ਸਾਹ ਆਇਆ ਸੀ ਅਤੇ ਸਰਦਾਰ ਸਾਂਝਰੇ ਹੀ ਉਠ ਕੇ ਕੋਠੀ ਦੀ ਨੁਕਰ ਤੇ ਲਗੇ ਪਿੱਪਲ ਹੇਠਾਂ ਜਾ ਖੜੋਤਾ ਸੀ। ਇਥੋਂ ਉਹ ਦੂਰ ਦੂਰ ਤੱਕ ਆਪਣੀਆਂ ਨਿਗਾਹਾਂ ਦੁੜਾ ਸਕਦਾ ਸੀ ਤੇ ਆਪਣੇ ਸ਼ਿਕਾਰਾਂ ਤੇ ਬੜੀ ਆਸਾਨੀ ਨਾਲ ਨਿਗਾਹ ਵੀ ਰੱਖ ਸਕਦਾ ਸੀ।

ਪਰ ਪੂਰਾ ਘੰਟਾ ਬੀਤ ਗਿਆ ਸੀ ਜਿਸ ਸਾਈਕਲ ਦੀ ਉਸ ਨੂੰ ਉਡੀਕ ਸੀ ਉਹ ਹਾਲੀ ਤੱਕ ਵੀ ਨਜ਼ਰ ਨਹੀਂ ਸੀ ਆਇਆ। ਸੁਲਗਦੀ ਸਿਗਰਟ ਦਾ ਆਖਰੀ ਕਸ਼ ਲਾ ਕੇ ਉਹਨੇ ਪੈਰਾਂ ਹੇਠ ਮਸਲ ਦਿਤੀ ਅਤੇ ਅੰਦਰੇ-ਅੰਦਰ

ਨਜ਼ਲਾ ਝਾੜਿਆ ।

'ਕੀ ਪਤੈ ਸਾਲੀ ਕਦੋਂ ਮਰੇ...ਕਿੰਨੇ ਕਿੰਨੇ ਨਖਰੇ ਕਰਦੀਆਂ ਨੇ...।' ਤੇ ਸੱਪ ਵਾਂਗ ਵਿੱਛੀ ਸੜਕ ਤੇ ਆਹਸਤੇ ਆਹਸਤੇ ਪੈਰ ਧਰਨ ਲੱਗਾ ।

'ਓਏ ਨਰੈਣੇ ਕਿਧਰ ਮਰ ਗਿਐਂ...ਇਧਰ ਆ ਇਧਰ...' ਉਸੇ ਤਰ੍ਹਾਂ ਭਰਿਆ ਭਰਾਇਆ ਸਰਦਾਰ ਗੇਟ ਤੇ ਜਾ ਕੇ ਆਪਣੇ ਨੌਕਰ ਤੇ ਬਰਸਿਆ ।

ਠੰਡ ਨਾਲ ਕੰਬਦਾ ਨਰੈਣਾ ਉਸ ਦੇ ਅਗੇ ਆ ਖੜੋਤਾ...ਗੋਡਿਆਂ ਤੱਕ ਲਟਕਦਾ ਖੱਦਰ ਦਾ ਕੁੜਤਾ ਕਈ ਥਾਵਾਂ ਤੋਂ ਵੱਡੇ ਵੱਡੇ ਸੜੋਪਿਆਂ ਨਾਲ ਸੀਤਾ ਹੋਇਆ ਸੀ ਤੇ ਪੈਰੋਂ ਨੰਗਾ–ਸਿਰ ਤੇ ਸੜੀ ਜਿਹੀ ਪੱਗ ਵਲੇਟੀ ਹੋਈ ਸੀ–ਵਾਰ ਵਾਰ ਰੋਕਣ ਤੇ ਵੀ ਉਹ ਕੰਬਣੋਂ ਰਹਿ ਨਹੀਂ ਸੀ ਸਕਿਆ ।

'ਵੇਖ ਇਧਰੋਂ ਇਕ ਕੁੜੀ ਆਊ...ਲੇਡੀ ਸਾਈਕਲ ਤੇ ਹੋਊ...ਟੋਕਰੀ 'ਚ ਕਿਤਾਬਾਂ ਹੋਣਗੀਆਂ । ਸੁਹਣੀ ਜੀ ਕੁੜੀ ਆ...ਜਿਹੜੀ ਤੈਨੂੰ ਉਸ ਦਿਨ ਦਸੀ ਸੀ...ਪਤਲੀ ਜਿਹੀ...ਤੇਰੇ ਪਿੰਡ ਵਾਲੀ ਹੂੰ...ਜਦੋਂ ਵੀ ਉਹਦਾ ਸਾਈਕਲ ਵੇਖੇਂ ਝਟ ਅੰਦਰ ਆ ਜਾਈਂ...ਯਾਦ ਰਖੀਂ ਰੌਲਾ ਨਾ ਪਾਈਂ ਜੇ ਖਬਰ ਕਿਸੇ ਹੋਰ ਕੋਲ ਚਲੀ ਗਈ ਸਮਝੀਂ ਤੇਰੀ ਖੈਰ ਨੀ...।

'ਅਮਲੀ ਵਾਲੀ ਜੀ...?'

'ਆਹੋ...ਓਹੀ.. ਨਿਕਲ ਨਾ ਜਾਵੇ...।'

'ਅੱਛਾ ਜੀ–'

'ਅੱਛਾ ਜੀ ਕੀ...ਜਾ ਉਸ ਪਿਪਲ ਹੇਠਾਂ ਜਾ ਮਰ...ਉਥੋਂ ਤੈਨੂੰ ਦੂਰੋਂ ਈ ਨਜ਼ਰ ਆ ਜਾਊ...ਸਾਈਕਲ ਵੇਖਦੇ ਈ ਨੱਠ ਆਈਂ...ਵੇਖੀਂ ਧਿਆਨ ਨਾਲ ..' ਸਰਦਾਰ ਨੇ ਫੇਰ ਸਮਝਾਇਆ ।

ਉਸੇ ਤਰ੍ਹਾਂ ਠੰਡ ਨਾਲ ਕੰਬਦਾ ਨਰੈਣਾ ਪਿੱਪਲ ਹੇਠਾਂ ਜਾ ਖੜੋਤਾ ।

ਨਰੈਣੇ ਨੂੰ ਪਿੱਪਲ ਵਲ ਤੋਰ ਕੇ ਆਪ ਅੰਦਰ ਵਲ ਹੋ ਗਿਆ ।

'ਉਏ ਛੱਜੂ ਤੈਨੂੰ ਆਖਿਆ ਸੀ ਕੁਰਸੀਆਂ ਲਾ ਦੇਵੀਂ...ਹਾਲੇ ਕਢੀਆਂ ਨੀ...ਲੈ ਕੇ ਆ ਹੁਣੇ...ਨਾਲੇ ਜਾਂਦਾ ਗੁਰਬਖਸ਼ ਨੂੰ ਘਲ ਦੇਵੀਂ...ਕਮਰੇ ਵਿਚੋਂ...।' ਕੋਠੀ ਦੇ ਬਰਾਂਡੇ ਵਿਚ ਖੜ ਕੇ, ਕਰੌਕਰੀ ਵਾਲੀ ਟਰੇਅ ਚੁਕੀ ਆਉਂਦੇ ਨੌਕਰ ਨੂੰ ਹੁਕਮ ਦੇ ਕੇ ਸਰਦਾਰ ਫੇਰ ਕੋਠੀ ਦੇ ਗੇਟ ਵਲ ਵਾਪਸ ਆ ਗਿਆ ।



ਗੇਟ ਤੇ ਖੜ ਕੇ ਫੇਰ ਨਿਗਾਹ ਮਾਰੀ...ਪਰ ਕੋਈ ਨਜ਼ਰ ਨਾ ਆਇਆ । ਇਕ ਅੱਧ ਮੁੰਡਾ ਜ਼ਰੂਰ ਆ ਰਿਹਾ ਸੀ...ਪਰ ਉਹ ਵੀ ਟਾਮਾਂ ਟਲਾ । ਸਰਦਾਰ ਨੇ ਦੂਰ ਪਿੱਪਲ ਹੇਠਾਂ ਖੜੇ ਨਰੈਣੇ ਵਲ ਧਿਆਨ ਮਾਰਿਆ । ਚੜ੍ਹਦੀ ਜਵਾਨੀ ਵਿਚ ਹੀ ਉਹ ਨਿਢਾਲ ਹੋਇਆ ਪਿਆ ਸੀ । ਸੁਕੀਆਂ ਜਿਹੀਆਂ ਲੱਤਾਂ, ਮਾੜਚੂ ਜਿਹਾ ਸਰੀਰ ਤੇ ਉਤੋਂ ਕਰੂਪ ਜਾ ਚਿਹਰਾ...। ਠੰਡ ਨਾਲ ਕੰਬਦਾ, ਕੱਛਾਂ ਵਿਚ ਹੱਥ ਦੇਈ ਪਿੱਪਲ ਹੇਠਾਂ ਖੜੋਤਾ ਸੀ ਤੇ ਉਸ ਦੀਆਂ ਨਿਗਾਹਾਂ ਸਾਹਮਣੇ ਵੀਰਾਨ ਸੜਕ ਤੇ ਟਿਕੀਆਂ ਹੋਈਆਂ ਸਨ । ਕਦੇ ਕਦੇ ਉਪਰੋਂ ਪਿੱਪਲ ਦੀਆਂ ਬੂੰਦਾਂ ਜਦੋਂ ਉਸ ਤੇ ਆ ਡਿਗਦੀਆਂ ਤਾਂ ਉਹ ਟਾਹਣੇ ਵਾਂਗ ਕੰਬਣ ਲੱਗ ਜਾਂਦਾ ।

'ਕੁਰਸੀਆਂ ਲਾ ਦਿਤੀਆਂ ਜੀ...ਗੁਰਬਖਸ਼ ਵੀਰ ਜੀ ਤਿਆਰ ਹੋ ਰਹੇ ਨੇ ।' ਬਾਰਾਂ ਕੁ ਸਾਲਾਂ ਦੇ ਨੌਕਰ ਨੇ ਆਪਣਾ ਲਿਬੜਿਆ ਚਿਹਰਾ ਉਸ ਦੇ ਸਾਹਮਣੇ ਕਰਕੇ ਕਿਹਾ ।

'ਵਿਸਕੀ ਪਈ ਸੂ ?'

'ਨਹੀਂ ਜੀ !' ਡਰ ਨਾਲ ਮੁੰਡੇ ਦਾ ਚਿਹਰਾ ਪੀਲਾ ਪੈ ਗਿਆ ।

'ਨੱਠ ਕੇ ਲਿਆ... ਨਾਲੇ ਗਲਾਸ ਪਾਣੀ ਵੀ...।'

ਨੌਕਰ ਨੂੰ ਅੰਦਰ ਤੋਰ ਕੇ ਇਕ ਵਾਰ ਫੇਰ ਸਰਦਾਰ ਨੇ ਉਸੇ ਰਸਤੇ ਤੇ ਨਿਗਾਹ ਮਾਰੀ । ਪਰ ਸੜਕ ਹਾਲੇ ਵੀ ਵੀਰਾਨ ਸੀ...ਟੁਟੇ ਦਿਲ ਨਾਲ ਉਹ ਅੰਦਰ ਆ ਗਿਆ ।

ਸਰਦਾਰ ਗਰਾਸੀ ਪਲਾਟ ਵਿਚ ਲੱਗੀਆਂ ਗਾਰਡਨ ਚੇਅਰਜ਼ ਵਿਚੋਂ ਇਕ ਤੇ ਜਾ ਬੈਠਾ । ਉਸ ਦੇ ਸਾਹਮਣੇ ਮੇਜ਼ ਸੀ ਜਿਸ ਤੇ ਕੂਹਣੀਆਂ ਟਿਕਾ ਉਹਨੇ ਆਪਣਾ ਸਿਰ ਝੁਕਾ ਦਿਤਾ ਤੇ ਸੜਕ ਤੋਂ ਗੁਜ਼ਰਦੀ ਹਰ ਚੀਜ਼ ਵਲ ਗਹੁ ਨਾਲ ਵੇਖਣ ਲਗਿਆ ਪਰ ਅੱਜ ਜਿੰਨੀ ਬੇ–ਚੈਨੀ ਉਹਨੂੰ ਕਦੇ ਵੀ ਮਹਿਸੂਸ ਨਹੀਂ ਸੀ ਹੋਈ ਖਬਰੇ ਕਿਉਂ ?

ਕੜਕ ਕੜਕ ਕਰਕੇ ਨੌਕਰ ਨੇ ਦੋ ਵਿਸਕੀ ਦੀਆਂ ਬੋਤਲਾਂ, ਦੋ ਗਿਲਾਸ ਤੇ ਇਕ ਪਾਣੀ ਦੇ ਜੱਗ ਨੂੰ ਮੇਜ਼ ਤੇ ਟਿਕਾ ਦਿੱਤਾ । ਫੇਰ ਇਕ ਦਮ ਪਿਛਾਂਹ ਹੱਟ ਕੇ ਖੜੋ ਗਿਆ, ਜਿਵੇਂ ਕਿਸੇ ਹੋਰ ਹੁਕਮ ਦੀ ਉਡੀਕ ਕਰ ਰਿਹਾ ਹੋਵੇ ।

'ਗੁਰਬਖਸ਼ ਨਹੀਂ ਆਇਆ ?'

'ਕਪੜੇ ਬਦਲਦਾ ਸੀ ।'

'ਆਖੀਂ ਜਲਦੀ ਆਵੇ ।''

ਨੌਕਰ ਨੂੰ ਅੰਦਰ ਭੇਜ ਕੇ ਉਹ ਆਪ ਵੀ ਬਾਹਰ ਵੱਲ ਨੂੰ ਹੋ ਤੁਰਿਆ । ਦੂਰੋਂ ਉਸ ਨੂੰ ਕਿਸੇ ਸਾਈਕਲ ਦੀ ਝਲਕ ਪਈ ਸੀ ਤੇ ਜਿਵੇਂ ਨੌਕਰ ਵੀ ਕੋਠੀ ਵੱਲ ਦੌੜਨ ਲਈ ਤਿਆਰ ਹੋ ਰਿਹਾ ਸੀ । ਸਰਦਾਰ ਦੇ ਕਦਮ ਤੇਜ਼ ਹੋ ਗਏ... ਪੈਂਡਾ ਉਹਨੇ ਬੜੀ ਮੁਸ਼ਕਲ ਨਾਲ ਮੁਕਾਇਆ ।

ਸਾਈਕਲ ਨੌਕਰ ਤੱਕ ਪਹੁੰਚ ਗਿਆ ਸੀ, ਪਰ ਉਸ ਵਿਚ ਕੋਈ ਹਰਕਤ ਨਹੀਂ ਸੀ ਆਈ । ਉਹ ਉਸੇ ਤਰ੍ਹਾਂ ਬੁੱਤ ਬਣਿਆ ਖੜੋਤਾ ਰਿਹਾ । ਸਰਦਾਰ ਨੂੰ ਡਾਢਾ ਗੁੱਸਾ ਆਇਆ...ਇਹ ਸਾਈਕਲ ਤੇ ਉਸੇ ਕੁੜੀ ਦਾ ਸੀ...। ਉਹ ਗੇਟ ਕੋਲ ਜਾ ਕੇ ਖੜੋ ਗਿਆ ।

ਸਰਦਾਰ ਦੀਆਂ ਨਿਗਾਹਾਂ ਹਾਲੀ ਵੀ ਕੰਬਦੇ ਨੌਕਰ ਅਤੇ ਧੁੰਦ ਵਿਚੋਂ ਸਾਫ ਹੁੰਦੇ-ਆ ਰਹੇ ਸਾਈਕਲ ਤੇ ਟਿੱਕੀਆਂ ਹੋਈਆਂ ਸਨ ।

ਸਾਈਕਲ ਉਸ ਨੂੰ ਸਾਫ ਦਿਖਾਈ ਦੇਣ ਲੱਗਿਆ । ਇਹ ਤੇ ਸੱਜ-ਵਿਆਹਿਆ ਪੇਂਡੂ ਜੋੜਾ ਸੀ । ਨਵੀਂ ਨਵੀਂ ਦੁਲਹਨ ਨੂੰ ਸਾਈਕਲ ਦੇ ਮੂਹਰੇ ਬਠਾਈ ਹੋਈ ਤੇ ਆਪ ਲਾੜਾ ਪਿਛਾਂਹ ਕਾਠੀ ਤੇ ਸੀ। ਸਰਦਾਰ ਦਾ ਦਿਲ ਭੈੜਾ ਹੋ ਗਿਆ । ਅਜੀਬ ਵਿਚਾਰ ਮਨੋ ਉਠ ਕੇ ਦੱਬ ਗਏ । ਇੰਨਾਂ ਕਹੇ ਬਿਨਾਂ ਉਸ ਤੋਂ ਫੇਰ ਵੀ ਨਾ ਰਿਹਾ ਗਿਆ ।

'ਕੁੱਤਿਓ ਕੁਝ ਸ਼ਰਮ ਵੀ ਕਰਿਆ ਕਰੋ ।' ਤੇ ਉਸ ਨੇ ਕੋਠੀ ਵੱਲ ਮੂੰਹ ਭੁਆ ਲਿਆ । ਵਹੁਟੀ ਦਾ ਚਿਹਰਾ ਸ਼ਰਮ ਤੇ ਡਰ ਨਾਲ ਮੁਰਝਾ ਗਿਆ ਤੇ ਲਾੜੇ ਦੇ ਕਦਮ ਪੈਡਲਾਂ ਤੇ ਤੇਜ਼ ਤੇਜ਼ ਘੁੰਮਨ ਲੱਗੇ ।

ਆ ਕੇ ਸਰਦਾਰ ਨੇ ਇਕ ਹੋਰ ਪੈੱਗ ਪਾਇਆ ।

ਨਰੈਣਾ ਉਸੇ ਤਰ੍ਹਾਂ ਪਿੱਪਲ ਹੇਠਾਂ ਖੜਾ ਕੰਬੀ ਜਾ ਰਿਹਾ ਸੀ ।

ਗੁਰਬਖਸ਼ ਕੁਰਸੀ ਤੇ ਬੈਠਾ ਵਿਸਕੀ ਦੀਆਂ ਬੋਤਲਾਂ ਗਿਲਾਸਾਂ ਵਿਚ ਉਲਟ ਰਿਹਾ ਸੀ । ਸਰਦਾਰ ਵੀ ਉਹਦੇ ਸਾਹਮਣੇ ਜਾ ਬੈਠਾ ਤੇ ਝੱਟ ਗਿਲਾਸ ਹੋਠਾਂ ਤੇ ਚਿਪਕਾ ਲਿਆ ।

'ਕਿੱਧਰ ਉਲਝਿਆ ਫਿਰਦਾਂ ਸਵੇਰੇ ਸਵੇਰੇ ।'

'ਤੇਰਾ ਹੀ ਇੰਤਜ਼ਾਮ ਕਰਨ ਡਿਹਾ ਸੀ...ਨਵੇਂ ਮਹਿਮਾਨ ਨੂੰ ਸੁਗਾਤ



ਭੇਟ ਕਰਨ ਲਈ ਸੋਚਦਾਂ...। ਤੂੰ ਤੇ ਕਦੇ ਨਹੀਂ ਗਿਆਂ ਨੂੰ ਪੁੱਛਿਆ ।'

'ਅੱਛਾ ਜੀ ਬਈ...ਵਾਹ !...ਹੋਵੇ ਫੇਰ ਵਧੀਆ ।'

'ਇਧਰੋਂ ਆਉਂਦੀ ਏ ਇਕ ਕੁੜੀ...ਬਲਾ ਸੋਹਣੀ ਆ ਸਾਲੀ–ਉਹਨੂੰ ਉਡੀਕਦਾ ਪਿਆ ਸੀ–ਹਾਲੇ ਤੱਕ ਆਈ ਓ ਨਹੀਂ–ਸੋਚਿਆ ਸੀ ਤੂੰ ਆਇਆਂ –ਲੈ ਆਈਏ ।'

ਇਹ ਗੱਲ ਵੇ...ਫਸਾ ਫਸੂ ਵੀ ਲਈ ਏ ਜਾਂ ਉਝੇਂ ਬੱਸ...ਤੀਰ ਤੁਕੇ...।'

'ਫਸੀ ਹਾਲੇ ਕਿੱਥੇ ਆ . ਹੈ ਫਸਿਆਂ ਵਰਗੀ...ਪੰਜ ਚਾਰ ਵਾਰ ਗਿਆਂ ਮੈਂ ਮਗਰ ਕਾਰ ਲੈ ਕੇ...ਕੁਝ ਨੀਂ ਬੋਲਦੀ...ਇਕ ਵਾਰ ਤੇ ਮੈਂ ਉਸ ਦੇ ਸੰਗ-ਮਰਮਰ ਵਰਗੀ ਗਰਦਨ ਤੇ ਹੱਥ ਵੀ ਫੇਰਿਆ ਸੀ...ਸਾਲਾ ਇਉਂ ਤਿਲਕ ਗਿਆ, ਜਿਵੇਂ ਸਾਬਨ ਦੀ ਟਿੱਕੀ ਹੋਵੇ ।'

'ਫੇਰ ਤੇ ਫਸੀ ਕਹਿ...ਆਹ ਲੈ ਉਸ ਦੇ ਨਾਂ ਦਾ ਜਾਮ...।' ਗੁਰਬਖ਼ਸ਼ ਨੇ ਬੁੱਲ੍ਹਾਂ ਤੇ ਜੀਭ ਫੇਰੀ ।

'ਇਕ ਵਾਰ ਮੈਂ ਚੁੰਨੀ ਲਾਹੀ...ਸਾਲੀ ਚੋਂ ਲਪਟਾਂ ਮਾਰਨ...ਇਕ ਵਾਰ ਤੇ ਮੈਂ ਪੋਲੀ ਜਿਹੀ ਗਲ੍ਹ ਦੀ ਚੂੰਡੀ ਵੀ ਭਰ ਲਈ ਸੀ...ਮਜ਼ਾ ਆ ਜਾਊ ਜ਼ਿੰਦਗੀ ਦਾ ਵੇਖੀਂ ਸਹੀ...।'

'ਕੋਈ ਗੱਲ ਵੀ ਕੀਤੀ...।'

'ਗੱਲ ਤੇ ਕੋਠੀ ਵਿਚ ਲਿਆ ਕੇ ਕਰਾਂਗੇ...'ਕੇਰਾਂ ।'

'ਫੇਰ ਦੇਰ ਕਾਹਦੀ ਆ ।'

'ਦੇਰ ਕਾਹਦੀ ਹੋਣੀ ਸੀ...ਇਸੇ ਲਈ ਤਾਂ ਉਡੀਕਨ ਡਿਹਾਂ ।'

'ਕਾਹਲੀ 'ਚ ਕਦੇ ਕੋਈ ਪੰਗਾ ਵੀ ਨਾ ਛੇੜ ਬਹੀਂ...।'

ਕੁਝ ਨੀ ਹੁੰਦਾ...ਆ ਜਿਹੜਾ ਨਰੈਣਾ–ਇਹਦੇ ਪਿੰਡ ਦੀ ਆ...ਆਖਦਾ ਸੀ ਪਿਉ ਉਹਦਾ ਅਮਲੀ ਆ ਕਿਸੇ ਦੀ ਸਪੋਰਟ ਨੀਂ ਵਾਸਤਾ ਨੀਂ...ਨਰੈਣੇ ਦੇ ਘਰਾਣੇ ਵਿਚੋਂ ਆ...ਇਹਦੀ ਵੀ ਨੀਂ ਬਣਦੀ ।

'...ਇਕ ਨੋਟ ਨੀਂ ਮੁੱਕਦਾ...ਉਹ ਤੇ ਸਾਲੀ ਕਾਰ ਵੇਖ ਕੇ ਹੀ ਮਰ ਗਈ ਸੀ...।'

'ਤਾਂ ਆਖ ਚੂਹੜੀ ਏ...।'

'ਚੂਹੜੀ ਵੱਢਦੀ ਆ...ਹੈ ਸਾਲੀ ਅੱਗ ਵਰਗੀ...ਸੁਲਫੇ ਦੀ ਲਾਟ...।'

'ਨਰੈਣੇ ਤੋਂ ਪੁੱਛਿਆ ਵੀ ਆ...ਕਿਤੇ ਉਹੋ ਨਾ ਗੱਲ ਉਡਾ ਦੇਵੇ।'

'ਕੁਝ ਨੀਂ ਆਖਦਾ...ਨੌਕਰੀ ਨੀਂ ਚਾਹੀਦੀ...। ਉਸ ਦੀ ਤੇ ਉਂਝ ਵੀ ਨੀਂ ਬਣਦੀ...।'

'ਫੇਰ ਵੀ ਉਹਦਾ ਮੂੰਹ ਪਹਿਲਾਂ ਹੀ ਢੱਕ ਦੇ...।'

'ਇਹ ਵੀ ਠੀਕ ਏ...ਚੱਲ ਫੇਰ ਹੋ ਖੜਾ...।'

'ਚਲ...।'

ਤੇ ਉਹ ਵਿਸਕੀ ਨਾਲ ਗੁੱਟ ਹੋਏ ਗੇਟ ਤੇ ਆ ਖੜੋਤੇ।

'ਕਾਰ ਤੇ ਹੈ ਨਹੀਂ ਘਰ...ਨਹੀਂ ਵਿਚ ਬੈਠਾ ਲੈਂਦੇ...ਉਝੇਂ ਮਨਾ ਲਿਆਵਾਂਗੇ...ਜੇ ਨਾ ਮੰਨੀ ਸਾਲੀ ਭਾਵੇਂ ਚੁੱਕਣੀ ਪਵੇ, ਛੱਡਨੀ ਕੋਈ ਨੀਂ...।'

'ਮੌਸਮ ਵੀ ਬੜਾ ਵਧੀਆ–ਮਜ਼ਾ ਆ ਜਾਊ...।'

ਹੌਲੀ ਹੌਲੀ ਨਸ਼ੇ ਵਿਚ ਝੂਮਦੇ ਉਹ ਪਿੱਪਲ ਹੇਠਾਂ ਖੜੇ ਨਰੈਣੇ ਵੱਲ ਵੱਧਣ ਲੱਗੇ।

ਨਰੈਣਾ ਹਾਲੀ ਵੀ ਕੰਬੀ ਜਾ ਰਿਹਾ ਸੀ। ਉਹਨੇ ਘਟੀਆ ਜੀ ਬੀੜੀ ਸੁਲਗਾ ਲਈ ਸੀ। ਪਿੱਪਲ ਤੋਂ ਛਿੱਟੇ ਗਿਰ ਰਹੇ ਸਨ ਤੇ ਸੜਕ ਵੀਰਾਨ ਪਈ ਸੀ।

ਤਿੰਨ ਚਾਰ ਵੱਡੇ ਵੱਡੇ ਟਾਹਣੇ ਨਰੈਣੇ ਨੇ ਤੋੜ ਕੇ ਇਕ ਪਾਸੇ ਰੱਖ ਲਏ ਸਨ।

'ਵੇਖ ਸਾਲੇ ਨੂੰ ਆਪਣਾ ਈ ਲੱਗਿਆ ਪਿਆ। ਜੇ ਲੱਕੜ ਲੈ ਜਾਊ ਫੇਰ ਕੀ ਟੰਗ ਟੁੱਟਦੀ ਐ।'

'ਆਈ ਨੀਂ ਨਰੈਣਿਆਂ ਹਾਲੇ...ਤੇਰੇ ਪਿੰਡ ਵਾਲੀ...।'

'ਨਾ ਜੀ...ਕੀ ਕੰਮ ਪੈ ਗਿਆ ਉਹਦੇ ਤਾਈਂ ?'

'ਕੰਮ ਤੇ ਤੈਨੂੰ ਪਤਾ ਸਾਨੂੰ ਕੀ ਪੈਂਦੇ ਹੁੰਦੇ ਨੇ...ਮੌਜ ਮੇਲਾ !'

'ਮੌਜ ਮੇਲਾ !' ਨਰੈਣੇ ਨੇ ਹੈਰਾਨ ਹੋ ਕੇ ਪੁੱਛਿਆ।

'ਹੋਰ ਕੀ...ਨਾਲੇ ਘਰ ਤੇਰਾ ਵੀ ਪੂਰਾ ਹੋ ਜਾਊ...ਤੂੰ ਆਂਹਦਾ ਸੀ ਨਾ ...ਉਸ ਦੇ ਪਿਉ ਨੇ ਤੇਰੀ ਬੇ–ਇੱਜ਼ਤੀ ਕੀਤੀ ਸੀ...ਅੱਜ ਆਪਾਂ ਬਦਲਾ ਲੈ ਲਵਾਂਗੇ...।

ਹੈਰਾਨ ਹੋਇਆ ਨਰੈਣਾ ਉਨ੍ਹਾਂ ਦੇ ਚਿਹਰਿਆਂ ਵੱਲ ਵੇਖਦਾ ਰਿਹਾ।



ਜਲਦੀ ਬੀੜੀ ਨੇ ਉਹਦੀਆਂ ਉਂਗਲਾਂ ਸਾੜ ਦਿੱਤੀਆਂ ਸਨ।

'ਅੱਜ ਆਪਾਂ ਚੁੱਕ ਕੇ ਅੰਦਰ ਲਿਜਾਣੀ ਆਂ...ਹੁਣ ਤੇ ਸਮਝ ਗਿਐਂ... ਭਲੀ–ਮਾਣਸੀ ਨਾਲ ਗਈ ਤਾਂ ਠੀਕ...ਨਹੀਂ ਫੇਰ...ਆਹ ਡਉਲੇ...।' ਸਰਦਾਰ ਨੇ ਕਮੀਜ਼ ਉਤਾਂਹ ਚੁੱਕ ਕੇ ਬਾਹਾਂ ਨੰਗੀਆਂ ਕੀਤੀਆਂ।

ਨਰੈਣਾ ਰੋਹ ਨਾਲ ਕੰਬਣ ਲੱਗਿਆ। ਇਹ ਕੀ ਬਦ–ਤਮੀਜ਼ੀ ਸੀ। ਫੇਰ ਕੀ ਹੋਇਆ ਜੇ ਉਹ ਲੜਿਆ ਹੋਇਆ ਸੀ। ਭਰਾਵਾਂ ਦੀ ਲੜਾਈ ਭਰਾਵਾਂ ਨਾਲ, ਪਿੰਡ ਦੀ ਕੁੜੀ ਆਪਣੀਆਂ ਕੁੜੀਆਂ ਵਰਗੀ ਹੁੰਦੀ ਆ...ਤੇ ਫੇਰ ਉਹ ਤੇ ਹੈ ਵੀ ਘਰਾਣੇ ਵਿਚੋਂ...।

'ਇਹ ਨੀਂ ਹੋ ਸਕਦਾ ਬਦਲਾ ਲੈਣਾ ਅਮਲੀ ਤੋਂ ਲਊ...।' ਨਰੈਣੇ ਨੇ ਹੱਥ ਵਿਚਲੀ ਬੀੜੀ ਸੁੱਟ ਕੇ ਕਿਹਾ।

'ਹੇ ਕਿਉਂ ਨੀਂ ਸਕਦਾ...ਇਕ ਨੋਟ...।'

ਨੋਟਾਂ ਨਾਲ ਇੱਜ਼ਤਾਂ ਤਾਂ ਨਹੀਂ ਨਾ ਤੋਲੀਆਂ ਜਾ ਸਕਦੀਆਂ...।'

ਤੇਰਾ ਮਤਲਬ ਆ ਅਸੀਂ ਉਹਨੂੰ ਅੰਦਰ ਨੀਂ ਲਿਆ ਸਕਦੇ...।' ਨਸ਼ੇ ਵਿਚ ਗੁੱਟ ਹੋਏ ਸਰਦਾਰ ਨੇ ਉੱਚੀ ਦੇਣੇ ਗਰਜ ਕੇ ਕਿਹਾ।

'ਆਹੋ ਜੀ, ਪਿੰਡ ਦੀ ਇੱਜ਼ਤ, ਸਭ ਦੀ ਇੱਜ਼ਤ ਹੁੰਦੀ ਏ...ਘੱਟੋ ਘੱਟ ਮੈਂ ਤੇ ਆਪਣੀਆਂ ਧੀਆਂ ਵਾਂਗ ਪਾਲੀ ਕੁੜੀ ਦੀ ਇੱਜ਼ਤ ਇਸ ਤਰ੍ਹਾਂ ਰੁਲਦੀ ਵੇਖ ਨੀਂ ਸਕਦਾ ।'

ਸਾਡੇ ਸਿਰੋਂ ਖਾ ਕੇ ਸਾਨੂੰ ਰੋਹਬ...ਸਾਲਾ ਇੱਜ਼ਤ ਦਾ...ਅੱਗੇ ਤਾਂ ਇੱਜ਼ਤ ਈ ਲਈ ਫਿਰਦਾ ਹੋਵੇਂਗਾ।'

'ਖਾਨੇ ਅਸੀਂ ਮਿਹਨਤਾਂ ਨਾਲ ਹਾਂ, ਇੱਜ਼ਤਾਂ ਤੁਹਾਡੀਆਂ ਨੀਂ ਹੁੰਦੀਆਂ ...ਸਾਡੇ ਵੱਲ ਕੋਈ ਝਾਕ ਕੇ ਵੇਖੇ, ਅੱਖਾਂ ਨੋਚ ਲਵਾਂਗੇ।' ਨਰੈਣੇ ਦੀ ਜਵਾਨੀ ਨੇ ਜੋਸ਼ ਖਾਧਾ।

'ਕਿਵੇਂ ਚਬਰ ਚਬਰ ਭੌਂਕਦਾ...।' ਗਿਝੇ ਗਝਾਏ ਸਰਦਾਰ ਨੇ ਨਰੈਣੇ ਦੇ ਥੱਪੜ ਮਾਰਿਆ।

ਨਰੈਣੇ ਤੋਂ ਆਪਾ ਕਾਬੂ ਨਾ ਹੋਇਆ। ਹੁਣੇ ਹੁਣੇ ਤੋੜ ਕੇ ਰੱਖੇ ਟਾਹਣੇਂ ਮੀਂਹ ਵਾਂਗ ਵਰ੍ਹਨ ਲੱਗੇ।

'ਓਏ ਬੱਸ ਹੁਣ ਮਾਰਨਾ ਤਾਂ ਨੀਂ...ਬਥੇਰੀ ਹੋ ਗਈ...।' ਕਾਲਜ ਪੜ੍ਹਦੇ

ਇਕ ਮੁੰਡੇ ਨੇ ਮਸਾਂ ਨਰੈਣੇ ਦੇ ਹੱਥੋਂ ਸੋਟਾ ਫੜ੍ਹਿਆ।

'ਡਊਲੇ ਵਿਖਾਉਂਦੇ ਨੇ...ਇਕ ਇਕ ਝੱਲ ਨੀ ਹੋਣੀ...ਕੰਜਰ ਦੇ ਜਿੰਨ ਇੱਜ਼ਤਾਂ ਲੁੱਟਦੇ ਨੇ ਸਾਲੇ...' ਸਾਹੋ ਸਾਹ ਹੋਇਆ ਨਰੈਣਾ ਬੇ-ਹੋਸ਼ ਹੋਏ ਸਰਦਾਰ ਅਤੇ ਖੂਨ ਵਿਚ ਲੱਥ-ਪੱਥ ਹੋਏ ਗੁਰਬਖਸ਼ ਵੱਲ ਤੱਕ ਕੇ ਗਰਜ ਰਿਹਾ ਸੀ।

'ਆ ਕੌਣ ਪਿਆ ?' ਗੁਰਬਖ਼ਸ਼ ਵੱਲ ਇਸ਼ਾਰਾ ਕਰਕੇ ਮੁੰਡੇ ਨੇ ਪੁੱਛਿਆ।

'ਨਵਾਂ ਈ ਆਇਆ ਸੀ ਕੋਈ ਪਰਾਹੁਣਾ—।'

'ਚੰਗਾ ਕੀਤਾ—ਸੌਹਰਿਆਂ ਅੱਤ ਚੁੱਕੀ ਹੋਈ ਸੀ—ਧੀਆਂ, ਭੈਣਾਂ ਨੂੰ ਲੰਘਣਾ ਔਖਾ ਕਰ ਰੱਖਿਆ ਸੀ—ਪਰਾਹੁਣੇ ਨੂੰ ਤਾਂ ਮਿਲ ਗਈ ਸੁਗਾਤ।'

'ਚੱਲ ਬੈਠ ਸਾਈਕਲ ਤੇ...ਘਬਰਾ ਨਾ...ਪਿੰਡ ਤੇਰੇ ਨਾਲ ਆ...ਤੇ ਤੂੰ ਕੋਹੜ ਕੱਟ ਕੇ ਪੁੰਨ ਖੱਟਿਆ ਪੁੰਨ...।'

'ਮੈਂ ਡਰਦਾਂ ਸਾਲਿਆਂ ਹੀਜੜਿਆਂ ਤੋਂ...?'

ਤੇ ਸਾਈਕਲ ਦੇ ਪਿਛੇ ਬੈਠੇ ਨਰੈਣੇ ਨੂੰ ਮਹਿਸੂਸ ਹੋ ਰਿਹਾ ਸੀ, ਜਿਵੇਂ ਉਹਨੇ ਪਿੰਡ ਦੀਆਂ ਧੀਆਂ, ਭੈਣਾਂ ਦਾ ਰਸਤਾ ਖੋਲ੍ਹ ਕੇ ਸੱਚਮੁੱਚ ਕੋਈ ਵੱਡਾ ਪੁੰਨ ਖੱਟ ਲਿਆ ਹੋਵੇ।

—ਅਕਤੂਬਰ 1971



## ਬਰਫ਼ ਦੇ ਟੁਕੜੇ

ਰਾਤ ਜ਼ਿਆਦਾ ਪੜ੍ਹਨ ਕਰਕੇ ਸਾਜਰੇ ਉਠਦਿਆਂ ਉਸ ਨੂੰ ਢੇਰ ਦੇਰ ਹੋ ਗਈ। ਉਹ ਦਬਾ ਦਬ ਉਠਿਆ ਉਰਾ ਪਰਾ ਕੀਤਾ ਅਤੇ ਜਲਦੀ ਪਹੁੰਚਣ ਲਈ ਸਿਵਿਆਂ ਕੋਲ ਦੀ ਲੰਘਦੀ ਸੜਕੇ ਪੈ ਤੁਰਿਆ।

ਸ਼ਮਸ਼ਾਨ ਭੂਮੀ ਗੇਟ ਕੋਲ ਪਏ ਬਰਫ਼ ਦੇ ਟੁਕੜੇ ਉਹਨੂੰ ਦੂਰ ਸੂਰਜ ਦੀਆਂ ਪਹਿਲੀਆਂ ਕਿਰਨਾਂ ਵਿਚ ਚਮਕਦੇ ਵਿਖਾਈ ਦੇਣ ਲਗੇ। ਇਕ ਦਮ ਉਹਦਾ ਦਿਲ ਬਹਿ ਗਿਆ। ਝਟ ਇਕ ਗੋਲ ਮਲੋਲ ਸੁਨਹਿਰੇ ਘੁੰਗਰਾਲੇ ਵਾਲਾਂ ਵਾਲਾ ਅਠਾਰਾਂ ਵੀਹਾਂ ਸਾਲਾਂ ਦੇ ਮੁੰਡੇ ਦਾ ਹਰਖੀ ਚੇਹਰਾ ਉਹਦੀਆਂ ਅੱਖਾਂ ਅਗੇ ਘੁੰਮਣ ਲੱਗਾ। ਹਾਲੀਂ ਕੱਲ ਉਹ ਚੰਗਾ ਭਲਾ ਸੀ ਹੱਸਦਾ ਖੇਡਦਾ ਐਸ਼ਾਂ ਮਾਣਦਾ ਅਤੇ ਅੱਜ ਅੱਗ ਦੀਆਂ ਲਾਟਾਂ ਨੇ ਉਹਦੇ ਨਾਜ਼ਕ ਸਰੀਰ ਨੂੰ ਆਪਣੇ ਸਰੀਰ ਵਿਚ ਸਮੇਟ ਲਿਆ ਸੀ। ਉਸ ਦੀ ਜਵਾਨੀ ਗੁੱਸਾ ਤੇ ਫੇਰ ਆਤਮਘਾਤ ਦੇ ਵਿਚਾਰਾਂ ਵਿਚ ਉਹ ਆਪਣੇ ਆਪ ਵਿਚ ਉਤਰਦਾ ਗਿਆ। ਬਰਫ਼ ਦੀਆਂ ਸਿਲੀਆਂ ਨਾਲ ਉਸਨੂੰ ਨਫ਼ਰਤ ਜਿਹੀ ਹੋਣ ਲੱਗੀ ਜਿਨ੍ਹਾਂ ਆਪਣੇ ਵਿਚ ਇਕ ਨੌਜਵਾਨ ਸਰੀਰ ਨੂੰ ਲਪੇਟਿਆ ਸੀ।

ਕੱਲ ਸ਼ਾਮ ਜਦੋਂ ਉਹ ਬਾਜ਼ਾਰ ਗਿਆ ਸੀ ਤਾਂ ਥਾਂ ਥਾਂ ਉਸਨੂੰ ਇਹੋ ਚਰਚੇ ਛਿੜੇ ਮਿਲੇ ਸਨ। ਕਿਧਰੇ ਉਸ ਦੀਆਂ ਤਰੀਫ਼ਾਂ ਕਿਧਰੇ ਗਾਲ੍ਹਾਂ ਦੁਪੜਾਂ। ਸਭ ਦੀਆਂ ਗੱਲਾਂ ਸੁਣ ਕੇ ਜਿਸ ਨਤੀਜੇ 'ਤੇ ਉਹ ਪਹੁੰਚਿਆ ਸੀ, ਉਹ ਇਹੋ ਸੀ

ਕਿ ਮੁੰਡਾ ਘਰੋਂ ਲੜ ਕੇ ਸੱਤ ਹਜ਼ਾਰ ਜੇਬੀਂ ਪਾ ਕੇ ਘਰੋਂ ਨਿਕਲ ਤੁਰਿਆ ਸੀ। ਇਕ ਦੋ ਦਿਨ ਚੰਡੀਗੜ੍ਹ ਦੇ ਹੋਟਲਾਂ ਵਿਚ, ਇਕ ਦੋ ਲੁਧਿਆਣੇ ਦੇ ਨਾਚ ਘਰਾਂ ਵਿਚ ਅਤੇ ਫੇਰ ਕਈ ਸੁੰਦਰੀਆਂ (ਕਰਾਏ ਵਾਲੀਆਂ) ਦੇ ਨਾਲ ਰਾਤਾਂ ਗੁਜ਼ਾਰੀਆਂ ਸਨ। ਜਦੋਂ ਪੋਸਟਸਾਰਟਮ ਹੋਣ ਲੱਗਿਆ ਸੀ ਤਾਂ ਉਸ ਦੀ ਜੇਬੋਂ ਸਾਰੇ ਦੋ ਸੌ ਤੇ ਅਠਾਈ ਰੁਪੈ ਹੀ ਮਿਲੇ ਸਨ।

ਭਾਲਣ ਗਏ ਉਸ ਦੇ ਪਿਉ ਨੂੰ ਲੋਕਾਂ ਦਸਿਆ ਸੀ ਉਹ ਇਥੇ ਕੀ ਕੀ ਰੰਗ ਖਿਲਾਰਦਾ ਰਿਹਾ। ਕਿਸੇ ਆਖਿਆ ਉਹ ਤਿੰਨ ਕੁੜੀਆਂ ਲਈ ਫਿਰਦਾ ਸੀ। ਕਿਸੇ ਕਿਹਾ ਉਹਦੇ ਕਿੰਨੇ ਦੋਸਤ ਬੀਅਰ ਦੀਆਂ ਬੋਤਲਾਂ ਚੁੱਕੀ ਉਹਦੇ ਮਗਰ ਮਗਰ ਫਿਰਦੇ ਸਨ। ਉਸ ਦਾ ਪਿਉ ਮੂੰਹ ਵਿਚ ਉਂਗਲਾਂ ਪਾਈ ਲੋਕਾਂ ਦੀਆਂ ਦਸੀਆਂ ਥਾਵਾਂ ਤੇ ਉਸ ਨੂੰ ਲੱਭਦਾ ਰਿਹਾ।

ਜਦੋਂ ਪਿਉ ਦੀ ਉਸ ਤੇ ਨਿਗਾਹ ਪਾਈ ਉਹ ਗੱਡੀ ਹੇਠ ਆ ਕੇ ਲੋਥ ਹੋ ਚੁਕਿਆ ਸੀ। ਉਹ ਰੋਇਆ ਕੁਰਲਾਇਆ ਫੇਰ ਸਬਰ ਭਰਕੇ ਮੁੰਡੇ ਦਾ ਪੋਸਟ ਮਾਰਟਮ ਕਰਾਇਆ। ਰਿਪੋਰਟ ਸੀ 'ਅੰਤਾਂ ਦਾ ਨਸ਼ਾ...ਜ਼ਿਆਦਾ ਇਸਤਰੀ ਦਾ ਸੰਗ।' ਉਸ ਨੋਟਾਂ ਦੀ ਜੇਬ ਭਰ ਕੇ ਮਸਾਂ ਡਾਕਟਰ ਦਾ ਮੂੰਹ ਬੰਨ੍ਹਿਆਂ। ਪਰ ਗੱਲ ਫੇਰ ਵੀ ਲੋਕਾਂ ਕੋਲ ਆ ਹੀ ਪੁੱਜੀ ਸੀ।

ਸੋਚਦਾ ਸੋਚਦਾ ਉਹ ਸ਼ਮਸ਼ਾਨ ਦੇ ਘੇਰੇ ਨੂੰ ਦਬਾ ਦਬ ਲੰਘਣ ਲਗਿਆ। ਉਸ ਦੇ ਕੰਨਾਂ ਵਿਚ ਕੁਰਲਾਂਦੇ ਪਿਉ ਦੀਆਂ ਚੀਕਾਂ ਗੂੰਜਨ ਲੱਗੀਆਂ। ਉਸ ਦਾ ਗਚ ਭਰ ਆਇਆ। ਇਕ ਦੋ ਵਾਰ ਅਜਿਹੇ ਨਾਲਾਇਕ ਪੁੱਤਾਂ ਤੇ ਗੁੱਸਾ ਵੀ ਆਇਆ ਜਿਹੜੇ ਪੈਸੇ ਹੁੰਦੇ ਹੋਏ ਵੀ ਘਰ ਟਿਕ ਨਹੀਂ ਸਕਦੇ ਅਤੇ ਆਤਮਘਾਤਾਂ ਨਾਲ ਬੁੱਢੇ ਮਾਂ ਬਾਪਾਂ ਨੂੰ ਕੁਰਲਾਂਦੇ ਸੁਟ ਜਾਂਦੇ ਹਨ। ਉਸ ਨੂੰ ਡਾਢੀ ਹਮਦਰਦੀ ਹੋਈ ਸੀ ਉਸਦੇ ਮਾਪਿਆਂ ਨਾਲ।

'ਜਵਾਨ ਪੁੱਤਰਾਂ ਦੀਆਂ ਮੌਤਾਂ ਕਿਤੇ ਛੱਡਦੀਆਂ ਨੇ ਬੰਦੇ ਨੂੰ।' ਪਿਛੋਂ ਆ ਰਹੇ ਦੋ ਬੁਢਿਆਂ ਦੀਆਂ ਆਵਾਜ਼ਾਂ ਉਹਦੇ ਕੰਨੀਂ ਆ ਪਈਆਂ। ਉਹਦਾ ਧਿਆਨ ਟੁਟ ਗਿਆ।

ਇਹੋ ਜਿਹੀਆਂ ਮੌਤਾਂ ਤਾਂ ਦੰਡ ਹੁੰਦੀਆਂ ਕੋਈ ਅਗਲੇ ਪਿਛਲੇ ਜਨਮ ਦਾ।

'ਅਗਲੇ ਪਿਛਲੇ ਦਾ ਕਹਿ ਲਵੋ ਜਾਂ ਇਸੇ ਦਾ।'

'ਇਸ ਦਾ ?'



'ਹੋਰ ਕੀ! ਗਰੀਬਾਂ ਦੇ ਖੂਨ ਚੂਸ ਚੂਸ ਬਣਾਈਆਂ ਹਵੇਲੀਆਂ ਉਤੇ ਕਦੇ ਕਿਸੇ ਐਸ਼ ਕੀਤੀ ਐ, ਗਰੀਬ ਦੀ ਆਹ ਕਦੇ ਖਾਲੀ ਨੀਂ ਜਾਂਦੀ।'

ਬੁਢਿਆਂ ਦੀਆਂ ਗੱਲਾਂ ਤੇ ਉਹ ਬੜਾ ਹੈਰਾਨ ਹੋਇਆ। ਇਕ ਨੌਜਵਾਨ ਦੀ ਮੌਤ ਦਾ ਉਹਨਾਂ ਨੂੰ ਭੋਰਾ ਦੁਖ ਨਹੀਂ ਸੀ। ਸਗੋਂ ਉਹ ਕੁਝ ਹੋਰ ਹੀ ਸੋਚ ਰਹੇ ਸਨ।

'ਬਲੈਕ ਦੀ ਕਮਾਈ ਮੁੰਡੇ ਨੇ ਕਿਵੇਂ ਉਡਾਈ ਵੇਖਿਆ। ਅਖੇ ਦਸ ਬਾਰਾਂ ਹਜ਼ਾਰ ਲੱਗਾ ਸੀ ..ਇਹਨਾਂ ਹੋਰ ਲਗ ਜੂ ਅਫਸਰਾਂ ਦੇ ਘਰ ਭਰਨ ਨੂੰ। ਫੇਰ ਜਵਾਨ ਪੁੱਤਰ ਦਾ ਦੁਖ...।'

'ਰੱਬ ਦੇ ਭਾਣੇ ਨੇ। ਗੱਲ ਸੱਚੀ ਐ ਤੇਰੀ। ਪਿਛੋਂ ਜੇ ਖੰਡ ਦੀ ਬਲੈਕ ਸਮੇਂ ਬਥੇਰਾ ਰੁਪਿਆ ਵੰਡਿਆ ਸੀ ਇਹਨਾਂ।'

ਗੱਲਾਂ ਕਰਦੇ ਬੁੱਢੇ ਮੋੜ ਮੁੜ ਗਏ। ਇਕ ਕਰੰਟ ਜਿਹਾ ਉਸਦੇ ਸਾਰੇ ਸਰੀਰ ਵਿਚ ਦੌੜਨ ਲੱਗਿਆ। ਫੇਰ ਉਸ ਨੂੰ ਪ੍ਰਤੀਤ ਹੋਇਆ ਉਹ ਹੌਲਾ ਫੁਲ ਹੋ ਗਿਆ ਹੋਵੇ। ਉਸ ਦੇ ਖਿਆਲਾਂ ਨੇ ਇਕ ਨਵਾਂ ਰਾਹ ਫੜਿਆ। ਬੁੱਢਿਆਂ ਦੀਆਂ ਗੱਲਾਂ ਤੇ ਉਸਨੂੰ ਵਿਸ਼ਵਾਸ਼ ਜਿਹਾ ਆਉਣ ਲਗਿਆ। ਸੱਚ ਮੁਚ ਉਸ ਨੇ ਬਲੈਕ ਦਾ ਪੈਸਾ ਹੀ ਵਰਤਿਆ ਸੀ...ਹਰਾਮ ਦਾ...ਲੋੜਵੰਦਾਂ ਦਾ ਪੈਸਾ।

ਇਕ ਵਾਰ ਘਿਉ ਦੇ ਰਾਸ਼ਨ ਵੇਲੇ ਉਸ ਨਾਲ ਵੀ ਇਹਨਾਂ ਖੂਬ ਬਣਾਈ ਸੀ। ਦੋ ਥਾਵਾਂ 'ਤੇ ਉਹਨਾਂ ਘਿਉ ਦੇ ਅੱਡੇ ਬਣਾ ਲਏ ਸਨ। ਇਕ ਅੱਧੀ ਪੀਪੀ ਵੰਡ ਕੇ ਲੋਕਾਂ ਨੂੰ ਉਧਰ ਭੇਜ ਦੇਣਾ। ਇਕ ਦੋ ਹੋਰ ਵੰਡ ਦੇਣੀਆਂ ਉਧਰ ਪੁਜਦੇ ਲੋਕਾਂ ਨੂੰ ਫੇਰ ਵਾਪਸ ਘਲ ਦੇਣਾ। ਪੀਪੀਆਂ ਅੰਦਰ ਤੇ ਆਖ ਛੱਡਣਾ ਮੁਕ ਗਈਆਂ। ਪਿਛੋਂ ਖੁਦ ਉਸ ਨੂੰ ਡੇਢੇ ਮੁਲ ਵਿਚ ਉਸੇ ਰਾਤ ਉਹਨਾਂ ਘਿਉ ਦੀ ਪੀਪੀ ਦਿਤੀ ਸੀ।

ਉਸ ਦਾ ਦੁਖ ਖੁਸ਼ੀ ਜਿਹੀ ਵਿਚ ਵਟਨ ਲਗਿਆ। ਬਰਫ਼ ਦੀਆਂ ਚਮਕਦੀਆਂ ਖੁਰ ਖੁਰ ਅੱਧੀਆਂ ਰਹਿ ਚੁਕੀਆਂ ਸਿਲਾਂ ਦੇ ਉਹ ਕਾਫੀ ਨਜ਼ਦੀਕ ਪਹੁੰਚ ਚੁਕਿਆ ਸੀ। ਉਹਨਾਂ ਸਿਲੀਆਂ ਦੁਆਲੇ ਨਜ਼ਦੀਕ ਉਤਰੇ ਠਹਿਆਂ ਦੇ ਨੰਗ ਧੜੰਗੇ ਜਵਾਨਾਂ ਨੇ ਝੁਰਮਟ ਮਾਰਿਆ ਹੋਇਆ ਸੀ। ਉਸ ਦੀ ਨਿਗਾਹ ਕੁਝ ਗਿਰੇ ਖੂਨ ਦੇ ਤੁਪਕਿਆਂ ਤੇ ਪਈ। ਪਰ ਇਸ ਵਾਰ ਉਸ ਦੇ ਦਿਲ ਵਿਚ ਕੋਈ ਰੰਜ ਨਹੀਂ ਸੀ ਆਇਆ। ਸਗੋਂ ਉਸ ਨੂੰ ਕੋਈ ਖੁਸ਼ੀ ਜਿਹੀ ਮਹਿਸੂਸ ਹੋ

ਰਹੀ ਸੀ ।

ਵੇਖਦੇ ਵੇਖਦੇ ਨੰਗ ਧੜੰਗੇ ਜਵਾਨ ਬਰਫ਼ ਨੂੰ ਚੁਕ ਕੇ ਘਰਾਂ ਵਲ ਨੂੰ ਦੌੜਨ ਲਗੇ । ਇਕ ਵਾਰ ਉਸ ਸੋਚਿਆ ਇਹਨਾਂ ਨੂੰ ਵਰਜ ਦੇਵੇ । ਆਖੇ ਇਸ ਵਿਚ ਲਾਸ਼ ਆਈ ਸੀ...ਬਰਫ਼ ਗੰਦੀ ਹੈ । ਪਰ ਫੇਰ ਉਹ ਰੁਕ ਗਿਆ ।

ਨਹੀਂ ਇਹ ਹਿੱਸਾ ਇਹਨਾਂ ਦਾ ਹੀ ਹੈ । ਆਖਰ ਇਹ ਇਹਨਾਂ ਦੇ ਖ਼ੂਨ ਨਾਲ ਹੀ ਤਾਂ ਖਰੀਦੀ ਗਈ ਸੀ ।

ਬਰਫ਼ ਚੁਕੀ ਜਾਂਦੇ ਜਵਾਨ ਉਸ ਨੂੰ ਫਰਿਸ਼ਤੇ ਜਾਪੇ ਜਿਹੜੇ ਆਪਣੇ ਹੱਕ ਦੀ ਬਰਫ਼ ਚੁਕ ਚੁਕ ਭਜਨ ਦੀ ਆਦਤ ਬਣਾ ਰਹੇ ਸਨ ।

ਜਨਵਰੀ 1972



## ਜਲਨ

ਉਹ ਅੱਕ ਵਾਂਗ ਕੌੜਾ ਹੈ । ਇਕ ਇਕ ਕਰਕੇ ਕਈ ਜ਼ਹਿਰ ਦੀਆਂ ਘੁੱਟਾਂ ਉਸ ਅੰਦਰ ਰਚ ਗਈਆਂ ਹਨ ਸ਼ਾਇਦ ਇਸੇ ਲਈ...ਹਰ ਲੇਬਲ ਲੱਗੀ ਰੰਗਦਾਰ ਸ਼ੀਸ਼ੀ ਉਸ ਨੂੰ ਚੰਗੀ ਲੱਗਦੀ । ਇਸ ਵਿਚ ਅੰਮ੍ਰਿਤ ਹੈ ਜਾਂ ਜ਼ਹਿਰ ਉਸ ਨੂੰ ਝਉਲੇ ਪੈਂਦੇ । ਪਰ ਕੋਈ ਫ਼ੈਸਲਾ ਨਹੀਂ । ਅਜਿਹੀ ਸ਼ੀਸ਼ੀ ਅਤੇ ਜ਼ਹਿਰ ? ਅਸੰਭਵ ! ਜਦੋਂ ਵੀ ਹੱਥ ਸ਼ੀਸ਼ੀ ਵੱਲ ਵਧੇ ਨਾ ਚਾਹੁੰਦਿਆਂ ਵੀ ਜ਼ਹਿਰ ਦਾ ਘੁੱਟ ਉਹਦੇ ਰੋਮ ਰੋਮ ਵਿਚ ਆ ਸਮਾਇਆ । ਸਰੀਰ ਇਕ ਜਲਨ ਨਾਲ ਜਲਨ ਲੱਗਦਾ । ਇਧਰ ਉਧਰ ਭੱਜਦਾ, ਅੱਗ ਭਟਕਦੀ । ਟਿਕ ਕੇ ਬੈਠਦਾ ਅੱਗ ਹੋਰ ਵੀ ਜ਼ੋਰ ਫੜਦੀ । ਤੇ ਜਦੋਂ ਵੀ ਕਦੇ ਸੂਰਜ ਦਾ ਸਾਹਮਣਾ ਹੋਇਆ ਉਸ ਦਾ ਸਰੀਰ ਜਲ ਉੱਠਿਆ । ਹੌਲੀ ਹੌਲੀ ਉਹ ਜਲ ਗਿਆ । ਜਲਨ ਪਿਛੋਂ ਜੋ ਬਾਕੀ ਬਚਿਆ ਹੈ, ਉਹ ਸੁਆਹ ਹੈ ਅਤੇ ਸੁਆਹ ਵੀ ਕੌੜੀ ।

ਪਹਿਲਾਂ ਉਹ ਕੌੜਾ ਨਹੀਂ ਸੀ । ਅੰਮ੍ਰਿਤ ਸੀ । ਉਦੋਂ ਜਦੋਂ ਉਹ ਮੁੰਡਾ ਸੀ ਅਤੇ ਉਹ ਕੁੜੀ । ਕੁੜੀ ਨਹੀਂ ਝੱਖੜ । ਹੁਣ ਉਹ ਉਸਨੂੰ ਝੱਖੜ ਹੀ ਆਖੇਗਾ । ਇਹ ਠੀਕ ਹੈ ਕੁਝ ਦੇਰ ਠੰਡੀ ਹਵਾ ਵਗੀ ਸੀ । ਉਸ ਦੇ ਸਰੀਰ ਦੀ ਅੱਗ ਕੁਝ ਮੱਠੀ ਹੋਈ । ਅਸਮਾਨ ਬੱਦਲਾਂ ਨਾਲ ਭਰਿਆ । ਸੋਨੇ ਰੰਗੇ ਬੱਦਲ । ਅਸਮਾਨ ਦਾ ਸ਼ਿੰਗਾਰ । ਉਸ ਦੇ ਸਰੀਰ ਦੀ ਅੱਗ ਹੌਲੇ ਹੌਲੇ ਮੱਧਮ ਪੈ ਗਈ । ਫੇਰ ਇਕ ਦਮ ਸ਼ਾਂਤ । ਅਖਾਂ ਵਿਚ ਨੀਝ ਭਰ ਕੇ ਉਸ ਨੇ ਅਸਮਾਨ ਵੱਲ ਤੱਕਿਆ । ਠੰਢ ਨਾਲ

ਅੱਖਾਂ ਸਰਦ ਹੋ ਗਈਆਂ। ਉਸ ਨੇ ਬੇਨਤੀ ਕੀਤੀ ਬੱਦਲ ਵਰਸ ਪੈਣ। ਬੱਦਲ ਖਿੰਡ ਗਏ। ਉਹ ਖੜਾ ਅਸਮਾਨ ਵੱਲ ਦੇਖਦਾ ਰਿਹਾ। ਠੰਡੀ ਹਵਾ ਦੂਰ ਨਿਕਲ ਗਈ। ਝੱਖੜ ਝੁੱਲਿਆ ਰੇਤਾ ਉੱਡਿਆ। ਉਸ ਦੀਆਂ ਅੱਖਾਂ ਖੁਲ੍ਹੀਆਂ ਸਨ ਰੇਤੇ ਨੇ ਵਿਚ ਓਟ ਲੈ ਲਈ। ਕੰਕਰ ਉੱਠੇ ਤੇ ਉਹਦੇ ਸਰੀਰ ਵਿਚ ਜਾ ਧੱਸੇ। ਝੱਖੜ ਨੇ ਕਾਗਜ਼ ਦੇ ਟੁਕੜੇ ਵਾਂਗ ਉਸ ਨੂੰ ਚੁੱਕਿਆ। ਕੁਝ ਦੇਰ ਅਸਮਾਨ ਵਿਚ ਉੱਡਿਆ। ਫੇਰ ਧਰਤੀ ਤੇ ਆ ਗਿਰਿਆ। ਕੁਝ ਦੇਫ ਸੋਚਦਾ ਰਿਹਾ ਮਰ ਗਿਐ। ਉਸ ਦੀਆਂ ਅੱਖਾਂ ਖੁੱਲ੍ਹੀਆਂ। ਅਸਮਾਨ ਵਲ। ਪਰ ਝੱਖੜਾਂ ਨਾਲ ਕਦੇ ਕੋਈ ਮਰਿਐ। ਦਰੱਖਤ ਪੁੱਟੇ ਗਏ, ਖੰਭੇ ਟੇਢੇ ਹੋ ਗਏ। ਉਨ੍ਹਾਂ ਵਾਂਗ ਉਸ ਦੀਆਂ ਜੜ੍ਹਾਂ ਵੀ ਉੱਖੜ ਗਈਆਂ।

ਝੱਖੜ ਉਸੇ ਦਿਨ ਕਈ ਮੀਲ ਅਗਾਂਹ ਲੰਘ ਗਿਆ। ਪਰ ਉਹ ਉਥੇ ਹੀ ਰਹਿ ਗਿਆ। ਉਸ ਦੀਆਂ ਅੱਖਾਂ ਵਿਚ ਰੇਤਾ ਭਰ ਗਿਆ। ਭਰਿਆ ਹੀ ਰਹੇ ਤਮੰਨਾ ਸੀ ਝੱਖੜ ਦੀ ਨਿਸ਼ਾਨੀ ਹੀ ਸਹੀ। ਝੱਖੜ ਨੇ ਫ਼ਰਜ਼ ਨਿਭਾਇਆ ਸੀ– ਇਹ ਉਸ ਦਾ ਦੋਸ਼ ਨਹੀਂ।

ਕੁਝ ਦੇਰ ਬਾਅਦ ਉਸ ਨੂੰ ਸੀਤਲ ਜਲ ਦੀ ਲੋੜ ਮਹਿਸੂਸ ਹੋਣ ਲੱਗੀ। ਉਸ ਦੀਆਂ ਅੱਖਾਂ ਵਿਕਲੇ ਰੋੜ ਕਾਫ਼ੀ ਰੜਕਨ ਲੱਗੇ ਸਨ। ਉਹ ਸਮੁੰਦਰ ਕਿਨਾਰੇ ਖੜਾ ਰਿਹਾ। ਹਿੰਮਤ ਨਹੀਂ ਸਮੁੰਦਰ ਵੱਲ ਹੱਥ ਵਧਣ। ਯਕੀਨ ਨਹੀਂ ਆਉਂਦਾ ਕਿ ਸਮੁੰਦਰ ਦਾ ਪਾਣੀ ਅੱਖਾਂ ਧੋ ਵੀ ਦੇਵੇਗਾ! ਕਿਧਰੇ ਕੋਈ ਰੋਗ ਨਾ ਲਾ ਦੇਵੇ। ਤੇ ਉਸ ਵਿਚ ਵੱਸਦਾ ਕੋਈ ਜਰਮ...। ਖੜਾ ਸਮੁੰਦਰ ਵੱਲ ਦੇਖਦਾ ਰਿਹਾ, 'ਅੱਖਾਂ ਖੋਲ੍ਹ...ਮੈਂ ਤੇਰੀਆਂ ਅੱਖਾਂ ਵਿਚ ਵਰਸਾਂਗੀ. .।' ਕਿਸੇ ਬੱਦਲੀ ਦੀ ਆਵਾਜ਼ ਸੀ। ਚਕਾ-ਚੌਂਦ ਹੋਇਆ ਉਹ ਤੱਕਦਾ ਰਿਹਾ। ਇਹ ਅਸੰਭਵ ਹੈ। ਕੌਣ ਉਸ ਦੀਆਂ ਅੱਖਾਂ ਵਿਚ ਫਸਿਆ ਰੇਤਾ ਧੋ ਸਕਦੈ। ਉਹ ਅਸ਼ਾਂਤ ਖੜਾ ਸੋਚਦਾ ਰਿਹਾ। ਬੱਦਲੀ ਨੇ ਇਕ, ਦੋ ਤੇ ਤਿੰਨ ਵਾਰ ਆਖਿਆ। ਉਹ ਆਪ-ਮੁਹਾਰੇ ਵਰਸ ਪਈ। ਉਸ ਨੇ ਅੱਖਾਂ ਮੁੰਦ ਲਈਆਂ। ਕਿਉਂ ? ਇਸ ਦਾ ਜਵਾਬ ਉਸ ਕੋਲ ਵੀ ਨਹੀਂ। ਜਦੋਂ ਉਸ ਅੱਖਾਂ ਖੋਲ੍ਹੀਆਂ ਬੱਦਲੀ ਵਰਸ ਚੁੱਕੀ ਸੀ। ਪਾਣੀ ਵਿਚ ਉਹ ਘਿਰ ਗਿਆ। ਅੱਖਾਂ ਦੇ ਰੋੜ ਹੋਰ ਰੜਕੇ। ਅੱਖਾਂ ਕਈ ਵਾਰ ਪਾਣੀ ਤਕ ਝੁਕੀਆਂ। ਪਰ ਪਰਤ ਆਈਆਂ। ਖੜਾ ਪਾਣੀ ਸੜ ਗਿਆ। ਇਹ ਸੜਿਆਂਦ ਨੱਕ ਥਾਣੀ ਉਹਦੇ ਦਿਮਾਗ਼ ਵਿਚ



ਜਾ ਅੱਪੜੀ।

ਉਸਨੂੰ ਮਹਿਸੂਸ ਹੋਣ ਲੱਗਿਆ ਉਹ ਸੜਿਆਂਦ ਤੋਂ ਉੱਪਰ ਉੱਠ ਰਿਹੈ। ਉਸ ਦੇ ਅਧਿਆਪਕ ਨੇ ਸਿਰ ਤੇ ਹੱਥ ਰੱਖਿਆ। ਉਸ ਨੇ ਹੰਝੂ ਕੇਰੇ। ਲੋਕਾਂ ਆਖਿਆ ਇਹ ਕਵਿਤਾ ਹੈ। ਉਸ ਨੇ ਹਉਕੇ ਲਏ। ਲੋਕਾਂ ਆਖਿਆ ਇਹ ਕਹਾਣੀ ਹੈ। ਹੰਝੂਆਂ ਨੇ ਕੁਝ ਰੋੜ ਅੱਖਾਂ ਵਿਚੋਂ ਧੂਹ ਸੁੱਟੇ। ਸੜਿਆਂਦ ਹਉਕਿਆਂ ਨਾਲ ਘਟਨ ਲੱਗੀ। ਇਹ 'ਸੜਿਆਂਦ' ਲੋਕਾਂ ਨੂੰ ਪਸੰਦ ਸੀ। ਉਹ ਇਸ ਸੜਿਆਂਦ ਦੇ ਹੀ ਲੋਕ ਸਨ ਸ਼ਾਇਦ ਇਸ ਲਈ।

ਉਸ ਦੀਆਂ ਨਾਇਕਾਵਾਂ ਉਸ ਤੇ ਛਾਂ ਕਰਦੀਆਂ ਉਸ ਦੀ ਜਲਨ ਘੱਟਦੀ। ਉਸ ਦੇ ਨਾਇਕ ਉਸ ਕੋਲ ਬੈਠਦੇ ਉਹ ਹਉਕੇ ਭਰਦਾ...ਹੰਝੂ ਕੇਰਦਾ। ਉਸ ਦੇ ਨਾਇਕ, ਉਸ ਦੀਆਂ ਨਾਇਕਾਵਾਂ ਉਸ ਦੀ ਜਿੰਦ ਜਾਨ ਬਣ ਗਈਆਂ। ਖੁਸ਼ ਸੀ ਉਸ ਨੇ ਆਪਣੀ ਦੁਨੀਆਂ ਸਿਰਜ ਲਈ ਸੀ।

ਫੇਰ ਵੀ ਸੜਿਆਂਦ ਉਸ ਦਾ ਖਹਿੜਾ ਨਾ ਛੱਡਦੀ। ਉਸ ਨੂੰ ਕਿਸੇ ਕਲੀ ਦੀ ਤਲਾਸ਼ ਰਹਿਣ ਲੱਗੀ। ਸੜਿਆਂਦ ਦੀ ਥਾਂ ਜੇ ਉਸ ਨੂੰ ਕੁਝ ਮਹਿਕ ਮਿਲ ਜਾਵੇ। ਉਸ ਨੇ ਸਾਰੇ ਬਾਗ਼ ਫਰੋਲ ਸੁੱਟੇ। ਪਰ ਕੋਈ ਕਲੀ ਉਹਦੇ ਪਸੰਦ ਦੀ ਨਹੀਂ ਸੀ। ਡਰਦਾ ਸੀ ਕਿਤੇ ਨਾਜ਼ਕ ਕਲੀ ਉਸ ਦੀ ਤੱਪਸ਼ ਨਾਲ ਮੁਰਝਾ ਨਾ ਜਾਵੇ।

ਇਕ ਵਾਰ ਉਹ ਰੇਗਸਤਾਨ ਵੱਲ ਗਿਆ। ਕਿਸੇ ਅਜੀਬ ਕਿਸਮ ਦੀ ਖ਼ੁਸ਼ਬੋ ਨੇ ਉਸ ਨੂੰ ਕੀਲ ਲਿਆ। ਉਹ ਗਰਮ ਇਲਾਕੇ ਦੀ ਕਲੀ ਸੀ ਇਸ ਲਈ ਸ਼ਾਇਦ ਉਸ ਦੀ ਜਲਨ ਦਾ ਕੋਈ ਅਸਰ ਵੀ ਨਾ ਹੋਵੇ। ਹਰ ਵਾਰ ਕਲੀ ਨੂੰ ਉਹ ਨੀਝ ਨਾਲ ਤੱਕਦਾ। ਉਸ ਦੀ ਹਰ ਤੱਕਣੀ ਨਾਲ ਉਹ ਮਹਿਕ ਉੱਠਦੀ ; ਝੂਮਦੀ ਹੋਲੀ ਹੋਲੀ ਉਸ ਕਲੀ ਦੀ ਮਹਿਕ ਉਸ ਦੇ ਰੋਮ ਰੋਮ ਵਿਚ ਵੱਸ ਗਈ। ਹਰ ਵਾਰ ਉਹ ਕਲੀ ਕੋਲ ਪਲ ਭਰ ਬੈਠਣ ਲਈ ਤਾਂਘਦਾ। ਉਸ ਨਾਲ ਗੱਲਾਂ ਕਰਨ ਦੇ ਸੁਪਨੇ ਲੈਂਦਾ। ਪਰ ਕਦੀ ਉਹਦੇ ਹੋਂਠ ਨਾ ਖੁੱਲ੍ਹੇ। ਪਤਾ ਨਹੀਂ ਕਲੀ ਨੂੰ ਇਹਦੀ ਸਮਝ ਵੀ ਹੈ ਜਾਂ ਨਹੀਂ। ਜਦੋਂ ਵੀ ਕਦੇ ਉਹ ਕਲੀ ਵਲ ਵਧਿਆ ਝੱਖੜ ਉਹਦੇ ਦਿਮਾਗ਼ ਵਿਚ ਝੁੱਲਿਆ, ਉਹਦੇ ਦਿਮਾਗ਼ ਵਿਚ ਸੜਿਆਂਦ ਭਰੀ ਅਤੇ ਅੱਖਾਂ ਵਿਚਲੇ ਰੋੜ ਰੜਕੇ। ਉਸ ਦੀ ਮਹਿਕ ਸੜਿਆਂਦ ਵਿਚ ਵਟ ਜਾਏਗੀ ਅਤੇ ਉਹ ਨਾਜ਼ਕ ਜਿਹੀ ਚੀਜ਼ ਝੱਖੜ

ਵਿਚ ਕਿਧਰੇ ਰੁਲ ਜਾਏਗੀ। ਕਲੀ ਦੇ ਰਖਵਾਲੇ ਆਖਦੇ ਤੂੰ ਸਾਡੇ ਪਰਿਵਾਰ ਦਾ ਮੈਂਬਰ ਹੈ। ਉਹ ਸਮਝਦਾ ਸੀ ਕਿ ਕਲੀ ਉਸ ਦੇ ਬਹੁਤ ਨਜ਼ਦੀਕ ਹੈ। ਪਰ ਉਹ ਉਸ ਤੋਂ ਮੀਲਾਂ ਦੂਰ ਸੀ।

ਉਸ ਦਾ ਇਕ ਪੰਧ ਮੁੱਕਿਆ। ਜ਼ਿਹਨ ਵਿਚ ਮਹਿਕ ਭਰੀ ਉਹ ਰੇਗਸਤਾਨ ਤੋਂ ਸੈਂਕੜੇ ਮੀਲ ਦੂਰ ਤੁਰ ਗਿਆ। ਕਲੀ ਡਾਲੀ ਨਾਲ ਬੱਝੀ ਕੰਬਦੀ ਰਹੀ। ਉਹ ਬਿਨਾਂ ਕੁਝ ਕਹੇ ਤੁਰ ਪਿਆ।

ਰਾਤਾਂ ਉਸ ਦੀਆਂ ਬੇ-ਚੈਨ ਹੋ ਗਈਆਂ। ਅੱਧੀ ਅੱਧੀ ਰਾਤ ਨੂੰ ਉਹ ਤ੍ਰਬਕ ਉੱਠਦਾ। ਕਲੀ ਦੀਆਂ ਆਵਾਜ਼ਾਂ ਉਸ ਤਕ ਅੱਪੜਦੀਆਂ। ਉਸ ਦਾ ਅੰਗ ਅੰਗ ਮਹਿਕ ਜਾਂਦਾ। ਸ਼ਾਇਦ ਕਦੇ ਉਹ ਉਸ ਮਹਿਕ ਦੇ ਖ਼ਜ਼ਾਨੇ ਨੂੰ ਆਪਣੇ ਆਂਗਨ ਵਿਚ ਲਿਆ ਸਜਾਏਗਾ। ਕਦੀ ਕੰਬਦਾ। ਕਦੇ ਅੱਗੇ ਵਾਂਗ ਇਹ ਵੀ...? ਫੇਰ ਉਸ ਨੂੰ ਯਕੀਨ ਹੋ ਜਾਂਦਾ ਉਸ ਨਾਲ ਅੱਗੇ ਵਾਂਗ ਹੀ ਹੋਏਗੀ। ਕਦੇ ਉਸ ਨੇ ਉਸ ਦੀ ਮਹਿਕ ਨਹੀਂ ਮਾਣੀ, ਕਦੀ ਉਹਦੇ ਵੱਲ ਨੀਝ ਨਾਲ ਤੱਕਿਆ ਵੀ ਨਹੀਂ, ਭਾਵੇਂ ਕਲੀ ਹਰ ਵਾਰ ਉਸ ਤੇ ਅਧਿਕਾਰ ਜਮਾਉਣ ਦਾ ਯਤਨ ਕਰਦੀ ਸੀ।

ਹੁਣ ਜਿੱਥੇ ਉਹ ਰਹਿ ਰਿਹਾ ਸੀ ਇਥੇ ਸੈਂਕੜੇ ਰੰਗ ਬਰੰਗੇ ਬੁੱਤ ਸਨ। ਭੂਤਾਂ, ਪ੍ਰੇਤਾਂ ਅਤੇ ਕਦੀ ਕਦੀ ਦੇਵੀਆ ਦੇ ਝਉਲੇ ਉਸ ਨੂੰ ਪੈਂਦੇ। ਉਸ ਤੋਂ ਕੋਈ ਫ਼ੈਸਲਾ ਨਾ ਹੋਇਆ। ਹਰ ਬੁੱਤ ਤੋਂ ਉਹ ਦੂਰ ਹੀ ਰਿਹਾ। ਉਸ ਨੂੰ ਯਕੀਨ ਹੋ ਗਿਆ ਸੀ ਇਹ ਬੁੱਤ ਨਿਰੇ ਭੂਤ ਹਨ...ਜਦੋਂ ਵੀ ਇਧਰ ਹੱਥ ਵਧੇ ਉਸ ਦੇ ਅੰਗ ਟੇਡੇ ਹੋ ਜਾਣਗੇ।

ਕਈ ਦਿਨਾਂ ਤੋਂ ਉਸ ਨੂੰ ਮਹਿਸੂਸ ਹੋ ਰਿਹਾ ਸੀ ਬੁੱਤਾਂ ਤੋਂ ਦੂਰ ਰਹਿ ਕੇ ਉਸ ਨੇ ਠੀਕ ਨਹੀਂ ਕੀਤਾ। ਉਸ ਦੇ ਹਉਕੇ ਰੰਗ ਲਿਆਏ ਸਨ ਤੇ ਜਾਂ ਸ਼ਾਇਦ ਉਸ ਦੇ ਚੇਹਰੇ ਦੀ ਉਦਾਸੀ। ਇਕ ਬੁੱਤ ਉਸ ਦੇ ਕਾਫ਼ੀ ਨਜ਼ਦੀਕ ਆ ਗਿਆ ਸੀ। ਬੁੱਤ ਬਾਰੇ ਸੋਚ ਕੇ ਕਦੇ ਉਹ ਮਹਿਕ ਉੱਠਦਾ ਅਤੇ ਕਦੇ ਉਦਾਸੀ ਦੀਆਂ ਡੂੰਘੀਆਂ ਖੱਡਾਂ ਵਿਚ ਜਾ ਧੱਸਦਾ। ਇਹ ਬੁੱਤ ਉਹ ਕਦੇ ਵੀ ਹੱਥੋਂ ਨਹੀਂ ਗਵਾਏਗਾ। ਕਈ ਵਾਰ ਉਸ ਨੇ ਬੁੱਤ ਨਾਲ ਗੱਲਾਂ ਕੀਤੀਆਂ ਸਨ। ਬੁੱਤ ਦੇ ਮਧੁਰ ਸ਼ਬਦ ਉਹਦੇ ਜ਼ਿਹਨ ਵਿਚ ਉੱਕਰੇ ਗਏ। ਇਕ ਇਕ ਸ਼ਬਦ ਉਸ ਤੇ ਅੰਮ੍ਰਿਤ ਵਾਂਗ ਵਰ੍ਹਿਆ। ਜੇ ਉਹ ਇਸੇ ਤਰ੍ਹਾਂ ਵਰਸਦਾ ਰਿਹਾ



ਉਸ ਦੀ ਜਲਨ ਮੁੱਕ ਜਾਏਗੀ, ਅੱਖਾਂ ਦੇ ਰੋੜ ਵਹਿ ਤੁਰਨਗੇ ਅਤੇ ਸਾਰੀ ਸੜਿਆਂਦ ਮਹਿਕ ਉੱਠੇਗੀ। ਅੱਖਾਂ ਸ਼ਾਂਤੀ ਨਾਲ ਭਰ ਜਾਣਗੀਆਂ ਅਤੇ ਉਹ ਮੁੜ ਅੰਮ੍ਰਿਤ ਬਣ ਜਾਏਗਾ।

ਉਸ ਨੂੰ ਵਿਸ਼ਵਾਸ ਹੋ ਗਿਆ ਸੀ ਬੁੱਤ ਨੇ ਉਸਦੀ ਜਲਨ ਨੂੰ ਸਮਝ ਲਿਆ ਸੀ।

ਉਸ ਦੀ ਜਲਨ ਫੇਰ ਵਧ ਗਈ। ਰੋੜ ਫੇਰ ਰੜਕੇ। ਦਿਮਾਗ਼ ਮੁੜ ਸੜਿਆਂਦ ਨਾਲ ਭਰ ਗਿਆ।

ਕਈ ਦਿਨ ਉਸ ਨੇ ਬੁੱਤ ਨਾਲ ਗੱਲ ਨਾ ਕੀਤੀ।

ਅੱਜ ਫੇਰ ਗੱਲ ਤੋਰੇਗਾ। ਇਕ ਮਹੀਨੇ ਬਾਅਦ ਉਸ ਨੇ ਫ਼ੈਸਲਾ ਕੀਤਾ। ਕਈ ਘੰਟੇ ਬੁੱਤ ਕੋਲ ਬੈਠਾ ਰਿਹਾ। ਪਰ ਉਸ ਤੋਂ ਕੁਝ ਨਾ ਹੋਇਆ। ਬੋਝਲ ਪੈਰੀਂ ਕਮਰੇ ਵਿਚ ਪਰਤ ਆਇਆ।

ਉਸ ਦਾ ਇਹ ਪੰਧ ਵੀ ਮੁੱਕਣ ਵਾਲਾ ਸੀ। ਸਿਰਫ਼ ਗਿਣਵੇਂ ਦਿਨ ਬਾਕੀ ਸਨ। ਹੋਂਠ ਉਸ ਦੀ ਗੱਲ ਆਖਣ ਤੋਂ ਅਸਮਰਥ ਸਨ ਉਸ ਨੂੰ ਯਕੀਨ ਹੋ ਗਿਆ। ਦੋ ਚਾਰ ਸਤਰਾਂ ਝਰੀਟੀਆਂ। ਕਈ ਦਿਨ ਕਾਗ਼ਜ਼ ਦੇ ਟੁੱਕੜੇ ਨੂੰ ਜੇਬ ਵਿਚ ਪਾਈ ਘੁੰਮਦਾ ਰਿਹਾ। ਕਾਗ਼ਜ਼ ਘਸ ਕੇ ਫਟ ਗਿਆ।

'ਤੂੰ ਬਹੁਤ ਪਿਆਰੀ ਹੈਂ...ਮੇਰੀ ਭੈਣ ਵਾਂਗ...ਇਕ ਵਾਰ ਵੀਰ ਆਖ...' ਆਖ਼ਰ ਇਕ ਦਿਨ ਸਾਰੀ ਹਿੰਮਤ ਇਕੱਠੀ ਕਰ ਕੇ ਉਹ ਬੁੱਤ ਕੋਲ ਗਿੜਗੜਾਇਆ।

ਬੁੱਤ ਦੀਆਂ ਅੱਖਾਂ ਵਿਚੋਂ ਅੱਗ ਵਰਸੀ। ਉਹ ਕੰਬਿਆ। ਉਸ ਦੇ ਸਰੀਰ ਨੂੰ ਅੱਗ ਲਗ ਗਈ।

ਉਸ ਨੂੰ ਯਾਦ ਆਈ ਝੱਖੜ ਦੀ, ਵਰਸਦੀ ਬੱਦਲੀ ਦੀ ਅਤੇ ਸੜੇ ਪਾਣੀ ਦੀ। ਪਰ ਇਸ ਵਾਰ ਨਾ ਝੱਖੜ ਝੁੱਲਿਆ, ਨਾ ਬੱਦਲੀ ਵਰਸੀ ਤੇ ਨਾ ਪਾਣੀ ਹੀ ਸੜਿਆ। ਉਸ ਦਾ ਸਰੀਰ ਜਲਦਾ ਰਿਹਾ, ਜਲਦਾ ਅਤੇ ਬੱਸ ਜਲਦਾ ਰਿਹਾ।

ਜੋ ਬਾਕੀ ਬਚਿਆ ਹੈ, ਉਹ ਸੁਆਹ ਹੈ ਅਤੇ ਸੁਆਹ ਵੀ ਕੌੜੀ।

(1972)

## ਪਿਓ ਦਾ ਮੋਹ

ਕੰਡਿਆਲੀਆਂ ਝਾੜੀਆਂ ਨੇ ਉਹਦੇ ਸਰੀਰ ਨੂੰ ਲੀਰੋ ਲੀਰ ਕਰ ਦਿੱਤਾ ਸੀ। ਰਾਹ ਵਿਚ ਖਿੰਡੇ ਪੱਥਰਾਂ ਨਾਲ ਠੇਡੇ ਖਾ ਖਾ ਉਹਦੇ ਪੈਰਾਂ ਤੇ ਸੋਜ ਚੜ੍ਹ ਆਈ ਸੀ। ਉਸ ਦੀ ਮੰਜਿਲ ਕਾਫ਼ੀ ਦੂਰ ਸੀ ਅਤੇ ਉਸ ਦਾ ਤਰੇਹ ਨਾਲ ਸੁੱਕਿਆ ਗਲਾ ਉਸ ਨੂੰ ਜਵਾਬ ਦਿੰਦਾ ਜਾ ਰਿਹਾ ਸੀ।

ਪਰ ਉਸ ਦੇ ਕਦਮ ਡਿੱਗਦੇ ਢਹਿੰਦੇ ਅੱਗੇ ਵੱਲ ਵੱਧਦੇ ਰਹੇ। ਵਾਰ ਵਾਰ ਉਸ ਦਾ ਦਿਲ ਕਰਦਾ ਕਿ ਕਿਸੇ ਦਰਖਤ ਹੇਠ ਬੈਠ ਕੇ ਦੋ ਘੜੀ ਦਮ ਮਾਰ ਲਵੇ। ਪਰ ਉਸ ਪਿੱਛੇ ਦੌੜਦੇ ਪੁਲਿਸ ਦੇ ਘੋੜਿਆਂ ਦੀ ਟਾਪ ਬਰਾਬਰ ਉਹਦੇ ਕੰਨਾਂ ਵਿਚ ਗੂੰਜਦੀ। ਉਸ ਨੂੰ ਮਹਿਸੂਸ ਹੁੰਦਾ, ਉਸ ਦੀ ਦੋ ਮਿੰਟ ਦੀ ਘੌਲ ਉਸ ਨੂੰ ਫੇਰ ਉਥੇ ਹੀ ਪਹੁੰਚਾ ਦੇਵੇਗੀ, ਜਿਥੋਂ ਨੱਠਣ ਲਈ ਉਹਦੇ ਸਾਥੀਆਂ ਨੇ ਫੇਰ ਯਤਨ ਕੀਤੇ ਸਨ।

ਉਸ ਦਾ ਜੇਹਲ ਵਿਚੋਂ ਭੱਜਣਾ ਤਾਂ ਕਾਮਯਾਬ ਹੋ ਸਕਦਾ ਸੀ ਜੇ ਉਹ ਇਕ ਵਾਰ ਆਪਣੀ ਮੰਜ਼ਿਲ ਤੱਕ ਪਹੁੰਚ ਸਕੇ। ਉਸ ਦੇ ਪੰਜ ਹਜ਼ਾਰ ਹੜ-ਤਾਲੀਏ ਸਾਥੀਆਂ ਨੂੰ ਉਸ ਦੀ ਲੋੜ ਸੀ। ਇਕ ਦੋਸਤ ਨੇ ਦੱਸਿਆ ਸੀ, ਮਾਲਕ ਦੇ ਕੁਝ ਬੰਦੇ, ਜੇ ਉਹ ਕੁਝ ਦਿਨ ਹੋਰ ਲੇਟ ਹੋ ਗਿਆ, ਹੜਤਾਲ ਨੂੰ ਤੁੜਾ ਦੇਣਗੇ। ਮੇਹਰ ਅਤੇ ਮੁਹੰਮਦ ਵਿਚ ਅਨਬਣ ਹੋ ਗਈ ਸੀ। ਮਹਿੰਦਰ ਅਤੇ ਭਜਨ ਲੜ ਚੁੱਕੇ ਸਨ। ਉਸ ਦੇ ਬਿਨਾਂ ਕਈਆਂ ਦੀਆਂ ਨੌਕਰੀਆਂ



ਖੁਸ ਜਾਣੀਆਂ ਸਨ।

ਜੰਗਲ ਵਿਚ ਛਾਈ ਭਿਆਨਕ ਚੁੱਪ ਅਤੇ ਪੱਤਿਆਂ ਦੀ ਸ਼ਾਂ ਸ਼ਾਂ ਤੋਂ ਉਸ ਨੇ ਅੰਦਾਜ਼ਾ ਲਾ ਲਿਆ ਸੀ ਕਿ ਰਾਤ ਦਾ ਹਨੇਰਾ ਆਪਣੇ ਜੋਬਨ ਤੇ ਹੈ। ਜੰਗਲ ਵਿਚ ਰਹਿਣ ਦਾ ਉਸ ਦਾ ਪਹਿਲਾ ਦਿਨ ਸੀ। ਹੁਣ ਤੇ ਕਈ ਵਰ੍ਹਿਆਂ ਤੋਂ ਉਹ ਇਹਨਾਂ ਰਸਤਿਆਂ ਦਾ ਵਾਕਫ਼ ਸੀ।

ਬੋਹੜ ਦੀਆਂ ਜੜ੍ਹਾਂ ਤੱਕ ਅੱਪੜ ਕੇ ਉਹਦਾ ਦਿਲ ਢੇਰੀ ਹੋ ਗਿਆ। ਹਾਲੀਂ ਤਾਂ ਉਸ ਨੇ ਇਕ ਮੀਲ ਹੋਰ ਤੁਰਨਾ ਸੀ। ਕਈ ਵਿੰਗੇ ਟੇਢੇ, ਕੰਢਿਆਂ ਨਾਲ ਭਰੇ ਰਸਤੇ ਉਸ ਨੇ ਤਹਿ ਕਰਨੇ ਸਨ। ਉਸ ਦੇ ਸਰੀਰ ਵਿਚ ਸਿੰਮਦਾ ਲਹੂ ਨਿਕਾਰਾ ਹੋ ਚੁੱਕੀ ਖੱਬੀ ਬਾਂਹ ਤੇ ਸੱਜੀ ਲੱਤ ਤੇ ਉਗਿਆ ਫੋੜਾ ਉਸ ਦਾ ਸਾਥ ਛੱਡਣ ਤੋਂ ਮਜਬੂਰ ਦਿੱਸਦੇ ਸਨ।

ਦਰਖ਼ਤ ਨਾਲ ਪਿੱਠ ਲਾ ਕੇ ਉਹ ਬੈਠ ਗਿਆ, ਜਿਥੇ ਉਹ ਅਕਸਰ ਬੈਠਿਆ ਕਰਦੇ ਹਨ। ਮਹਿਫ਼ਲਾਂ ਵੀ ਲੱਗਦੀਆਂ ਸਨ, ਪਰ ਪਹਿਲਿਆਂ ਵਿਚੋਂ ਕਈ ਚਿਹਰੇ ਇਕ ਇਕ ਕਰਕੇ ਗੁੰਮ ਗਏ ਸਨ। ਪਹਿਲ਼ਾਂ ਉਹ, ਫੇਰ 'ਉਹ' ਅਤੇ ਫੇਰ 'ਉਹ' ਅਤੇ ਅਖੀਰ ਵਿਚ 'ਉਹ'। ਕਦੀ ਉਸ ਦਾ ਵੀ ਨੰਬਰ ਆ ਜਾਵੇਗਾ। ਉਹ ਸੋਚਣ ਲੱਗ ਪਿਆ।

ਕਿੰਨਾ ਚੰਗਾ ਹੁੰਦਾ ਜੇ ਉਹਦਾ ਪਿਉ ਜਿਊਂਦਾ ਹੁੰਦਾ। ਫੇਰ ਉਸ ਨੂੰ ਘਰ ਦਾ ਕੀ ਫ਼ਿਕਰ ਸੀ। ਉਸ ਨੇ ਸੁਣਿਆ ਸੀ, ਉਹਦੇ ਵੱਡੇ ਭਰਾ ਨੇ ਡਰਦੇ ਮਾਰੇ ਉਹਦੀ ਮਾਂ ਨੂੰ ਘਰੋਂ ਕੱਢ ਦਿੱਤਾ ਸੀ। ਕਈ ਵਾਰ ਪੁਲਿਸ ਥਾਣਾ ਦਿਖਾ ਲਿਆਈ ਸੀ। ਜੇ ਪਿਓ ਹੁੰਦਾ ਤਾਂ ਬੁੱਢੀ ਮਾਂ ਨੂੰ ਕਾਹਦਾ ਫ਼ਿਕਰ ਸੀ।

ਉਹਦਾ ਪਿਓ ਬੜਾ ਸਿਆਣਾ ਸੀ। ਉਸ ਦੀ ਮਾਂ ਦੱਸਦੀ ਸੀ ਅਤੇ ਉਸ ਨੂੰ ਆਪਣੀ ਮਾਂ ਤੇ ਪੂਰਾ ਯਕੀਨ ਸੀ। ਉਹ ਤਾਂ ਇਹ ਵੀ ਆਖਦੀ ਸੀ ਕਿ ਉਹ ਇਹਨੂੰ ਪੜ੍ਹਾਉਣਾ ਚਾਹੁੰਦਾ ਸੀ, ਜਿਥੋਂ ਤੱਕ ਵੀ ਉਹ ਪੜ੍ਹ ਸਕੇ। ਪਰ ਕੀ ਕਰਦਾ ਟੀ. ਬੀ. ਦੇ ਰੋਗ ਨੇ ਉਸ ਦਾ ਖਹਿੜਾ ਨਾ ਛੱਡਿਆ। ਉਹ ਆਪਣੇ ਸੁਪਨਿਆਂ ਨੂੰ ਦਿਲ ਵਿਚ ਸਮੇਟ ਕੇ ਤੁਰ ਗਿਆ, ਉਨ੍ਹਾਂ ਦੇ ਸਿਰਾਂ ਤੇ ਸਾਰੀ ਕਬੀਲਦਾਰੀ ਦਾ ਪਹਾੜ ਸੁੱਟ ਕੇ। ਉਨ੍ਹੀਂ ਦਿਨੀਂ ਤਾਂ ਉਹ ਸਿਰਫ ਪੰਜਾਂ ਸਾਲਾਂ ਦਾ ਸੀ।

ਉਸ ਦਿਨ ਜਦੋਂ ਉਹ ਪੰਦਰਾਂ ਸਾਲਾਂ ਦਾ ਸੀ ਤੇ ਜਵਾਨੀ ਉਸ ਤੇ

ਘੁਮਾ ਘੁਮਾ ਕੇ ਚੜ੍ਹੀ ਸੀ, ਜ਼ਿਲੇਦਾਰਾਂ ਦੀ ਕੁੜੀ ਤੇ ਉੱਠਦੇ ਤੂਫ਼ਾਨ ਨੇ ਉਸ ਨੂੰ ਆਪਣੇ ਵਿਚ ਉਲਝਾਇਆ। ਕੁੜੀ ਦਾ ਉਹਦੇ ਨਾਲ ਕਾਲਜ ਜਾਣਾ ਤੇ ਰਾਹ ਵਿਚ ਕੋਈ ਨਿੱਕੀ ਮੋਟੀ ਗੱਲ ਛੇੜ ਕੇ ਹੱਸ ਛੱਡਣਾ ਉਸ ਨੂੰ ਬਹੁਤ ਚੰਗਾ ਲੱਗਿਆ। ਉਸ ਦੀਆਂ ਗੱਲਾਂ, ਉਸ ਦਾ ਹੁਸਨ ਤੇ ਫੇਰ ਉਸ ਦਾ ਸਭ ਕੁਝ ਹੀ।

ਪਰ ਕਿੱਥੇ ਚੰਦ ਤੇ ਕਿੱਥੇ ਚਕੋਰ। ਕਿੱਥੇ ਜ਼ਿਲੇਦਾਰਾਂ ਦੀ ਕੁੜੀ, ਜਿਹਦੇ ਕਾਰਾਂ ਦੀ ਘੂਕਰ ਤੇ ਕਿੱਥੇ ਉਹ ਸਿਆੜਾਂ ਦਾ ਮਾਲਕ। ਚੌਥੇ ਦਿਨ ਮਾਲਕਾਂ ਦੀ ਝਿੜਕ ਪੈ ਗਈ।

'ਕੁੜੀ ਵੱਨੀ ਤੱਕਿਆ ਤਾਂ ਅੱਖਾਂ ਕੱਢ ਦਿਆਂਗੇ।' ਉਸ ਨੇ ਸਹਿਮ ਕੇ ਗੱਲ ਸੁਣੀ, ਵਿਚਾਰ ਕੀਤਾ। ਮੁੜ ਕਦੇ ਉਹਦੀ ਹਿੰਮਤ ਨ ਪਈ।

ਇਕ ਸ਼ਾਮ ਜਦੋਂ ਉਹ ਮਿੱਟੀ ਨਾਲ ਹੱਡ ਰੋਲ ਕੇ ਥੱਕਿਆ ਖੜਾ ਸੀ, ਉਸ ਨੇ ਦੇਖਿਆ ਜ਼ਿਲੇਦਾਰ ਦੀ ਕੁੜੀ ਨੂੰ ਧੂੜ ਮਚਾਉਂਦੀਆਂ ਕਾਰਾਂ ਲੈ ਚੱਲੀਆਂ ਸਨ। ਉਸ ਦੇ ਚਿਹਰੇ ਤੇ ਗੁੱਸੇ, ਹਿਰਖ ਅਤੇ ਰੋਹ ਦੀ ਲਾਲੀ ਚਮਕੀ ਤੇ ਉਡਦੀ ਧੂੜ ਵਿਚ ਮੱਧਮ ਪੈ ਗਈ। ਰੋਣ-ਹਾਕਾ ਹੋ ਕੇ ਉਹ ਨਿੰਮ ਹੇਠਾਂ ਜਾ ਪਿਆ ਉਸ ਦੇ ਰੋਮ ਰੋਮ ਵਿਚ ਤ੍ਰਾਟਾਂ ਪੈ ਰਹੀਆਂ ਸਨ। ਸਿਮਦੇ ਹੰਝੂਆਂ ਨਾਲ ਉਸ ਅੱਖਾਂ ਮੀਟੀਆਂ। ਬਾਪੂ ਦੀ ਅਣਹੋਂਦ ਵਿਚ ਉਹਨੇ ਆਪਣੇ ਅਰਮਾਨ, ਆਪਣੀਆਂ ਖਾਹਸ਼ਾਂ ਤੇ ਆਪਣੇ ਹੌਕੇ ਆਪਣੇ ਮਨ ਅੰਦਰ ਦਬਾ ਲਏ ਸਨ। ਜੇ ਕਿਧਰੇ ਪਿਓ ਹੁੰਦਾ ਤਾਂ ਕੀ ਮਜਾਲ ਸੀ ਇਨ੍ਹਾਂ ਜ਼ਿਲੇਦਾਰਾਂ ਦੀ ਉਸ ਨੂੰ ਆਖ ਜਾਂਦੇ ਜੋ ਉਨ੍ਹਾਂ ਆਖਿਆ ਸੀ।

'ਇਹ ਕੰਮ ਮਾੜੇ ਪੁੱਤਰ। ਅੱਗ ਦਾ ਪਾਣੀ ਨਾਲ ਕੀ ਮੇਲ। ਆਪਣੇ ਕੰਮ ਤੇ ਦਿਲ ਰੱਖ। ਛੱਡ, ਇਹ ਗੱਲਾਂ ਤੈਨੂੰ ਸੋਭਦੀਆਂ ਨਹੀਂ।' ਉਸ ਦੇ ਪਿਓ ਨੇ ਸੁਪਨੇ ਵਿਚ ਥਾਪੀ ਦੇ ਕੇ ਉਸ ਨੂੰ ਸਮਝਾਇਆ ਸੀ।

ਉਸ ਨੂੰ ਯਕੀਨ ਸੀ, ਉਸ ਦਾ ਪਿਓ ਬੜਾ ਸਿਆਣਾ ਸੀ। ਮੁੜ ਅੱਜ ਤੱਕ ਉਸ ਨੇ ਕੁੜੀ ਬਾਰੇ ਨਹੀਂ ਸੀ ਸੋਚਿਆ। ਉਂਵ ਨੀ ਉਸ ਨੂੰ ਆਪਣੇ ਮੋਏ ਪਿਓ ਨਾਲ ਕੁਝ ਜ਼ਿਆਦਾ ਮੋਹ ਸੀ।

ਉਸ ਨੂੰ ਦੁੱਖ ਹੁੰਦਾ। ਜੇ ਉਸਦਾ ਪਿਓ ਹੁੰਦਾ, ਉਸਨੂੰ ਕਿੰਨਾ ਸਿਆਣਾ ਬਣਾ ਦਿੰਦਾ। ਲੋਕਾਂ ਦੇ ਪਿਓ ਮੁੰਡਿਆਂ ਨੂੰ ਕਿੰਨੀਆਂ ਕਿੰਨੀਆਂ ਗੱਲਾਂ



ਸਮਝਾਉਂਦੇ ਨੇ। ਕਦੇ ਕੰਮ ਵੀ ਨਹੀਂ ਕਰਨ ਦਿੰਦੇ। ਤੇ ਉਸਨੂੰ ਪੰਦਰਾਂ ਸਾਲਾਂ ਦੀ ਉਮਰ ਤੋਂ ਹੀ ਹਲਾਂ ਦੇ ਤੇਜ਼ ਚੋਆਂ ਨਾਲ ਗਿੱਟੇ ਤੁੜਾਉਣੇ ਪੈ ਰਹੇ ਸਨ।

ਉਸਨੂੰ ਫੇਰ ਹੌਂਸਲਾ ਹੋ ਗਿਆ, ਉਸ ਦਾ ਪਿਓ ਮਰਿਆ ਨਹੀਂ। ਉਸਦੀ ਆਤਮਾ ਜੀਉਂਦੀ ਹੈ। ਉਸ 'ਤੇ ਔਕੜ ਆਉਂਦੀ ਹੈ, ਉਹ ਜਦੋਂ ਉਸਨੂੰ ਯਾਦ ਕਰਦਾ ਉਹ ਉਸਦੀ ਪਿੱਠ ਥਾਪੜ ਜਾਂਦਾ।

ਕਾਲਜ ਦੀ ਪੜ੍ਹਾਈ ਸਿਰੇ ਚੜ੍ਹਾਉਣੀ ਉਹਨੂੰ ਔਖੀ ਹੋ ਗਈ। ਪਿੰਡ ਦੇ ਨਾਲ ਕਾਲਜ ਲੱਗਦਾ ਸੀ। ਬਹੁਤੇ ਰੁਪਏ ਵੀ ਖਰਚ ਨਹੀਂ ਸੀ ਆਉਂਦੇ। ਵੀਹ, ਪੰਜਾਹ। ਪਰ ਹਰ ਵਾਰ ਇਸ ਪਹਾੜੀ ਜਿੱਡੇ ਖਰਚ ਦਾ ਪ੍ਰਬੰਧ ਉਸ ਤੋਂ ਹੋ ਨਾ ਸਕਦਾ। ਆਪਣੀ ਡਿਗਰੀ ਦੇ ਆਖਰੀ ਵਰ੍ਹੇ ਤਾਂ ਉਹ ਆਪਣੀ ਪੜ੍ਹਾਈ ਨੂੰ ਇਕ ਸਾਲ ਅੱਗੇ ਪਾਉਣ ਲਈ ਮਜਬੂਰ ਹੋ ਗਿਆ। ਆਖਰ ਪੰਦਰਾਂ ਦਿਨਾਂ ਦੀ ਭੱਜ ਨੱਠ ਤੋਂ ਬਾਅਦ ਉਸ ਤੋਂ ਕੋਈ ਪ੍ਰਬੰਧ ਵੀ ਤਾਂ ਨਹੀਂ ਸੀ ਹੋ ਸਕਿਆ। ਫੇਰ ਕਿਤਾਬਾਂ ਵਿਚੋਂ ਵੀ ਉਸਨੂੰ ਝੂਠ ਤੂਫਾਨ ਤੋਂ ਬਿਨਾਂ ਕੁਝ ਲੱਭਣਾ ਨਹੀਂ ਸੀ। ਦਸਾਂ ਸਾਲਾਂ ਵਿਚ ਮੁਫ਼ਤ ਸਿਖਿਆ, ਪ੍ਰੌੜ ਜਮਾਤ ਨੂੰ ਤਕਨੀਕੀ ਤੇ ਸਿਹਤ ਸਿਖਿਆ। ਪਰ ਉਸ ਦਾ ਪਿਓ ਟੀ. ਬੀ. ਤੇ ਉਨ੍ਹਾਂ ਹੀ ਹਲਾਂ ਨਾਲ ਟੱਕਰਾਂ ਮਾਰ ਮਾਰ ਕੇ ਮਰਿਆ ਸੀ। ਪਰ ਪੰਜੀ ਸਾਲਾਂ ਬਾਅਦ ਵੀ ਤਿੰਨ ਚੌਥਾਈ ਲੋਕ ਅਨਪੜ੍ਹ ਸਨ ਤੇ ਸਿਖਿਆ ਮੌਤ ਨਾਲੋਂ ਮਹਿੰਗੀ ਸੀ।

ਉਸ ਰਾਤ ਵੀ ਉਹ ਬੇ-ਚੈਨ ਸੀ। ਉਸ ਦੀ ਮਾਂ ਆਖਦੀ ਸੀ, ਉਸਦਾ ਪਿਓ ਉਸਨੂੰ ਵਧੋਂ ਵੱਧ ਪੜ੍ਹਾਉਣਾ ਚਾਹੁੰਦਾ ਸੀ, ਜਿਥੋਂ ਤੱਕ ਉਹ ਪੜ੍ਹ ਸਕੇ। ਉਹ ਪੜ੍ਹ ਸਕਦਾ ਸੀ ਜਿਥੋਂ ਤਕ ਉਸਨੂੰ ਪੜ੍ਹਾਇਆ ਜਾ ਸਕੇ। ਪਰ ਇਹ ਦਾਖਲੇ, ਇਹ ਫੀਸਾਂ, ਤੇ ਇਹ ਚੰਦੇ ਉਸਦੇ ਵੱਸ ਦਾ ਰੋਗ ਨਹੀਂ ਸਨ। ਉਸ ਦਾ ਪਿਓ ਹੁੰਦਾ ਕੁਝ ਤਾਂ ਮਦਦ ਕਰਦਾ...। ਉਸਨੂੰ ਤੇ ਕੋਈ ਉਧਾਰ ਵੀ ਨਹੀਂ ਸੀ ਦਿੰਦਾ। ਨਜ਼ਦੀਕੀ ਕਹਾਉਂਦੇ ਦੋਸਤ ਵੀ ਮੁੱਖ ਮੋੜ ਲੈਂਦੇ। ਹੁਣ ਉਹ ਆਪਣੇ ਪਿਓ ਦੀ ਆਸ ਤੇ ਚਾਰ ਚੰਨ ਲਾਉਣ ਲਈ ਮਜਬੂਰ ਸੀ।

'ਇਹ ਕੰਮ ਬਹੁਤਾ ਮਾੜਾ। ਹੁਣ ਤੂੰ ਜਿੱਤੀ ਬਾਜ਼ੀ ਕਿਉਂ ਹਾਰਦੈਂ। ਕਿਤੋਂ ਕਰ ਲੈ ਇੰਤਜ਼ਾਮ। ਇਕ ਵਾਰ ਦਾ ਖੁੰਝਿਆਂ ਸਮਾਂ ਮੁੜ ਹੱਥ ਨੀਂ

ਆਉਣਾ।' ਗੋਦ ਵਿਚ ਲੈ ਕੇ ਉਸਦਾ ਪਿਓ ਉਸਨੂੰ ਸਮਝਾ ਰਿਹਾ ਸੀ।

ਔਖੇ ਸੌਖੇ ਉਸਨੇ ਕਾਲਜ ਦੀ ਪੜ੍ਹਾਈ ਮੁਕਾਈ। ਉਸ ਨੂੰ ਯਕੀਨ ਸੀ, ਉਸ ਦਾ ਪਿਓ ਸਿਆਣਾ ਸੀ। ਉਂਝ ਵੀ ਉਸ ਨੂੰ ਆਪਣ ਮੋਏ ਪਿਓ ਨਾਲ ਕੁਝ ਜ਼ਿਆਦਾ ਹੀ ਮੋਹ ਸੀ।

ਪਰ ਜਿਹਾ ਅਨਪੜ੍ਹ ਤੇਹਾ ਪੜ੍ਹਿਆ ਲਿਖਿਆ। ਡਿਗਰੀ ਚੁੱਕੀ ਉਹ ਗਲੀ ਗਲੀ ਘੁੰਮਦਾ ਰਿਹਾ। ਠੋਹਕਰਾਂ ਤੋਂ ਬਿਨਾਂ ਕਦੇ ਵੀ ਉਸਨੂੰ ਕੁਝ ਨਸੀਬ ਨਾ ਹੋਇਆ। ਉਹ ਕਿਸੇ ਪਾਸੇ ਦਾ ਵੀ ਨਹੀਂ ਸੀ ਰਿਹਾ। ਵੱਡਾ ਭਰਾ ਵਾਰ ਵਾਰ ਮਜਬੂਰ ਕਰਦਾ ਕਿੱਧਰੇ ਓਹ ਲੱਗੇ, ਘਰੇ ਸੁੱਖ ਦਾ ਸਾਹ ਆਵੇ, ਦੋ ਸਿਆੜ ਜ਼ਮੀਨ ਵਿਚੋਂ ਕਿੱਥੇ ਡੰਗ ਟੱਪਦਾ ਸੀ। ਕਬੀਲਦਾਰੀ ਵੱਧਦੀ ਜਾ ਰਹੀ ਸੀ।

ਸੜਕਾਂ ਮਿਣਦੇ ਮਿਣਦੇ ਉਸਨੂੰ ਕਿਸੇ ਨਵੇਂ ਰਾਹ ਦਾ ਝਉਲਾ ਪਿਆ। ਉਸ ਨੂੰ ਦਿਖ ਰਿਹਾ ਸੀ ਇਹ ਰਾਹ ਕੋਈ ਫੁੱਲਾਂ ਦੀ ਸੇਜ ਨਹੀਂ। ਕੰਡੇ, ਪੱਥਰ ਅਤੇ ਭਿਆਨਕ ਜਾਨਵਰ ਇਸਦੇ ਰਾਹਾਂ ਵਿਚ ਬਿਖਰੇ ਹੋਏ ਸਨ। ਪਰ ਉਸ ਰਸਤੇ ਦੇ ਪਾਰ ਵਸਦੀ ਮੰਜ਼ਿਲ ਕੁਝ ਸੁਖਾਵੀਂ ਸੀ। ਉਸ ਨੂੰ ਜ਼ਿੰਦਗੀ ਦੀਆਂ ਠੋਹਕਰਾਂ ਤੋਂ ਯਕੀਨ ਹੋ ਗਿਆ ਸੀ ਇਸ ਨਰਕ ਨਾਲੋਂ ਤਾਂ ਇਨ੍ਹਾਂ ਰਾਹਾਂ ਤੇ ਚਲਨਾ ਕਿਤੇ ਆਸਾਨ ਹੋਵੇਗਾ। ਤੇ ਉਹ ਦਿਲ ਵਿਚ ਕੋਈ ਚਿਣਗ ਲੈ ਕੇ ਨੰਗੇ ਪੈਰੀਂ ਹੀ ਉਸ ਰਸਤੇ ਤੇ ਕਿਸੇ ਜਾਣੀ-ਪਹਿਚਾਣੀ ਮੰਜ਼ਲ ਵਲ ਤੁਰ ਪਿਆ।

ਇਸ ਕੰਡਿਆਲੇ ਰਸਤੇ ਤੇ ਤੁਰਿਆਂ ਕਈ ਸਾਲ ਬੀਤ ਚੁਕੇ ਸਨ। ਕਈ ਰੰਗ ਉਸਨੇ ਵੇਖੇ। ਕਈ ਕੁੱਤੇ ਉਸ ਤੇ ਭੌਂਕੇ ਤੇ ਕਈ ਹੋਰਾਂ ਨੇ ਲਾਡ ਨਾਲ ਉਹਦੇ ਪੈਰ ਚੁੰਮੇ। ਕਈਆਂ ਨੇ ਉਹਨੂੰ ਘੁਟ ਘੁਟ ਜੱਫੀਆਂ ਪਾਈਆਂ ਅਤੇ ਕਈਆਂ ਨੇ ਕੋੜੇ ਮਾਰੇ। ਪਰ ਲਾਡ ਵਾਲੇ ਅਤੇ ਜੱਫੀਆਂ ਵਾਲਿਆਂ ਦੇ ਸਹਾਰੇ ਉਹ ਅਡੋਲ ਤੁਰਦਾ ਰਿਹਾ।

ਗੰਦੀਆਂ ਬਸਤੀਆਂ ਦੇ ਮਜ਼ਦੂਰ, ਦਬੇ ਪਿਟੇ ਕਿਸਾਨ, ਦਫ਼ਤਰਾਂ ਦੇ ਫੋਰਥ ਕਲਾਸ ਬਾਬੂ ਤੇ ਚਪੜਾਸੀ ਅਤੇ ਕਾਲਜਾਂ ਦੇ ਵਿਦਿਆਰਥੀ ਸਭ ਦੇ ਸਭ ਉਸ ਦੇ ਨਿਘੇ ਸਾਥੀ ਸਨ। ਸੁਬ੍ਹਾ ਉਹ ਕੁੱਲੀਆਂ 'ਚੋਂ ਨਿਕਲਦਾ, ਦੁਪਹਿਰੀਂ ਵਿਦਿਆਰਥੀਆਂ 'ਚ ਪੁਜਦਾ ਤੇ ਰਾਤੀਂ ਕਿਸਾਨਾਂ, ਬਾਬੂਆਂ ਤੇ ਚਪੜਾਸੀਆਂ ਦੇ ਘਰ। ਉਨ੍ਹਾਂ ਦੇ ਦੁਖ, ਉਨ੍ਹਾਂ ਦੇ ਹਾਸੇ, ਉਸ ਦੇ ਆਪਣੇ ਦੁਖ,



ਆਪਣੇ ਹਾਸੇ ਬਣ ਗਏ। ਕਈ ਵਾਰ ਵਾਰੰਟ ਕੱਟੇ, ਕੈਦਾਂ ਹੋਈਆਂ—ਪਰ ਉਹ ਅਡੋਲ ਸੀ ਤੇ ਆਪਣੇ ਰਾਹ 'ਤੇ ਅਡੋਲ ਤੁਰਦਾ ਰਿਹਾ।

ਹੁਣ ਵੀ ਉਨ੍ਹਾਂ ਦਾ ਹੀ ਪਿਆਰ ਉਸਨੂੰ ਜੇਲੋਂ ਭਜਾ ਲਿਆਇਆ ਸੀ।

ਉਹ ਸੂਰਜ ਛੁਪਦੇ ਨਾਲ ਹੀ ਜੇਲੋਂ ਭੱਜ ਆਇਆ ਸੀ। ਅਤੇ ਹੁਣ ਤੱਕ ਭੱਜਾ ਆ ਰਿਹਾ ਸੀ। ਉਸਦੇ ਭੱਜਦਿਆਂ ਹੀ ਸਾਰੇ ਥਾਣੇ ਵਿਚ ਸੀਟੀਆਂ ਗੂੰਜ ਪਈਆਂ ਸਨ। ਪਰ ਕਈ ਸਾਥੀਆਂ ਦੇ ਸਹਾਰੇ ਉਹ ਜੰਗਲ ਵਿਚ ਪਹੁੰਚਣ ਤੱਕ ਸਫਲ ਹੋ ਗਿਆ ਸੀ।

ਜੰਗਲ ਵਿਚ ਚੱਲ ਰਹੀ ਠੰਡੀ ਹਵਾ ਨਾਲ ਨੀਂਦ ਦੇ ਹਲੋਰੇ ਉਸਨੂੰ ਆਉਣ ਲੱਗੇ।

ਪਰ ਉਹ ਸਉਣਾ ਨਹੀਂ ਸੀ ਚਾਹੁੰਦਾ। ਆਪਣੀ ਮੰਜ਼ਿਲ ਤੱਕ ਪਹੁੰਚਣ ਤੱਕ ਸਫ਼ਲ ਹੋ ਗਿਆ ਸੀ।

ਉਸ ਨੇ ਖੜਾ ਰਹਿਣ ਦਾ ਯਤਨ ਕੀਤਾ। ਪਰ ਝਾੜੀਆਂ ਨਾਲ ਜ਼ਖ਼ਮੀ ਹੋਏ ਸਰੀਰ ਵਿਚ ਉਠਦੀਆਂ ਤ੍ਰਾਟਾਂ ਨੇ ਉਸ ਨੂੰ ਟਿੰਝ ਨਾ ਕਰਨ ਦਿਤਾ।

ਉਸ ਨੂੰ ਖਿਆਲ ਆਇਆ ਉਸਨੇ ਇਹ ਰਾਹ ਅਪਣਾ ਕੇ ਚੰਗਾ ਨਹੀਂ ਕੀਤਾ। 'ਉਸ' ਨੇ ਕੀ ਖਟਿਆ। ਉਸ ਨੇ ਜਾਨ ਦੇ ਦਿੱਤੀ। 'ਉਸ' ਦੀ ਮਾਂ ਮੇਰੇ ਕੋਲ ਕਿੰਨਾਂ ਰੋਈ ਸੀ। ਅਤੇ 'ਉਸ' ਦੀ ਭੈਣ ਦਾ ਪੁਲਿਸ ਨੇ ਕੀ ਹਾਲ ਕੀਤਾ ਸੀ। ਉਸ ਦੇ ਖੇਤ ਉਜਾੜ ਦਿੱਤੇ ਸਨ।

ਮੇਰੀ ਮਾਂ...? ਘਰੋਂ ਬਾਹਰ...ਪੁਲਿਸ ਜੋ ਇੰਨੀ ਜ਼ਾਲਮ ਹੈ...। ਮੈਂ ਠੀਕ ਨਹੀਂ ਕੀਤਾ...। ਪਰ ਹੁਣ ਕੀ ਹੋ ਸਕਦੈ...ਪੁਲਿਸ ਉਸਦਾ ਖਹਿੜਾ ਨਹੀਂ ਛਡੇਗੀ...ਠੀਕ ਉਹ ਇਹ ਰਾਹ ਛਡ ਦੇਵੇਗਾ।

ਆਪਣੀ ਮਾਂ, ਵੱਡਾ ਭਰਾ, ਨਿੱਕੇ ਨਿੱਕੇ ਭਤੀਜੇ...ਕੀ ਕੁਝ ਸੀ ਜੋ ਉਹਨੂੰ ਯਾਦ ਆਉਣ ਲਗਿਆ। ਤਿੰਨ ਸਾਲਾਂ ਤੋਂ ਉਹ ਘਰੋਂ ਫਰਾਰ ਹੋਇਆ ਹੋਇਆ ਸੀ। ਪੁਲਿਸ ਦੀਆਂ ਮਾਰਾਂ, ਜੰਗਲ ਦੀਆਂ ਬੇ-ਅਰਾਮ ਰਾਤਾਂ ਅਤੇ ਕਈ ਕਈ ਮੀਲ ਦੇ ਕੰਢਿਆਲੇ ਸਫਰ ਸਭ ਦੇ ਸਭ ਉਸਨੂੰ ਅਕਾਉਣ ਲਗੇ। ਜੇ ਕਦੇ ਠੀਕ ਲਗਿਆ ਉਹ ਇਸ ਰਾਹ ਨੂੰ ਛੱਡਣ ਦਾ ਯਤਨ ਕਰੇਗਾ।

ਬੋਹੜ ਨਾਲ ਪਿੱਠ ਲਾਈ ਬੈਠਾ ਉਹ ਸੋਚਦਾ ਰਿਹਾ।

ਜੰਗਲ ਵਿਚ ਵਗ ਰਹੀ ਹਵਾ ਉਸ ਨੂੰ ਮਜਬੂਰ ਕਰ ਰਹੀ ਸੀ ਉਹ ਦੋ

ਗਿਆ ਸੀ ਉਸਦੇ ਮਰਨ ਦੀ ਖੁਸ਼ੀ ਵਿਚ ਪੈਸੇ, ਛੁਹਾਰ, ਖਿਲਾਂ ਤੇ ਹੋਰ ਨਿੱਕ-ਸੁੱਕ ਸੁਟਿਆ ਜਾ ਰਿਹਾ ਸੀ। ਪੈਸਿਆਂ ਦੀ ਇਸ ਤਰ੍ਹਾਂ ਹੋ ਰਹੀ ਵਾਛੜ ਨੂੰ ਦੇਖ ਕੇ ਰਾਮੂ ਉਥੇ ਹੀ ਖੜੋ ਗਿਆ। ਉਸਨੇ ਵੇਖਿਆ ਕਿ ਕਿੰਨ੍ਹੇ ਹੀ ਬੱਚੇ ਤੇ ਇਸਤਰੀਆਂ ਉਨ੍ਹਾਂ ਡਿਗ ਰਹੇ ਪੈਸਿਆਂ ਨੂੰ ਚੁਕ ਚੁਕ ਆਪਣੀਆਂ ਜੇਬਾਂ ਵਿਚ ਠੋਸ ਰਹੇ ਸਨ। ਉਨ੍ਹਾਂ ਨੂੰ ਵੇਖ ਕੇ ਉਹ ਆਪਣਾ ਕੈਦਾ ਭੁਲ ਗਿਆ ਤੇ ਉਸ ਅਰਥੀ ਪਿਛੇ ਹੋ ਗਿਆ।

'ਆਹਾ ਪੰਜੀ!' ਅਰਥੀ ਹੇਠਾਂ ਦੀ ਲੰਘ ਕੇ ਖੁਸ਼ੀ ਨਾਲ ਚਿਲਾਉਂਦੇ ਰਾਮੂ ਨੇ ਪੰਜੀ ਚੁਕ ਲਈ। ਪੰਜੀ ਚੁਕ ਕੇ ਖੀਸੇ ਵਿਚ ਪਾ ਲਈ ਤੇ ਖੀਸੇ ਨੂੰ ਗੱਠ ਦੇ ਲਈ। ਕਿਤੇ ਪੰਜੀ ਗਿਰ ਨਾ ਜਾਏ ਉਸ ਨੂੰ ਡਰ ਸੀ। ਫਿਰ ਉਸ ਦੀਆਂ ਨਿਗਾਹਾਂ ਅਰਥੀ ਵਲੋਂ ਆ ਰਹੀ ਪੈਸਿਆਂ ਦੀ ਮੁੱਠ ਵਲ ਟਿਕ ਗਈਆਂ ਇਕ ਮੁੱਠੀ ਆਈ ਤੇ ਰਾਮੂ ਦੇ ਕਿਸੇ ਸਿੱਕੇ ਕੋਲ ਪਹੁੰਚਣ ਤੋਂ ਪਹਿਲਾਂ ਹੀ ਚੁਕੀ ਗਈ। ਨਿਰਾਸ਼ ਮਨ ਨਾਲ ਉਹ ਅਗਲੀ ਮੁੱਠ ਦੀ ਉਡੀਕ ਕਰਨ ਲੱਗ ਪਿਆ।

ਅਰਥੀ ਲਗ ਭਗ ਸ਼ਮਸ਼ਾਨ ਭੂਮੀ ਦੇ ਨਜ਼ਦੀਕ ਪਹੁੰਚ ਚੁਕੀ ਸੀ। ਇਹ ਵੇਖਕੇ ਰਾਮੂ ਨੂੰ ਚਿੰਤਾ ਮਹਿਸੂਸ ਹੋਣ ਲੱਗੀ। ਇੰਨੇ ਵਿਚ ਇਕ ਪੈਸਿਆਂ ਦੀ ਮੁੱਠ ਆਈ ਤੇ ਉਹ ਉਧਰ ਵਲ ਨੱਠ ਤੁਰਿਆ ਅਗਾਂਹ ਇਕ ਦਸੀ ਚਮਕ ਰਹੀ ਸੀ ਤੇ ਉਥੇ ਕਿੰਨੇ ਹੋਰ ਨਿਗਾਹ ਲਾਈ ਦੌੜੇ ਆ ਰਹੇ ਸਨ। ਰਾਮੂ ਨੇ ਦਸੀ ਉਪਰ ਗਿਰ ਕੇ ਉਸਨੇ ਉਹ ਦਸੀ ਚੁਕ ਲਈ ਇਸ ਤੋਂ ਪਹਿਲਾਂ ਕਿ ਉਹ ਉਠਕੇ . ਖੜਾ ਹੁੰਦਾ ਉਸੇ ਦਸੀ ਤੇ ਆਸ ਲਾਈ ਬੈਠੇ ਸਭ ਉਸ ਉਪਰ ਗਿਰ ਗਏ। ਰਾਮੂ ਹੇਠਾਂ ਦਬ ਗਿਆ। ਉਸਦਾ ਸਾਹ ਘੁਟਨ ਲੱਗ ਪਿਆ। ਕੂਹਣੀਆਂ ਤੇ ਗੋਡਿਆਂ ਤੇ ਰਗੜਾਂ ਲੱਗ ਗਈਆਂ। ਇਸੇ ਪੀੜ ਵਿਚ ਉਸ ਨੂੰ ਪਤਾ ਵੀ ਨਾ ਲੱਗਿਆ ਕਦੋਂ ਉਸਦੇ ਹਥੋਂ ਦਸ ਪੈਸੇ ਦਾ ਸਿੱਕਾ ਨਿਕਲ ਗਿਆ।

ਇਕ ਅਰਥੀ ਵਾਲੇ ਨੇ ਮਸਾਂ ਰਾਮੂ ਨੂੰ ਹੇਠੋਂ ਕਢਿਆ। ਜਦੋਂ ਉਹ ਸੱਟਾਂ ਖਾ ਕੇ ਖੜਾ ਹੋਇਆ ਤਾਂ ਉਸਦੇ ਹਥੋਂ ਦਸੀ ਤਾਂ ਗਿਰੀ ਹੀ ਪੰਜੀ ਵੀ ਗਾਇਬ ਸੀ। ਉਸ਼ਦਾ ਪਾਟਿਆ ਕੁੜਤਾ ਕਿਸੇ ਨੇ ਹੋਰ ਪਾੜ ਦਿਤਾ ਸੀ ਤੇ ਖੀਸਾ ਪਤਾ ਨਹੀਂ ਕਿਧਰ ਗਾਇਬ ਸੀ। ਲੱਗੀਆਂ ਰਗੜਾਂ ਵਿਚੋਂ ਲਹੂ ਸਿਮ



ਪਿਆ ਸੀ। ਆਪਣੀ ਖੋਈ ਪੰਜੀ, ਲੱਗੀਆਂ ਸੱਟਾਂ ਤੇ ਪਾਟੇ ਕੁਰਤੇ ਨੂੰ ਵੇਖ ਕੇ ਰਾਮੂ ਦੀਆਂ ਅੱਖਾਂ ਵਿਚੋਂ ਪਾਣੀ ਨਿਕਲ ਆਇਆ। ਫਿਰ ਉਹ ਰੋਣ ਲੱਗ ਪਿਆ। ਪਰ ਇਸ ਗਰੀਬ ਅੱਠ ਨੌਂ ਸਾਲ ਦੇ ਬੱਚੇ ਦੀਆਂ ਆਵਾਜ਼ਾਂ ਕਿਸੇ ਦੇ ਕੰਨ੍ਹੀਂ ਨਾ ਪਈਆਂ ਤੇ ਵੱਡੀ ਭੀੜ ਵਿਚ ਗੁੰਮ ਗਈਆਂ।

ਅਰਥੀ ਕਾਫ਼ੀ ਅਗਾਂਹ ਲੰਘ ਗਈ ਸੀ। ਉਹ ਉਥੇ ਹੀ ਖੜਾ ਰਿਹਾ ਤੇ ਹੰਝੂ ਕੇਰਦਾ ਰਿਹਾ। ਇਹ ਵਡੇ ਲੋਕ ਵੀ ਬੜੇ ਕੰਮਬਖਤ ਹੁੰਦੇ ਨੇ। ਉਸਦਾ ਵਸ ਨਾ ਚਲਦਾ ਵੇਖ ਕੇ ਉਹ ਜਿਧਰੋਂ ਆਇਆ ਸੀ ਉਧਰ ਵਲ ਤੁਰ ਪਿਆ। ਉਸਨੂੰ ਆਪਣੇ ਫਟੇ ਕੁਰਤੇ ਦੀ ਸਭ ਤੋਂ ਜ਼ਿਆਦਾ ਚਿੰਤਾ ਸੀ। ਉਸਦੀ ਮਾਂ ਨੇ ਮਸਾਂ ਮਸਾਂ ਇਹ ਕੁਰਤਾ ਉਸ ਲਈ ਮੰਗਿਆ ਸੀ ਅਚਾਨਕ ਉਸਦੀ ਨਿਗਾਹ ਦੂਰ ਚਮਕਦੀ ਕਿਸੇ ਚੀਜ਼ ਉਪਰ ਪਈ। ਉਹ ਉਧਰ ਵੇਖਣ ਲੱਗ ਪਿਆ ਤੇ ਫਿਰ ਦੌੜ ਕੇ ਉਸਨੂੰ ਚੁਕ ਲਿਆ।

'ਅਠਿਆਨੀ!' ਅਚਾਨਕ ਉਹ ਖੁਸ਼ੀ ਨਾਲ ਚਿਲਾਇਆ। ਸਾਰੇ ਗਮ ਭੁਲ ਗਏ, ਲੱਗੀਆਂ ਸੱਟਾਂ ਵਿਚੋਂ ਦਰਦ ਉਡ ਗਿਆ।

'ਅਠਿਆਨੀ ਦੀ ਮੈਂ ਮਠਿਆਈ ਖਾਵਾਂਗਾ ਨਾਲੇ ਮਾਂ ਲਈ ਲਿਜਾਵਾਂਗਾ। ਨਹੀਂ ਮੈਂ ਕੇਲੇ ਖਾਵਾਂਗਾ ਨਹੀਂ ਨਹੀਂ ਕੈਦਾ ਲੈ ਕੇ ਪੜ੍ਹਨ ਜਾਵਾਂਗਾ' ਤੇ ਕਦੇ ਕੁਝ ਤੇ ਕਦੇ ਕੁਝ ਸੋਚਦਾ ਰਾਮੂ ਘਰ ਵਲ ਦੌੜ ਪਿਆ। ਅਠਿਆਨੀ ਜ਼ੋਰ ਨਾਲ ਉਸਦੀ ਮੁੱਠੀ ਵਿਚ ਘੁਟੀ ਹੋਈ ਸੀ।

ਰਾਮੂ ਨੂੰ ਦੌੜੇ ਆਉਂਦੇ ਵੇਖ ਕੇ ਬੁੱਢੀ ਦਾ ਰੰਗ ਉਡ ਗਿਆ। ਰਾਮੂ ਕੈਦਾ ਪੁੱਛ ਕੇ ਵੀ ਆ ਗਿਆ ਸੀ ਪਰ ਹਾਲੇ ਉਸਨੇ ਰੋਟੀ ਦਾ ਕੋਈ ਪ੍ਰਬੰਧ ਨਹੀਂ ਸੀ ਕੀਤਾ।

ਅਚਾਨਕ ਰਾਮੂ ਆਪਣੀ ਬੁੱਢੀ ਮਾਂ ਨਾਲ ਲਿਪਟ ਗਿਆ। ਮਾਂ ਨੇ ਵੀ ਉਸਨੂੰ ਪਿਆਰ ਨਾਲ ਪਲੋਸਣਾ ਤੇ ਚੁੰਮਣਾ ਸ਼ੁਰੂ ਕਰ ਦਿਤਾ। ਉਸਦੇ ਰੋਟੀ ਮੰਗ ਲੈਣ ਤੋਂ ਉਹ ਘਬਰਾਂਦੀ ਸੀ।

'ਮਾਂ ਮੈਨੂੰ ਹੁਣ ਤਾਂ ਕੈਦਾ ਲਿਆ ਦੇ ਨਾ।'

'ਹਾਂ ਹਾਂ ਜ਼ਰੂਰ ਲਿਆ ਦਿਆਂਗੀ।

'ਕਦੋਂ?'

'ਹਾਲੇ ਪੈਸੇ ਨਹੀਂ ਜਦੋਂ ਪੈਸੇ ਹੋਣਗੇ ਫਿਰ।'

'ਜੇ ਪੈਸੇ ਮੈਂ ਦੇ ਦੇਵਾਂ ਫਿਰ ਲਿਆ ਦੇਵੇਂਗੀ ?' ਰਾਮੂ ਦੀ ਆਵਾਜ਼ ਵੀਚ ਕਹਿਰਾਂ ਦੀ ਨਿਮਰਤਾ ਤੇ ਤਰਲਾ ਸੀ।

'ਹੂੰ......' ਬਿਨਾਂ ਕੁਝ ਸੋਚੇ ਸਮਝੇ ਬੁੱਢੀ ਨੇ ਹਾਂ ਕਰ ਦਿਤੀ ਤੇ ਰਾਮੂ ਨੇ ਆਪਣੀ ਮੁੱਠ ਨੂੰ ਖੋਲ੍ਹ ਦਿਤਾ। ਉਸਦੀ ਹਥੇਲੀ ਤੇ ਅਠਿਆਨੀ ਚਮਕ ਰਹੀ ਸੀ।। ਇਹ ਵੇਖਕੇ ਬੁਢੀ ਦੀਆਂ ਅੱਖਾਂ ਵਿਚ ਖੁਸ਼ੀ ਭਰ ਗਈ। ਉਸਨੇ ਝਟ ਇਹ ਆਖ ਕੇ ਉਸਦੀ ਹਥਲੀ ਤੋਂ ਅਠਿਆਨੀ ਚੁਕ ਲਈ। 'ਲਿਆ ਮੈਂ ਆਟਾ ਲਿਆਵਾਂ।'

'ਪਰ ਕੈਦਾ ?'

'ਫਿਰ ਸਹੀ। ਪਹਿਲਾਂ ਆਪਣਾ ਪੇਟ ਭਰ। ਤੇ ਬੁੱਢੀ ਬਜ਼ਾਰ ਵਲ ਦੌੜ ਗਈ। ਰਾਮੂ ਉਸ ਵਲ ਤਕਦਾ ਰਿਹਾ ਤੇ ਤਕਦਾ ਰਿਹਾ।



## ਇਕ ਦਿਨ ਹੜਤਾਲ ਦਾ

ਕੋਠੀ ਦੇ ਫ਼ਾਟਕ ਨਾਲ ਝੂਟਦੇ ਦੀਪੂ ਦੇ ਕੜਾਕ ਦੇ ਕੇ ਥਪੜ ਪਿਆ। ਉਸ ਦੇ ਸਿਰ ਤੇ ਵਲੇਟੇ ਦੇ ਕੇ ਬੰਨੀ ਪੱਗ ਫਾਟਕ ਵਿਚ ਜਾ ਫਸੀ। ਸਿਰ ਚੋਰ ਦੇਣੀ ਲੋਹੇ ਦੀਆਂ ਕਿਲਾਂ ਨਾਲ ਜਾ ਟਕਰਾਇਆ।

ਪਹਿਲਾਂ ਤੋਂ ਹੀ ਰੀਂ ਰੀਂ ਕਰਦੇ ਦਾ ਰੋਣ ਹੋਰ ਉੱਚੀ ਹੋ ਗਿਆ।

'ਸਾਲੇ ਨੂੰ ਕਿੰਨੀ ਵਾਰ ਆਖਿਆ ਬਈ ਨੱਠ ਜਾ ਇਥੋਂ', ਅਗੋਂ ਸਗੋਂ ਆਕੜਿਆ ਖੜਾ ਕਦੋਂ ਦਾ।' ਉਸ ਨੂੰ ਬਾਹੋਂ ਫੜਦਾ ਸਰਦਾਰ ਦਾ ਨੌਕਰ ਕੜਕਿਆ। ਬੇਦਰਦੀ ਨਾਲ ਧੂੰਹਦੇ ਨੇ ਫਾਟਕੋਂ ਘੜੀਸ ਕੇ ਸੜਕ ਵਲ ਵਗਾਹ ਮਾਰਿਆ। ਸੜਕ ਦੁਆਲੇ ਖਿਲਰੇ ਰੇਤੇ ਵਿਚ ਉਹ ਗੇਂਦ ਵਾਂਗ ਜਾ ਡਿਗਿਆ। ਉਹ ਕਿੰਨਾ ਚਿਰ ਰੇਤੇ ਵਿਚ ਪਿਆ ਡੁਸਕਦਾ ਰਿਹਾ।

ਸੂ ਕਰਦੀ ਕਾਰ ਉਸ ਦੇ ਕੋਲ ਦੀ ਘੁੰਮ ਕੇ ਕੋਠੀ ਅੰਦਰ ਜਾ ਵੜੀ। ਉਸ ਅੰਦਰ ਬੈਠੇ ਪੁਲਸੀਏ ਨੇ ਇਕ ਵਾਰ ਵੀ ਉਸ ਵੱਲ ਨਾ ਤੱਕਿਆ। ਮਿੱਟੀ ਦਾ ਬੱਦਲ ਉੱਠ ਕੇ ਅਸਮਾਨ ਨੂੰ ਚੜ੍ਹਨ ਲੱਗਿਆ।

ਜਦੋਂ ਗਰਦ ਸਾਫ ਹੋਈ ਤਾਂ ਸਰਦਾਰ ਦਾ ਨੌਕਰ ਕੋਠੀ ਦੀ ਨੁਕਰੇ ਪਤੰਗ ਚੜ੍ਹਾਉਂਦੇ ਮੁੰਡਿਆਂ ਵਿਚ ਜਾ ਰਲਿਆ ਸੀ।

ਮਿੱਟੀ ਨਾਲ ਨਹਾਤੇ ਦੀਪੂ ਦੀਆਂ ਅੱਖਾਂ ਬੰਦ ਹੋਏ ਫਾਟਕ ਤੇ ਜੰਮੀਆਂ ਹੋਈਆਂ ਸਨ। ਉਸ ਦੀ ਪੱਗ ਹਾਲੇ ਵੀ ਟੀਨ ਵਿਚੋਂ ਉਭਰੀ ਮੇਖ ਵਿਚ ਫਸ ਕੇ

ਹਵਾ ਵਿਚ ਉੱਡ ਰਹੀ ਸੀ।

ਕਾਰ ਨਾਲ ਆਈ ਹਨੇਰੀ ਕਰਕੇ ਉਸ ਦੀਂ ਬੋਦੀ ਪੱਗ ਇਕ ਪਾਸਿਉਂ ਸਵਰਗਵਾਸ ਹੋਣ ਲਗ ਪਈ। ਫਾਟਕ ਨੂੰ ਜੰਦਰਾ ਵੱਜ ਗਿਆ।

ਉਸਦੀਆਂ ਗੁੱਸੇ ਭਰੀਆਂ ਅੱਖਾਂ ਵਿਚੋਂ ਨੀਰ ਵਰਸਦਾ ਰਿਹਾ।

ਲਗਾਤਾਰ ਘੰਟੇ ਤੋਂ ਰੋਂਦਾ ਆਉਣ ਕਰਕੇ ਤੇ ਆਲੇ ਦੁਆਲੇ ਤੋਂ ਉਡਿਆ ਰੇਤਾ ਅੰਦਰ ਜਾਨ ਕਰਕੇ ਉਸ ਦਾ ਗਲਾ ਬੈਠ ਗਿਆ। ਕੁਝ ਦੇਰ ਉੱਚੀ ਉੱਚੀ ਰੋਣ ਪਿਛੋਂ ਫਿਰ ਰੀਂ ਰੀਂ ਕਰਨ ਲਗ ਪਿਆ। ਉਸ ਦੇ ਵੇਖਦੇ ਵਖਦੇ ਸਰਦਾਰ ਦੇ ਮੁੰਡੇ ਨੇ ਡੋਰ ਫੜੀ, ਨੌਕਰ ਨੇ 'ਉਲਾ' ਦਿੱਤਾ ਤੇ ਪਤੰਗ ਅਸਮਾਨ ਵਿਚ ਸ਼ੂਕਣ ਲਗਿਆ।

ਦੀਪੂ ਦੀਆਂ ਨਿਗਾਹਾਂ ਪਤੰਗ ਵਲ ਚੁਕੀਆਂ ਗਈਆਂ।

ਇਹ ਪਤੰਗ ਹੁਣ ਸਰਦਾਰ ਦੇ ਮੁੰਡੇ ਦਾ ਸੀ।

ਕੁਝ ਦੇਰ ਪਹਿਲਾਂ ਇਹ ਪਤੰਗ ਦੀਪੂ ਦਾ ਸੀ।

ਤੇ ਉਸ ਤੋਂ ਕੁਝ ਦੇਰ ਪਹਿਲਾਂ ਇਹ ਦੁਕਾਨਦਾਰ ਦਾ ਸੀ। ਦੀਪੂ ਨੂੰ ਇੰਨੀ-ਕੁ ਸਮਝ ਜ਼ਰੂਰ ਸੀ ਕਿ ਜਿਸ ਪਤੰਗ ਨੂੰ ਪਾਉਣ ਲਈ ਉਸ ਨੂੰ ਪੰਦਰਾਂ ਦਿਨ ਆਪਣੇ ਪਿਉ ਨਾਲ ਘੋਲ ਕਰਨਾ ਪਿਆ ਸੀ ਉਹੋ ਜਿਹਾ ਹੋਰ ਪਤੰਗ ਉਸ ਨੂੰ ਇੰਨੀ ਜਲਦੀ ਨਹੀਂ ਸੀ ਮਿਲ ਸਕਦਾ। ਉਸ ਦਾ ਪਿਉ ਪੰਦਰਾਂ ਦਿਨਾਂ ਤੋਂ ਵਿਹਲਾ ਬੈਠਾ ਸੀ। ਜੇ ਕੰਮ ਤੇ ਜਾਵੇ ਤਾਂ ਪੈਸੇ ਆਉਣ ਤੇ ਨਾਲੇ ਉਸ ਲਈ ਪਤੰਗ।

ਉਸ ਦਾ ਪਿਉ ਸਾਹਮਣੀ ਕੋਠੀ ਵਾਲੇ ਸਰਦਾਰ ਦੀ ਮਿਲ ਵਿਚ ਨੌਕਰ ਸੀ। ਤੇ ਇਨੀਂ ਦਿਨੀਂ ਮਿਲ ਵਿਚ ਹੜਤਾਲ ਸੀ। ਅੱਜ ਹੜਤਾਲ ਦਾ ਪੰਦਰਵਾਂ ਦਿਨ ਸੀ। ਮਿਲ ਦੇ ਸਾਰੇ ਮਜ਼ਦੂਰ ਆਪਣੀ ਮੰਗ ਤੇ ਅੜੇ ਹੋਏ ਸੀ ਤੇ ਦੀਪੂ ਦਾ ਪਿਉ ਉਨ੍ਹਾਂ ਵਿਚੋਂ ਇਕ ਸੀ। ਅੱਗੇ ਤਾਂ ਉਹ ਜਦ ਘਰ ਆਉਂਦਾ ਉਸ ਦੇ ਹੱਥ ਵਿਚ ਆਟੇ ਵਾਲੀ ਪੋਟਲੀ, ਘਿਓ ਵਾਲੀ ਡੱਬੀ, ਅਚਾਰ ਵਾਲੀ ਪੁੜੀ ਤੇ ਹੋਰ ਨਿੱਕ-ਸੁੱਕ ਦੇ ਨਾਲ ਨਾਲ ਦੀਪੂ ਲਈ ਰਿਉੜੀਆਂ ਜਾਂ ਮੁੰਗਫਲੀਆਂ ਦਾ ਛੋਟਾ ਜਿਹਾ ਪੈਕਟ ਵੀ ਹੁੰਦਾ। ਪਰ ਹੁਣ ਜਿੱਦਨ ਦੀ ਹੜਤਾਲ ਸੀ ਉਹ ਖਾਲਮ-ਖਾਲੀ ਘਰ ਆ ਵੜਦਾ। ਨਾ ਉਸ ਦੇ ਹੱਥ ਵਿਚ ਕੋਈ ਪੋਟਲੀ ਹੁੰਦੀ ਤੇ ਨਾ ਕੋਈ ਪੈਕਟ।



ਹਰ ਰੋਜ਼ ਹੀ ਉਸ ਦੀ ਮਾਂ ਗੁਆਢੀਆਂ ਦੇ ਘਰੋਂ ਆਟਾ ਮੰਗ ਕੇ ਲਿਆਂਦੀ ਸੀ। ਆਂਢ-ਗੁਆਂਢ ਦਾ ਕੋਈ ਵੀ ਘਰ ਅਜਿਹਾ ਨਹੀਂ ਸੀ ਬਚਿਆ ਜਿਥੋਂ ਉਹ ਕੁਝ ਉਧਾਰ ਨਾ ਲਿਆਈ ਹੋਵੇ ਤੇ ਪਰਸੋਂ ਦਾ ਉਸਨੇ ਮੰਗਣਾ ਸ਼ੁਰੂ ਕਰ ਦਿਤਾ ਸੀ। ਜਾਂ ਇੰਝ ਆਖ ਲਓ ਕਿ ਗੁਆਂਢੀਆਂ ਨੇ ਜਵਾਬ ਦੇਣਾ ਸ਼ੁਰੂ ਕਰ ਦਿਤਾ ਸੀ।

ਕਲ ਤਾਂ ਉਨ੍ਹਾਂ ਦੇ ਘਰ ਅੱਗ ਵੀ ਨਹੀਂ ਸੀ ਬਲੀ ਕੇਵਲ ਦੀਪੂ ਨੂੰ ਹੀ ਦੋ ਰੋਟੀਆਂ ਨਸੀਬ ਹੋਈਆਂ ਸਨ। ਉਹ ਵੀ ਰੁੱਖੀਆਂ। ਪਤਾ ਨਹੀਂ ਕਿਥੋਂ ਆਈਆਂ ਸਨ। ਉਸ ਦੀ ਮਾਂ ਨੇ, ਉਸ ਦੇ ਪਿਉ ਨੇ, ਰੋਜ਼ ਵਾਂਗ ਉਸ ਨਾਲ ਬਹਿ ਕੇ ਰੋਟੀ ਨਹੀਂ ਸੀ ਖਾਧੀ।

ਉਸ ਦਾ ਪਿਓ ਵਿਚਾਰਾ ਮਜਬੂਰ ਸੀ।

ਜੇ ਕਿਤੇ ਉਸ ਦਾ ਹੱਥ ਪੈਂਦਾ ਉਹ ਆਪਣੇ ਲਾਡਲੇ ਨੂੰ ਇੰਨੇ ਦਿਨਾਂ ਤੋਂ ਰੁਆਂਦਾ ਨਾ ਆਉਂਦਾ।

ਤ੍ਰਿਕਾਲਾਂ ਵੇਲੇ ਜਦੋਂ ਉਹ ਸਾਰੇ ਦਿਨ ਦਾ ਫਿਰ ਤੁਰ ਕੇ ਥੱਕਿਆ ਘਰੇ ਆਉਂਦਾ, ਤਾਂ ਉਸ ਦੀ ਥਕਾਨ ਅੰਗਾਰੇ ਬਣ ਕੇ ਓਸ ਦੇ ਸਰੀਰ ਨੂੰ ਜਾਲਨ ਲੱਗ ਜਾਂਦੀ ਜਦੋਂ ਉਸ ਦੀ ਗੋਦ ਵਿਚ ਵੜ ਕੇ ਪਤੰਗ ਲਈ ਚੀਖਦਾ।

'ਵੜਿਆਂ ਦੇ ਤਾਂ ਕੋਈ ਗੁਆਂਢ ਵੀ ਨਾ ਵਸੇ' ਦਿਲ ਹੀ ਦਿਲ ਉਹ ਸੋਚਦਾ ਜਦੋਂ ਉਸ ਦਾ ਦੀਪੂ ਸਾਹਮਣੀ ਕੋਠੀ ਵਿਚ ਉੱਡਦੇ ਪਤੰਗ ਨੂੰ ਵੇਖ ਕੇ ਉਨ੍ਹਾਂ ਦੀ ਰੀਸ ਕਰਦਾ।

ਉਂਝ ਤੇ ਕੀ ਦੁਆਨੀ ਦੀ ਪਤੰਗ ਤੇ ਕੀ ਉਸ ਦੇ 'ਦੀਪੂ' ਦੀ ਮੰਗ ਹੈ। ਕਈ ਵਾਰ ਉਹ ਸੋਚਦਾ। ਪਰ ਹੜਤਾਲ ਤੇ ਇਨੀਂ ਦਿਨੀਂ ਤਾਂ ਦੁਆਨੀ ਹੀ ਓਸ ਲਈ ਪਹਾੜ ਬਣੀ ਹੋਈ ਸੀ। ਜਿਹੜਾ ਮਾੜਾ-ਮੋਟਾ ਘਰ ਵਿਚ ਸੀ। ਉਹ ਚਾਰ ਦਿਨਾਂ ਦਾ ਮੁਕ ਗਿਆ ਸੀ। ਹੋਰ ਗਰੀਬਾਂ ਦੇ ਘਰੇ ਹੁੰਦਾ ਹੀ ਕੀ ਏ ਹਰ ਰੋਜ਼ ਲਿਆ ਕੇ ਖਾਣ ਵਾਲਿਆਂ ਵਿਚ ਬਹੁਤਾ ਸਾਹ ਸਤ ਤਾਂ ਹੁੰਦਾ ਹੀ ਨਹੀਂ।

ਹੋਰ ਕਿਸੇ ਮਿਲ ਵਿਚ ਕੰਮ ਨਹੀਂ ਮਿਲਦਾ। ਜੇ ਕਿਸੇ ਮਿਲ ਵਿਚ ਥਾਂ ਹੋਵੇ ਵੀ ਤਾਂ ਕਿਹੜਾ ਉਸਨੂੰ ਕੰਮ ਮਿਲਣਾ ਸੀ। ਨਾ ਮਜ਼ਦੂਰ ਯੂਨੀਅਨ ਨੇ ਉਸ ਨੂੰ ਉਥੇ ਜਾਣ ਦੇਣਾ ਸੀ ਤੇ ਨਾ ਮਾਲਕ ਨੇ ਇਕ ਹੜਤਾਲੀ ਮਜ਼ਦੂਰ ਨੂੰ

ਮਿਲ ਵਿਚ ਨੌਕਰੀ ਦੇਣੀ ਸੀ।

ਹੜਤਾਲ ਦੀ ਉਸ ਨੂੰ ਕੋਈ ਪਰਵਾਹ ਨਹੀਂ ਸੀ ਦੁੱਖ ਸੀ ਤਾਂ ਬਸ ਇਹੋ ਬਈ ਉਹ ਆਪਣੇ ਮੁੰਡੇ ਦੀ ਇਕ ਨਿੱਕੀ ਜਿਹੀ ਮੰਗ ਵੀ ਨਹੀਂ ਮੰਨ ਸਕਦਾ ਜਿਹੜੀ ਉਹ ਲਗਾਤਾਰ ਅੱਠਾਂ ਦਿਨਾਂ ਤੋਂ ਮੰਗਦਾ ਆ ਰਿਹਾ ਸੀ। ਜਦੋਂ ਮੈਂ ਉਹਦੀ ਇੰਨੀ-ਕੁ ਸਾਧਾਰਣ ਤੇ ਜਾਇਜ਼ ਮੰਗ ਵੀ ਅੱਠ ਦਿਨਾਂ ਤਕ ਨਾ ਮੰਨੀਂ ਤਾਂ ਉਹ ਸਾਡੀ ਇਡੀ ਵੱਡੀ ਮੰਗ ਕਿਵੇਂ ਮੰਨੇਂਗਾ ਅਚਾਨਕ ਉਸਨੂੰ ਖਿਆਲ ਆਇਆ। ਉਹ ਜਲਦੀ ਦੇਣੇ ਉਠਿਆ। ਅੰਦਰੋਂ ਆਪਣਾ ਟਰੰਕ ਫਰੋਲਿਆ ਤੇ ਪੰਦਰਾਂ ਸਾਲਾਂ ਤੋਂ ਸਾਂਭਿਆ ਸੰਧੂਰ ਲਗਿਆ ਚਾਂਦੀ ਦਾ ਰੁਪਈਆ ਕੱਢ ਲਿਆਂਦਾ ਜਿਹੜਾ ਉਸ ਨੂੰ ਮੰਗਣੇ ਤੇ ਉਹਦੇ ਸੌਹਰਿਆਂ ਨੇ ਦਿੱਤਾ ਸੀ ਤੇ ਉਹ ਸ਼ਗਨ ਦਾ ਰੁਪਈਆ ਆਖ ਕੇ ਇਸ ਨੂੰ ਸਾਂਭਦਾ ਆ ਰਿਹਾ ਸੀ।

ਇਕ ਵਾਰ ਤਾਂ ਰੁਪਿਆ ਤੁੜਾਉਂਦਾ ਉਹ ਝਿਜਕਿਆ, ਪਰ ਫੇਲ੍ਹ ਹੁੰਦੀ ਹੜਤਾਲ ਨੇ ਉਸ ਦਾ ਦਿਲ ਮਜਬੂਰ ਕਰ ਦਿੱਤਾ। ਅਤੇ ਉਹ ਜਦੋਂ ਬਜ਼ਾਰੋਂ ਵਾਪਸ ਆਇਆ ਤਾਂ ਉਸ ਦੇ ਹੱਥ ਵਿਚ ਇਕ ਡੋਰ ਵਾਲੀ ਚਰਖੜੀ ਤੇ ਇਕ ਵੱਡਾ ਲਾਲ ਪਤੰਗ ਸੀ।

ਦੀਪੂ ਕਿੰਨਾਂ ਹੀ ਚਿਰ ਲਾਡ ਨਾਲ ਉਸ ਦੀਆਂ ਲੱਤਾਂ ਨਾਲ ਚਿੰਬੜਿਆ ਰਿਹਾ। ਦੀਪੂ ਦੇ ਹੱਥ ਚਰਖੜੀ ਥਮਾ ਕੇ ਉਹ ਹੌਲਾ ਫੁੱਲ ਵਰਗਾ ਮਹਿਸੂਸ ਕਰਨ ਲੱਗ ਪਿਆ। ਸਿੱਧਾ ਦੀਪੂ ਪਤੰਗ ਲੈ ਕੇ ਸਰਦਾਰ ਦੀ ਕੋਠੀ ਪਿਛਵਾੜੇ ਖੁੱਲੇ ਮੈਦਾਨ ਵਿਚ ਜਾ ਵੜਿਆ, ਉਸ ਦੇ ਨਾਲ ਸਾਧੂ ਵੀ ਸੀ।

ਉਨ੍ਹਾਂ ਨੂੰ ਪਤੰਗ ਚੜ੍ਹਾਉਂਦੇ ਵੇਖ ਕੇ ਸਰਦਾਰਾਂ ਦੇ ਦੋਨੋਂ ਮੁੰਡੇ ਵੀ ਬਾਹਰ ਆ ਖੜੋਤੇ। ਸਾਧੂ ਜਦੋਂ 'ਉਲਾ' ਦੇ ਕੇ ਵਾਪਸ ਆਇਆ ਤਾਂ ਪਤੰਗ ਅਸਮਾਨ ਵੱਲ ਵੱਧ ਰਿਹਾ ਸੀ। ਦੀਪੂ ਨੇ ਡੋਰ ਵਧਾ ਦਿੱਤੀ,. ਹਵਾ ਦਾ ਬੁੱਲ੍ਹਾ ਆਇਆ, ਪਤੰਗ ਗੋਤਾ ਖਾ ਕੇ ਕੋਠੀ ਅੰਦਰ ਜਾ ਡਿੱਗਿਆ। ਵੇਖਦੇ ਵੇਖਦੇ ਭੁੱਖਿਆਂ ਸ਼ੇਰਾਂ ਵਾਂਗ ਸਰਦਾਰ ਦੇ ਮੁੰਡੇ ਪਤੰਗ ਤੇ ਆ ਝਪਟੇ। ਮਿੰਟੀ ਸਕਿੰਟੀ ਪਤੰਗ ਤੋੜ ਕੇ ਅੰਦਰ ਜਾ ਵੜੇ। ਦੀਪੂ ਦੇਖਦਾ ਹੀ ਰਹਿ ਗਿਆ।

ਉਹ ਰੋਂਦਾ ਰੋਂਦਾ ਜਦੋਂ ਭੱਜ ਕੇ ਕੋਠੀ ਅੰਦਰ ਗਿਆ ਤਾਂ ਅੱਗੋਂ ਕੁੱਤੇ ਨੇ ਸੁਆਗਤ ਕੀਤਾ, ਮਸਾਂ ਉਸ ਤੋਂ ਜਾਨ ਛੁਡਾਈ। ਕਿੰਨਾਂ ਹੀ ਚਿਰ ਗੇਟ ਨਾਲ ਲੱਗਿਆ ਰੋਂਦਾ ਰਿਹਾ। ਅੱਗੋਂ ਪਤੰਗ ਦੀ ਥਾਂ ਥੱਪੜ ਨਸੀਬ ਹੋਏ......



ਜਦੋਂ ਰੋ ਰੋ ਕੇ ਥੱਕ ਗਿਆ ਤਾਂ ਉੱਠ ਕੇ ਖੜਾ ਹੋ ਗਿਆ, ਫਾਟਕ ਵਿਚ ਫਸੀ ਫਟੀ ਪੱਗ ਲਾਹੀ ਤੇ ਰੋਂਦਾ ਰੋਂਦਾ ਸਿਰ ਤੇ ਲਪੇਟਣ ਲੱਗ ਪਿਆ। ਜਦੋਂ ਕੋਈ ਜ਼ੋਰ ਨਾ ਚੱਲਿਆ ਤਾਂ ਹਰਖੇ ਦੀਪੂ ਨੇ ਸੜਕ ਤੋਂ ਪੱਥਰ ਦਾ ਰੋੜਾ ਚੁੱਕ ਲਿਆ ਤੇ ਜ਼ੋਰ ਦੇਣੇ ਕੋਠੀ ਦੀ ਉਸ ਨੁੱਕਰ ਵੱਲ ਸੁੱਟਿਆ, ਜਿੱਥੇ ਸਰਦਾਰ ਦੇ ਮੁੰਡੇ ਪਤੰਗ ਚੜ੍ਹਾਉਂਦੇ ਸਨ। ਬਿਨਾਂ ਕੁਝ ਵੇਖੇ ਭਾਲੇ ਆਪਣਾ ਪੈਰਖ ਲਾ ਕੇ ਉਹ ਘਰ ਵੱਲ ਭੱਜ ਗਿਆ।

ਅੱਗੋਂ ਪਿਓ ਦੀ ਗੋਦ ਵਿਚ ਡਿੱਗ ਕੇ ਉਸ ਦਾ ਥਮਿਆ ਰੋਣ ਫੇਰ ਫੁਟ ਪਿਆ। ਹਉਕੇ ਤੇ ਹਉਕਾ ਲੈਂਦਾ ਰਿਹਾ। ਵਾਰ ਵਾਰ ਪੁੱਛਣ ਤੇ ਜਦੋਂ ਉਹ ਨਾ ਮੰਨਿਆਂ ਤਾਂ ਉਸਦੇ ਪਿਉ ਨੇ ਝਿੜਕ ਕੇ ਪੁੱਛਿਆ 'ਜੇ ਕੁਝ ਬਕਣਾ ਤਾਂ ਥੱਕ, ਨਹੀਂ ਮਰ ਪਰੇ......' ਤੇ ਬਾਹੋਂ ਫੜ ਕੇ ਦੀਪੂ ਨੂੰ ਝਟਕਾ ਦਿੱਤਾ। ਹਟਕੋਰੇ ਭਰਦਾ ਦੀਪੂ ਪਰ੍ਹਾਂ ਹੋ ਖਲੋਤਾ, ਅੱਖਾਂ ਵਿਚੋਂ ਕਿਰਦੇ ਹੰਝੂ ਪੂੰਝੇ। ਇਸ ਵਾਰ ਜਦੋਂ ਗੱਲ੍ਹਾਂ ਤੇ ਹੱਥ ਰੱਖਿਆ ਤਾਂ ਉਸਦੇ ਡਾਢਾ ਦੁੱਖ ਲੱਗਿਆ।

'ਮੇਰਾ...ਪਤੰਗ...ਖੋਹ ਲਿਆ ਸਰਦਾਰਾਂ ਦੇ ਮੁੰਡੇ ਨੇ।'

ਇਹ ਸੁਣ ਕੇ ਉਸ ਦੇ ਪਿਉ ਦੇ ਚਿਹਰੇ ਤੇ ਇਕ ਦਮ ਲਾਲੀ ਛਾ ਗਈ। ਸਾਰਾ ਸਰੀਰ ਗੁੱਸੇ ਨਾਲ ਭਖ ਉਠਿਆ।

'ਸਾਲਿਆ ਉਥੇ ਮਰਿਆ ਕਿਉਂ ਸੀ......। ਪਤਾ ਨੀਂ ਉਨ੍ਹਾਂ ਦੀ ਗਰਦਨ 'ਚ ਕਿੱਲਾ ਅੜਿਆ ਹੋਇਆ। ਬੰਦੇ ਉਹ ਥੋੜਾ ਨੇ......ਜਾ ਕੇ ਵੇਖ ਲੈ, ਸਗੋਂ ਪੁੱਠੇ ਪੈਣਗੇ।

'ਮੈਂ ਤਾਂ ਹਾਲੇ ਚੜ੍ਹਾਇਆ ਵੀ ਨਹੀਂ ਲਿਆ ਕੇ ਦੇ......ਉਂ ਉਂ' ਉਸ ਦੇ ਹਉਕੇ ਵਧਦੇ ਜਾਂਦੇ ਸਨ। ਉਥੇ ਤਾਂ ਉਸ ਦਾ ਵੱਸ ਨਹੀਂ ਸੀ ਚੱਲਿਆ, ਪਰ ਪਿਉ ਸਾਹਮਣੇ ਉਸ ਦਾ ਰੋਣ ਨਹੀਂ ਸੀ ਥਮਦਾ।

'ਉਥੋਂ ਕੋਈ ਨੀਂ ਪਤੰਗ ਮਿਲਣਾ...ਨਾਲੇ ਅੱਜ ਕਲ ਤਾਂ ਸਾਲੇ ਉਝੇਂ ਨੀਂ ਵੇਖ ਕੇ ਰਾਜ਼ੀ...ਐਵੇਂ ਲੜਾਏਂਗਾ, ਬਹਿ ਜਾ ਟਿਕ ਕੇ...ਕਲ ਨੂੰ ਹੋਰ ਲਿਆ ਦਿਆਂਗੇ।'

ਇਹ ਸਭ ਕੁਝ ਉਹ ਬੇਬਸੀ ਨਾਲ ਆਖਦਾ ਰਿਹਾ, ਆਪਣੀ ਮਜਬੂਰੀ ਤੇ ਉਸ ਦਾ ਵੱਸ ਨੀਂ ਸੀ ਚਲਦਾ। ਕਦੇ ਕਦੇ ਉਸ ਦਾ ਮਨ ਭਟਕ ਉਠਦਾ ਤੇ

ਫੇਰ ਉਸ ਦੀ ਮਿੱਲ ਦੀ ਨੌਕਰੀ ਉਸ ਦੀ ਭਟਕਣ ਨੂੰ ਦਬਾ ਦਿੰਦੀ।

ਦੀਪੂ ਨੇ ਫੇਰ ਜ਼ਿੱਦ ਕੀਤੀ, ਇਸ ਵਾਰ ਉਸ ਤੋਂ ਆਪਾ ਸਾਂਭਿਆ ਨਾ ਗਿਆ, ਕੜਾਕ ਦੇਨੇ ਇਕ ਥੱਪੜ ਸੱਜੀ ਗੱਲ੍ਹ ਤੇ ਜੜ ਦਿੱਤਾ, ਗੋਤਾ ਖਾ ਕੇ ਉਹ ਭੁੰਜੇ ਗਿਰ ਪਿਆ। ਇਸ ਵਾਰ ਉਸ ਦਾ ਰੋਣਾ ਉੱਚਾ ਨਾ ਹੋਇਆ। ਅੱਖਾਂ ਅੱਡੀਆਂ ਗਈਆਂ, ਉੱਚੀ ਉੱਚੀ ਵਗਦੇ ਹਉਕੇ ਬੰਦ ਹੋਣ ਲੱਗੇ। ਸਾਹ ਤੇਜ਼ੀ ਨਾਲ ਵਗਦਾ ਰਿਹਾ। ਦੋ ਕੁ ਮਿੰਟ ਉਸ ਦਾ ਪਿਉ ਵੇਖਦਾ ਰਿਹਾ।

ਫੇਰ ਭੁਬਾਂ ਮਾਰ ਕੇ ਉਸਦੇ ਗਲ ਨਾਲ ਚੰਬੜ ਗਿਆ ਵਾਰ ਵਾਰ ਉਸ ਦੇ ਨਿੱਘੇ ਲਾਲ ਚੇਹਰੇ ਨੂੰ ਚੁੰਮਦਾ ਰਿਹਾ। ਪਰ ਕਿੰਨਾਂ ਹੀ ਚਿਰ ਮੁੜ ਦੀਪੂ ਨੇ ਅੱਖ ਨਾ ਝਮਕੀ। ਉਸ ਦਾ ਪਿਉ ਜਵਾਕਾਂ ਵਾਂਗ ਰੋਂਦਾ ਰਿਹਾ।

ਉਸਦੀ ਮਾਂ ਨਾਲੇ ਰੋਂਦੀ ਫਿਰਦੀ ਰਹੀ ਨਾਲੇ ਗੁਆਂਢੀਆਂ ਨੂੰ ਹਾਕਾਂ ਮਾਰਦੀ ਰਹੀ। ਸਾਰਾ ਵਿਹੜਾ ਗੁਆਂਢੀਆਂ ਨਾਲ ਭਰ ਗਿਆਂ।

'ਪਤੰਗ...' ਸੁਰਤ ਆਉਣ ਤੇ ਦੀਪੂ ਦੇ ਪਹਿਲੇ ਬੋਲ ਸਨ।

'ਜ਼ਰੂਰ ਦੁਆਵਾਂਗਾ...ਲਿਆਉਣਾ...ਹੁਣੇ ਲਿਆਉਣਾ...ਹੁਣੇ ਲਿਆਉਣਾ..' ਪਾਗਲਾਂ ਵਾਂਗ ਉਸ ਦਾ ਪਿਉ ਚੀਕਿਆ। ਘਬਰਾਇਆ ਉਸਦਾ ਪਿਉ ਦੀਪੂ ਨੂੰ ਮੋਢੇ ਲਾ ਕੇ ਬਾਹਰ ਵੱਲ ਤੁਰ ਪਿਆ। ਉਨ੍ਹਾਂ ਵੇਖਿਆ ਸੜਕ ਦੇ ਮੋੜ ਉਪਰ ਇਕ ਵੱਡੀ ਭੀੜ ਕਾਲੇ ਝੰਡੇ ਲਈ ਕੋਠੀ ਵਲ ਵਧ ਰਹੀ ਸੀ। ਭੀੜ ਦੇ ਵਿਚਕਾਰ ਜਿਹੇ ਇਕ ਮੁਰਦੇ ਦੀ ਅਰਥੀ ਬਣੀ ਹੋਈ ਸੀ। ਜਿਸਦੇ ਪਿਛੇ ਕੀਰਨੇ ਪਾਏ ਜਾ ਰਹੇ ਸਨ।

'ਚਾਚਾ...' ਆਪਣੇ ਬਾਪੂ ਦੇ ਦੋਸਤ ਨੂੰ ਮੂਰੇ ਲਗੇ ਆਉਂਦਾ ਦੇਖ ਕੇ ਦੀਪੂ ਨੇ ਹੱਥ ਉਭਾਰਿਆ, 'ਵੇਖ ਚਾਚੇ ਦੇ ਝਟ,' ਕੁਝ ਹੌਂਸਲੇ ਨਾਲ ਉਸਨੇ ਜਵਾਬ ਦਿਤਾ। ਭੀੜ ਦੇ ਨਾਲ ਨਾਲ ਉਹ ਵੀ ਕੋਠੀ ਅਗੇ ਜਾ ਰੁਕੇ। ਪਿਓ ਦੀ ਗੋਦ ਚੜ੍ਹੇ ਦੀਪੂ ਨੇ ਵੇਖਿਆ ਸਰਦਾਰ ਦੇ ਮੁੰਡੇ ਨੇ ਪਤੰਗ ਲਿਆ ਕੇ ਵਰਾਂਡੇ ਵਿਚ ਟੰਗ ਦਿਤਾ ਸੀ।

ਭੀੜ ਤੋਂ ਡਰਦਾ ਸਰਦਾਰ ਗੈਲਰੀ 'ਚ ਖੜ੍ਹਾ ਓਨ੍ਹਾਂ ਤੇ ਵਰਸ ਰਿਹਾ ਸੀ ਸਰਦਾਰ ਨੂੰ ਵੇਖ ਕੇ ਨਾਹਰੇ ਹੋਰ ਉੱਚੀ ਹੋਣ ਲਗੇ ਸਾਰੀ ਭੀੜ ਨੇ ਕੋਠੀ ਦੁਆਲੇ ਘੇਰਾ ਘੱਤ ਲਿਆ। ਉਨ੍ਹਾਂ ਦੇ ਪਿਛੇ ਖੜੀ ਪੁਲੀਸ ਵਾਰ ਵਾਰ ਦੁਹਾਈਆਂ ਦਿੰਦੀ ਰਹੀ।



'ਕੋਈ ਗੜਬੜ ਕਰਨ ਦੀ ਕੋਸ਼ਿਸ਼ ਨਾ ਕਰੇ ਗੋਲੀ ਚਲਾ ਦਿਤੀ ਜਾਵੇਗੀ। ਠੱਠ ਜਾਉ ਗੋਲੀ ਤਿਆਰ ਹੈ...'

ਹਰਖੀ ਭੀੜ ਨੂੰ ਤਾਅਨੇ ਮਾਰੇ ਜਾ ਰਹੇ ਸਨ।

ਦੀਪੂ ਤੇ ਉਸ ਦਾ ਪਿਉ ਗੇਟ ਕੋਲ ਜਾ ਖੜੇ ਹੋਏ।

ਆਲੇ ਦੁਆਲੇ ਕੀ ਹੋ ਰਿਹਾ ਦੀਪੂ ਨੂੰ ਕੋਈ ਸੂਝ ਨਹੀਂ ਸੀ। ਉਸ ਦੀਆਂ ਨਿਗਾਹਾਂ ਸਾਹਮਣੇ ਵਰਾਂਡੇ ਵਿਚ ਪਏ ਪਤੰਗ ਤੇ ਟਿਕੀਆਂ ਹੋਈਆਂ ਸਨ।

ਇਕ ਧੱਕਾ ਵਜਿਆ ਤੇ ਫਾਟਕ ਖੁਲ੍ਹ ਗਿਆ।

ਗੋਦੀਉਂ ਉਤਰ ਕੇ ਦੀਪੂ ਆਪਣੀ ਮੰਜ਼ਲ ਵਲ ਦੌੜ ਪਿਆ। ਘਬਰਾਇਆ ਉਸ ਦਾ ਪਿਉ ਉਸ ਨੂੰ ਫੜਨ ਲਈ ਅੰਦਰ ਨੂੰ ਵਧਿਆ। ਪਤਾ ਨੀਂ ਕੀ ਹੜ੍ਹ ਜਿਹਾ ਆ ਗਿਆ। ਸਾਰੀ ਕੋਠੀ ਮਜ਼ਦੂਰਾਂ ਨਾਲ ਭਰ ਗਈ। ਕਿਧਰੇ ਸ਼ੀਸ਼ੇ ਟੁੱਟਣ ਲੱਗ ਪਏ ਤੇ ਕਿਧਰੇ ਫਰਨੀਚਰ ਟੁੱਟਣ ਲੱਗਿਆ।

'ਠਾਹ...ਠਾਹ...ਠਾਹ...ਚਾਰੇ ਪਾਸੇ ਧੂੰਆਂ ਹੀ ਧੂੰਆਂ ਸੀ।

ਅਗਲੇ ਦਿਨ ਸਰਦਾਰ ਜਦੋਂ ਬਾਹਰ ਨਿਕਲਿਆ ਤਾਂ ਸਭ ਤੋਂ ਪਹਿਲਾਂ ਉਸ ਦੀ ਨਿਗਾਹ ਇਕ ਫ਼ਰਸ਼ ਤੇ ਪਈ ਨਿੱਕੀ ਜਿਹੀ ਲੋਥੜੀ ਤੇ ਟਿਕੀ। ਜਿਸ ਦੇ ਹੱਥ ਵਿਚ ਪਤੰਗ ਚਮਕ ਰਿਹਾ ਸੀ। ਉਸ ਦੇ ਹੱਥ ਵਿਚ ਫੜੀ ਟਾਰਚ ਕੰਬਣ ਲੱਗੀ।

'ਉਹ ਇਥੋਂ ਤਕ ਵੀ ਪਹੁੰਚ ਗਏ ਸੀ?'

ਉਹ ਤ੍ਰੁੱਚੀ ਦੇਣੇ ਚੀਕਿਆ। ਉਸ ਦੇ ਹੱਥ ਕੰਬਣ ਲੱਗੇ।

ਉਸ ਦੇ ਹੱਥ ਵਿਚ ਫੜੀ ਟਾਰਚ ਹੇਠਾਂ ਡਿੱਗ ਕੇ ਕਦੋਂ ਦੀ ਬੁਝ ਚੁਕੀ ਸੀ।

(1971)

## ਜਦੋਂ ਕੁਲੀਆਂ 'ਚੋਂ ਨਵਾਂ ਸੂਰਜ ਚੜ੍ਹੇਗਾ

ਉਸ ਨੇ ਦਬਾ-ਦਬ ਆਪਣੇ ਦਫਤਰ ਦਾ ਕੰਮ ਨਬੇੜਿਆ ਤੇ ਫ਼ਾਈਲਾਂ ਨੂੰ ਅਲਮਾਰੀ ਵਿਚ ਸੁਟ ਕੇ ਸਿਧਾ ਸ਼ਹਿਰੋਂ ਬਾਹਰ ਪਈਆਂ ਸਾਂਸੀਆਂ ਦੀਆਂ ਕੁਲੀਆਂ ਵਲ ਹੋ ਤੁਰਿਆ।

ਅੱਜ ਸਵੇਰੇ ਜਦੋਂ ਸੈਰ ਕਰਨ ਗਿਆ ਸੀ ਤਾਂ ਇਕ ਸੂਰ ਚਾਰਦੀ ਕੁੜੀ ਨੇ ਉਸ ਵਲ ਪਿਆਰ-ਭਰੀ ਮੁਸਕਾਹਟ ਨਾਲ ਤਕਿਆ ਸੀ ਤੇ ਕਿੰਨਾਂ ਹੀ ਚਿਰ ਪਿਛਾਂਹ ਮੁੜ ਮੁੜ ਵੇਖਦੀ ਰਹੀ ਸੀ। ਉਸ ਦੀ ਤਕਣੀ ਨਾਲ ਜੀਤ ਬੰਨ੍ਹਿਆ ਗਿਆ ਸੀ ਤੇ ਮੂੰਹ ਵਿਚ ਦਾਤਣ ਲੈ ਕੇ ਨਿੱਕੀ ਜਿਹੀ ਟਿੱਬੀ ਤੇ ਬੈਠਣ ਲਈ ਮਜਬੂਰ ਹੋ ਗਿਆ ਸੀ।

ਉਸ ਨੂੰ ਟਿੱਬੀ ਤੇ ਬੈਠਿਆਂ ਵੇਖ ਕੇ ਕੁੜੀ ਨੇ ਵੀ ਆਪਣੇ ਸੂਰ ਮੋੜ ਲਏ ਸਨ ਤੇ ਫਟੀ ਜਿਹੀ ਸਲਵਾਰ ਨੂੰ ਗੋਡਿਆਂ ਤਕ ਉਪਰ ਚੜ੍ਹਾ ਕੇ ਥੋੜੀ ਦੂਰ ਟਾਹਲੀ ਹੇਠਾਂ ਜਾ ਬੈਠੀ ਸੀ-ਕਦੇ ਅੱਖਾਂ ਝਪਕ ਕੇ-ਕਦੇ ਗੋਲ ਗੋਲ ਚਿੱਟੀਆਂ ਚਿੱਟੀਆਂ ਪਿੰਜਨੀਆਂ ਵਿਖਾ ਕੇ ਕਦੇ ਆਪਣੇ ਹੱਥ ਵਿਚ ਫੜੀ ਕੰਡਿਆਂ ਵਾਲੀ ਸੋਟੀ ਨੂੰ ਉਪਰ ਹੇਠਾਂ ਕਰਕੇ ਉਹ ਆਪਣੇ ਦਿਲ ਨੂੰ ਫੋਲਣ ਦੇ ਯਤਨ ਕਰਦੀ ਰਹੀ ਸੀ।

ਉਹ ਵੀ ਬੁੱਤ ਬਣਿਆ ਉਸ ਵਲ ਤਕੀ ਜਾ ਰਿਹਾ ਸੀ। ਕੁੜੀ ਸੋਹਣੀ ਸੀ, ਪਰ ਮਣ ਮਣ ਜੰਮੀ ਮੈਲ, ਲਿੱਬੜੇ ਚਿਹਰੇ ਤੇ ਫਟੇ ਪੁਰਾਣੇ ਚੀਥੜਿਆਂ ਨੇ



ਉਸ ਦੀ ਸੁੰਦਰਤਾ ਦਾ ਗਲਾ ਘੁਟ ਰਖਿਆ ਸੀ-ਇਹ ਗੱਲ ਉਹਨੂੰ ਪਹਿਲੀ ਹੀ ਤਕਨੀ ਵਿਚ ਮਹਿਸੂਸ ਹੋ ਗਈ ਸੀ।

ਫੇਰ ਕੁੜੀ ਨੇ ਆਪਣੇ ਹੌਂਸਲੇ ਦਾ ਸਬੂਤ ਦਿਤਾ-ਇਕ ਪੱਥਰ ਦੀ ਰੋੜੀ ਉਹਨੇ ਜੀਤ ਤਕ ਵਗਾਹ ਦਿਤੀ ਸੀ-ਜੋ ਜੀਤ ਨੇ ਚੁਕ ਕੇ ਚੁੰਮ ਲਈ -ਤੇ ਵੇਖਿਆ, ਕੁੜੀ ਦਾ ਅੰਗ ਅੰਗ ਨੱਚ ਰਿਹਾ ਸੀ। ਆਪਣੀ ਖੁਸ਼ੀ ਨੂੰ ਕਾਬੂ ਨਾ ਕਰਦੀ ਉਹ ਉਠ ਖੜੋਤੀ ਤੇ ਸਿੱਧੀ ਆਪਣੇ ਸੂਰਾਂ ਨੂੰ ਅੱਗੇ ਲਾ ਕੇ ਆਪਣੀ ਮੈਲ ਨਾਲ ਗੱਚ ਹੋਈ ਚੁੰਨੀ ਨੂੰ ਹਵਾ ਵਿਚ ਉਲਾਰਦੀ-ਆਪਣੇ ਸੂਰਾਂ ਨੂੰ ਪਿਆਰਦੀ-ਪੁਚਕਾਰਦੀ ਕੁਲੀਆਂ ਵਿਚ ਜਾ ਛੁਪੀ।

ਕਿੰਨੀਆਂ ਹੀ ਕੁੜੀਆਂ ਜੀਤ ਦੇ ਰਾਹ ਵਿਚ ਆ ਕੇ ਚਲੀਆਂ ਗਈਆਂ ਸਨ-ਮਾਡਰਨ, ਅਪ-ਟੂ-ਡੇਟ, ਅਮੀਰ, ਕਾਲਜੀਏਟ, ਤੇ ਆਪਣੇ ਕੰਮਾਂ ਦੀਆਂ ਹਮਸਫਰ ਪਰ ਜਿੰਨੀ ਧੂਹ ਇਸ ਅਨਪੜ੍ਹ, ਲਿਬੜੀ ਤਿਬੜੀ ਤੇ ਸੂਰਾਂ ਮਗਰ ਫਿਰਨ ਵਾਲੀ ਕੁੜੀ ਨੇ ਉਹਦੇ ਅੰਦਰ ਮਚਾਈ ਸੀ,-ਪਹਿਲਾਂ ਕਦੇ ਨਹੀਂ ਸੀ ਮੱਚੀ। ਸਾਰਾ ਦਿਨ ਉਹ ਪੱਥਰ ਦੀ ਰੋੜੀ ਨੂੰ ਚੁੰਮਦਾ ਰਿਹਾ ਸੀ। ਨੰਗੀਆਂ ਪਿੰਜਨੀਆਂ, ਵੱਡੀਆਂ ਵੱਡੀਆਂ ਅੱਖਾਂ ਝਬਰੇ ਜਿਹੇ ਵਾਲਾਂ ਵਿਚੋਂ ਚਮਕਦਾ ਲਿਬੜਿਆ ਜਿਹਾ ਚਿਹਰਾ-ਸਾਰਾ ਦਿਨ ਉਸ ਦੀਆਂ ਫਾਈਲਾਂ ਵਿਚ ਨੱਚਦਾ ਰਿਹਾ ਸੀ।

ਤੇ ਹੁਣ ਉਹ ਉਸ ਚਿਹਰੇ ਨੂੰ ਸਾਂਸੀਆਂ ਦੀਆਂ ਕੁੱਲੀਆਂ ਵਿਚੋਂ ਲੱਭਣ ਨਿਕਲ ਆਇਆ ਸੀ।

ਬਜ਼ਾਰ ਦੇ ਭੀੜ-ਭੜਕਿਆਂ ਨੂੰ ਲੰਘ ਕੇ ਉਹ ਸਿਵਿਆਂ ਦੁਆਲੇ ਬਣੀ ਪੱਕੀ ਕੰਧ ਦੇ ਨਾਲ ਨਾਲ ਤੁਰਨ ਲੱਗਿਆ।

'ਸਾਂਸੀਆਂ ਦੀਆਂ ਕੁੱਲੀਆਂ ਵੱਲ ਪੱਕੀ ਸੜਕ' ਨਾਗ ਵਾਂਗ ਬਿਖਰੀ ਸੜਕ ਤੇ ਤੁਰਿਆ ਜਾਂਦਾ ਉਹ ਸੋਚਣ ਲੱਗਿਆ। ਕਿੰਨੇ ਹੀ ਸ਼ਹਿਰਾਂ ਵਿਚ ਤੇ ਉਨ੍ਹਾਂ ਦੀਆਂ ਗੰਦੀਆਂ ਬਸਤੀਆਂ ਵਿਚ ਜਾਣ ਦਾ ਉਹਨੂੰ ਸੈਂਕੜੇ ਵਾਰ ਮੌਕਾ ਮਿਲਿਆ ਸੀ-ਪਰ ਅਜਿਹੀ ਸੜਕ ਪਹਿਲੀ ਵੇਰ ਉਸ ਵੇਖੀ ਸੀ। ਸੜਕ ਦੀ ਨੁਕਰ ਤੇ ਬਣੀ ਕੋਠੀ ਦੇ ਬਾਹਰ ਲਗੇ ਬੋਰਡ ਤੇ ਜਦੋਂ ਉਸ ਦੀ ਨਿਗਾਹ ਪਈ ਤਾਂ ਉਸ ਨੂੰ ਅੱਗੇ ਸੋਚਣ ਦੀ ਲੋੜ ਨਾ ਪਈ।

ਸਿਵਿਆਂ ਦੁਆਲੇ ਬਣੀ ਪੁਰਾਣੀ ਚਾਰ-ਦੀਵਾਰੀ ਵਿਚੋਂ ਇੱਟਾਂ ਖੁਰ

ਖੁਰ ਕੇ ਗਿਰ ਗਈਆਂ ਸਨ ਜਿਨ੍ਹਾਂ ਵਿਚੋਂ ਅੰਦਰ ਜਲਦੇ ਮੁਰਦਿਆਂ ਦੀਆਂ ਲਾਟਾਂ ਉਹਨੂੰ ਵਿਖਾਈ ਦੇਣ ਲੱਗੀਆਂ। ਹਵਾ ਦੇ ਇਕ ਤੇਜ਼ ਬੁੱਲੇ ਨਾਲ ਉਹਦੇ ਨੱਕ ਵਿਚ ਸੜਦੇ ਮਾਸ ਦੀ ਬਦਬੋ ਘੁਸਨ ਲੱਗੀ ਪਰ ਸਾਹ ਘੁਟ ਕੇ ਉਹ ਤੁਰਦਾ ਰਿਹਾ।

ਸਾਂਸੀਆਂ ਦੇ ਜਵਾਕ ਉਸ ਦੇ ਅਗੇ-ਪਿਛੇ ਦੌੜਦੇ ਫਿਰਦੇ ਰਹੇ—ਵਿਆਹ ਵਰਗੀ ਖੁਸ਼ੀ ਉਨ੍ਹਾਂ ਚਿਹਰਿਆਂ ਤੇ ਠਾਠਾਂ ਮਾਰਦੀ ਸੀ। ਅੰਦਰ ਜਲਦੇ ਮੁਰਦਿਆਂ ਵਿਚੋਂ ਇਕ ਧਨਾਢ ਦਾ ਬਬਾਣ ਸਜਾਇਆ ਗਿਆ ਸੀ, ਤੇ ਇਹ ਖਿੱਲਾਂ, ਛੁਹਾਰੇ ਤੇ ਸਿੱਕੇ ਇਕੱਠੇ ਕਰਨ ਵਿਚ ਰੁਝੇ ਹੋਏ ਸਨ—ਖੱਦਰਾਂ ਦੇ ਗੋਡਿਆਂ ਤਕ ਵਡੀਆਂ ਤਣੀਆਂ ਵਾਲੇ ਕੁੜਤੇ, ਸਿਰੋਂ ਰੋਡੇ ਤੇ ਜਾਂ ਫੇਰ ਮਾੜੇ ਮੋਟੇ ਵਾਲ, ਮਿੱਟੀ ਘੱਟੇ ਤੇ ਮੈਲ ਨਾਲ ਲਿਬੜੇ, ਹੱਥਾਂ ਵਿਚ ਜ਼ਖਮ, ਰੇਠਾਂ ਲਿਟ ਕੇ ਪੈਸੇ ਚੁੱਕਣ ਕਾਰਨ ਲੱਗੀਆਂ ਰਗੜਾਂ ਵਿਚੋਂ ਸਿੰਮਦਾ ਖ਼ੂਨ। ਸਭ ਦੇ ਸਭ ਚਿੰਨ੍ਹ ਉਨ੍ਹਾਂ ਦੀ ਆਰਥਿਕ ਮੰਦਹਾਲੀ ਦੀ ਤਸਵੀਰ ਬਣ ਕੇ ਉਹਦੀਆਂ ਅੱਖਾਂ ਅਗੇ ਨੱਚਣ ਲੱਗੇ। ਅਜੀਬ ਜਿਹੇ ਦਰਦ ਦੀਆਂ ਤ੍ਰਾਟਾਂ ਉਸ ਦੇ ਅੰਦਰੋਂ ਉਠ ਕੇ ਦੱਬ ਗਈਆਂ।

ਉਨ੍ਹਾਂ ਵਿਚੋਂ ਇਕ ਨੂੰ ਖੜ੍ਹਾ ਕੇ 'ਉਸ ਸੂਰਾਂ ਵਾਲੀ ਕੁੜੀ ਬਾਰੇ' ਪੁਛਣ ਨੂੰ ਉਸ ਦਾ ਦਿਲ ਕੀਤਾ—ਇਕ ਵਲ ਹੱਥ ਵਧਾਇਆ—ਝਟ ਬਾਅਦ ਉਹਦਾ ਦਿਲ ਕੱਚਾ ਕੱਚਾ ਹੋਣ ਲਗਿਆ। ਨੱਕ ਵਿਚੋਂ ਵਗਦੀ ਨਲੀ ਤੇ ਅੱਖਾਂ ਵਿਚ ਜੰਮੀ ਗਿੱਡ ਵਾਲੇ ਜਵਾਕ ਨਾਲ ਉਹਦਾ ਗੱਲ ਕਰਨ ਨੂੰ ਦਿਲ ਨਾ ਕੀਤਾ।

ਸਾਂਸੀਆਂ ਦੀਆਂ ਕੁੱਲੀਆਂ ਕੋਲ ਆ ਕੇ ਜਿਵੇਂ ਮਿਊਨਸਪਲਟੀ ਦਾ ਬਜਟ ਵੀ ਮੁਕ ਗਿਆ ਸੀ—ਸਿਵਿਆਂ ਤਕ ਸਾਥ ਨਿਭਾਉਂਦੀ ਸੜਕ ਕੁੱਲੀਆਂ ਤਕ ਪਹੁੰਚਣ ਤੋਂ ਪਹਿਲਾਂ ਮੁਕ ਗਈ।

ਗੰਦੇ ਪਾਣੀ ਦੇ ਛੱਪੜ ਦੇ ਨਾਲ ਹੀ ਇਕ ਪਿੱਪਲ ਸੀ, ਜਿਸ ਦੁਆਲੇ ਇਕ ਮਿੱਟੀ ਦਾ ਚਬੂਤਰਾ ਬਣਿਆ ਸੀ, ਜੀਤ ਉਸ ਉਤੇ ਜਾ ਖੜੋਤਾ।

ਸੜਦੇ ਮਾਸ ਦੀ ਬਦਬੋ ਫੇਰ ਉਸਨੂੰ ਤੰਗ ਕਰਨ ਲੱਗੀ। ਜੇਬ ਵਿਚੋਂ ਰੁਮਾਲ ਕੱਢ ਕੇ ਨੱਕ ਤੇ ਰੱਖ ਲਿਆ। ਸਾਹਮਣੀਆਂ ਕੁੱਲੀਆਂ ਵਿਚੋਂ ਕਈਆਂ ਵਿਚ ਅੱਗ ਦੀਆਂ ਲਾਟਾਂ ਉੱਚੀਆਂ ਉਠਣ ਲੱਗ ਪਈਆਂ ਸਨ—ਥਾਲੀਆਂ ਵਰਗੀਆਂ ਰੁਖੀਆਂ ਰੋਟੀਆਂ ਚੁਕੀ ਕਈ ਜਵਾਕ ਉਸ ਦੇ ਅਗੋਂ ਲੰਘ ਗਏ।



ਉਹ ਹੈਰਾਨ ਸੀ—ਮਾਸ ਦੀ ਬਦਬੋ ਨਾਲ ਉਸ ਦਾ ਸਾਹ ਘੁਟਦਾ ਜਾ ਰਿਹਾ ਸੀ—ਖਬਰੇ ਇਹ ਕਿਹੋ ਜਿਹੀ ਸੜ੍ਹੀ ਗਲੀ ਲੋਥ ਸੀ—ਪਰ ਇਨ੍ਹਾਂ ਤੇ ਜਿਵੇਂ ਭੋਰਾ ਅਸਰ ਨਹੀਂ ਸੀ, ਤੇ ਜਾਂ ਫੇਰ ਉਹ ਬਦਬੋ ਵਿਚ ਰਹਿਣ ਦੇ ਆਦੀ ਹੋ ਗਏ ਸਨ, ਸ਼ਾਇਦ!

ਉਸ ਨੇ ਨਿਗਾਹ ਸਿਵਿਆਂ ਵਲੋਂ ਭੁਆ ਲਈ। ਇਧਰ ਛੱਪੜ ਦੀ ਨੁਕਰ ਤੇ ਇਕ ਨਿਕੀ ਕੰਧ ਅੰਦਰ ਭੜਥੂ ਪਾਉਂਦੇ ਸੂਰਾਂ ਤੇ ਉਸ ਦੀ ਨਿਗਾਹ ਟਿਕੀ। ਇਕ ਕਛੇ ਵਾਲਾ ਕਾਲਾ ਸ਼ਾਹ ਆਦਮੀ ਵਿਚ ਵੜਿਆ ਫਿਰਦਾ ਸੀ—ਉਸ ਆਦਮੀ ਨੂੰ ਇਸ ਤਰ੍ਹਾਂ ਵੇਖ ਕੇ ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਦਾ ਖਾਧਾ ਪੀਤਾ ਬਾਹਰ ਨੂੰ ਆ ਰਿਹਾ ਹੋਵੇ।

ਸੂਰਾਂ ਨੇ ਫੇਰ ਸਵੇਰ ਵਾਲੀ ਕੁੜੀ ਦੀ ਯਾਦ ਉਹਦੇ ਅੰਦਰ ਤਾਜ਼ਾ ਕਰ ਦਿਤੀ। ਕੁੜੀ ਸੋਹਣੀ ਸੀ ਤੇ ਰੁਮਾਂਚਿਕ।

ਨਿਗਾਹਾਂ ਬਾੜੇ ਤੋਂ ਉਠ ਕੇ ਕੱਚੀਆਂ-ਹਨੇਰੀਆਂ ਤੇ ਤੰਗ ਕੁਲੀਆਂ ਤੇ ਨੱਚਨ ਲੱਗੀਆਂ। ਵਾਰ ਵਾਰ ਉਸ ਨੂੰ ਮਹਿਸੂਸ ਹੁੰਦਾ ਉਹ ਤਾਂ ਕਿਸੇ ਨਰਕ ਵਿਚ ਆ ਵੜਿਆ ਏ, ਕਿਸੇ ਪਰੀ ਦੇ ਜਾਦੂ ਨਾਲ। ਉੱਚੀ ਉੱਚੀ ਖਊਂ ਖਊਂ ਕਰਦੇ ਪੀਲੇ, ਮਾੜਕੂ ਤੇ ਸੜੀਅਲ ਜਿਹੇ ਬੁੱਢਿਆਂ ਨੇ ਉਹਦਾ ਧਿਆਨ ਉਖੇੜਿਆ। ਅੱਖਾਂ ਵਿਚਲੀ ਗਿਡ, ਕਰੜ-ਬਰੜੀ ਦਾੜ੍ਹੀ ਤੇ ਭੂਤਾਂ ਵਰਗਿਆਂ ਚੇਹਰਿਆਂ ਨੂੰ ਵੇਖ ਕੇ ਉਹਦਾ ਦਿਲ ਇਕ ਵਾਰ ਫੇਰ ਗਲਿਆਨੀ ਨਾਲ ਭਰ ਗਿਆ।

ਇਕ ਨਵੇਂ ਕਿਸਮ ਦੀ ਬਦਬੋ ਨੇ ਉਹਦਾ ਧਿਆਨ ਖਿਚਿਆ। ਮਿਊਨਸਪਲਟੀ ਦੀ ਕੂੜੇ ਵਾਲੀ ਰੇੜ੍ਹੀ ਉਹਦੇ ਕੋਲ ਹੀ ਛੱਪੜ ਵਿਚ ਗੰਦ ਉਲਟਨ ਲੱਗ ਪਈ—ਉਹ ਅਗਾਂਹ ਨੂੰ ਤੁਰਨ ਲਈ ਮਜਬੂਰ ਹੋ ਗਿਆ।

ਬਾਰਸ਼ ਕਾਰਨ ਥਾਂ ਥਾਂ ਚਿੱਕੜੀ ਬਣੀ ਹੋਈ ਸੀ ਤੇ ਕਈ ਥਾਈਂ ਉਹਦੇ ਪੰਜਾਹਾਂ ਰੁਪਿਆਂ ਦੇ ਬੂਟ ਬਿਲਕੁਲ ਪੀਕ ਵਿਚ ਧਸ ਕੇ ਗੱਚ ਹੋ ਗਏ ਸਨ—ਪੈਂਟ ਉਹਨੇ ਹੱਥਾਂ ਨਾਲ ਉਤਾਂਹ ਚੁੱਕ ਲਈ ਸੀ ਪਰ ਫੇਰ ਵੀ ਉਹ ਛਿੱਟਿਆਂ ਤੋਂ ਖਹਿੜਾ ਨਹੀਂ ਸੀ ਛੁਡਾ ਸਕਿਆ।

ਇਕ ਗੰਦੀ ਤੇ ਵਡੀ ਨਾਲੀ ਅੱਗੇ ਜਾ ਕੇ ਉਹਨੂੰ ਰੁਕਣਾ ਪਿਆ। ਨਾ ਇਹ ਟਪੀ ਜਾ ਸਕਦੀ ਸੀ ਤੇ ਨਾ ਇਸ ਤੇ ਪੈਰ ਰਖਿਆ ਜਾ ਸਕਦਾ ਸੀ।

ਕਿਸੇ ਨੇ ਵਿਚ ਗੋਹਾ ਸੁਟ ਦਿਤਾ ਸੀ ਜਿਸ ਕਰਕੇ ਥਾਂ ਘ੍ਰਿਣਾਇਕ ਬਣੀ ਪਈ ਸੀ।

'ਤੋਬਾ ਅਜਿਹੇ ਇਸ਼ਕ ਤੋਂ...ਕਲ ਵੇਖੀ ਜਾਏਗੀ...।' ਅਗਲੇ ਪਿਛਲੇ ਹਾਲਾਤਾਂ ਤੋਂ ਅੱਕ ਕੇ ਉਹਨੇ ਪਿਛਾਂਹ ਕਦਮ ਮੋੜੇ।

'ਕਿਉਂ ਜੀ ਫਸਿਆ ਨਹੀਂ ਕੋਈ ਸ਼ਿਕਾਰ! ਮੁੜ ਵੀ ਚਲੇ ਜੇ ਦਿਨ ਖੜੇ ਖੜੇ।' ਦੋ ਤਿੰਨ ਕਾਲੇ ਤੇ ਦਾਗੀ ਚੇਹਰਿਆਂ ਵਾਲਿਆਂ ਵਿਚੋਂ ਇਕ ਨੇ ਉਹਦੇ ਤੇ ਵਿਅੰਗ ਕੀਤਾ।

ਉਹਦੇ ਕਦਮ ਰੁਕ ਗਏ।

'ਆਉ ਅਸੀਂ ਲੰਘਾਈਏ...ਮੁੜਨਾ ਕਾਹਨੂੰ ਜੇ...।' ਉਨ੍ਹਾਂ ਵਿਚੋਂ ਇਕ ਨੇ ਅਗੇ ਵਧ ਕੇ ਉਧਰੋਂ ਦੋ ਇੱਟਾਂ ਨਾਲੀ ਵਿਚ ਰਖ ਦਿਤੀਆਂ। ਪੈਰ ਧਰ ਕੇ ਉਹ ਅਗਾਂਹ ਟਪ ਗਿਆ। ਮਗਰੇ ਉਹ ਵੀ ਟਪ ਆਏ।

'ਇਥੇ ਇਹ ਹੀ ਕੁਝ ਹੁੰਦੈ ?'

'ਇਥੇ ਸ਼ਿਕਾਰ ਵੀ ਹੁੰਦੇ ਨੇ।'

'ਜਿੰਨੇ ਮਰਜ਼ੀ।'

''ਅਜੀ ਕਦੇ ਕਦੇ ਤੁਹਾਡੇ ਵਰਗਾ ਕੋਈ ਫਸ ਈ ਜਾਂਦੈ...ਸ਼ੁਗਲ ਮੇਲੇ ਲਈ।'

'ਹੋਰ ਇਨ੍ਹਾਂ ਦੇ ਹਲ ਚਲਦੇ ਨੇ...।' ਇਕ ਹੋਰ ਨੇ ਕਿਹਾ।

ਉਨ੍ਹਾਂ ਦੇ ਬੋਲਾਂ ਨੇ ਉਸ ਦੀ ਸੋਚਨੀ ਨੂੰ ਦਬੋਚ ਲਿਆ। ਗੁੰਮ ਸੁੰਮ ਹੋਇਆ ਉਹ ਉਨ੍ਹਾ ਨਾਲੋਂ ਨਿਖੜ ਗਿਆ। ਉਨ੍ਹਾਂ ਵਿਚੋਂ ਕੁਝ ਅਗਾਂਹ ਲੰਘ ਗਏ ਤੇ ਕੁਝ ਇਕ ਕੁੱਲੀ ਦਾ ਕੁੰਡਾ ਖੜਕਾਉਣ ਲਗੇ। ਉਹਦੀ ਪੈਂਟ ਚਿਕੜ ਨਾਲ ਗਚ ਹੋ ਚੁਕੀ ਸੀ–ਹਾਰ ਕੇ ਉਹਨੇ ਹੇਠਾਂ ਸੁਟ ਲਈ।

'ਇਹ ਵੀ ਤੇ ਬੰਦੇ ਨੇ–ਇਕ ਆਜ਼ਾਦ ਦੇਸ਼ ਦੇ ਵਸਨੀਕ...।' ਸੋਚ ਕੇ ਉਹਨੇ ਨੱਕ ਤੋਂ ਰੁਮਾਲ ਵੀ ਚੁਕ ਲਿਆ ਤੇ ਥਪੜ ਥਪੜ ਪੈਰ ਮਾਰਦਾ ਤੇਜ਼ੀ ਨਾਲ ਅੱਗੇ ਵਧਣ ਲਗਿਆ। 'ਆਜ਼ਾਦ ਦੇਸ਼ ਦੇ ਵਸਨੀਕ' ਸ਼ਬਦ ਸੋਚ ਕੇ ਉਹਨੂੰ ਕੰਬਣੀ ਛਿੜ ਗਈ। ਹੁਣੇ ਹੁਣੇ ਉਹ ਦਫਤਰੋਂ ਭਾਰਤ ਦੀ ਬੇ-ਮਿਸਾਲ ਤਰੱਕੀ ਦੀ ਰਿਪੋਰਟ ਤਿਆਰ ਕਰਕੇ ਆਇਆ ਸੀ–ਤੇ ਇਥੇ ਕੀ ਹੋਇਆ ਸੀ ? ਕਿਥੇ ਤਰੱਕੀ ਹੋਈ ਸੀ ?' ਵਾਰ ਵਾਰ ਇਹੋ ਸਵਾਲ ਉਹਦੇ ਅੰਦਰੋਂ



ਉਠਣ ਲਗੇ।

ਪੰਜ ਸੱਤ ਕੁੱਲੀਆਂ ਬਾਕੀ ਰਹਿੰਦੀਆਂ ਸਨ ਪਰ ਹਾਲੀ ਤਕ ਉਹਨੂੰ ਆਪਣੀ ਮਹਿਬੂਬਾ ਦਾ ਦਰਵਾਜ਼ਾ ਨਹੀਂ ਸੀ ਲੱਭਾ।

ਉਹ ਨਿਧੜਕ ਤੁਰ ਰਿਹਾ ਸੀ–ਨਾ ਪੈਂਟ ਦੇ ਲਿਬੜਨ ਦਾ ਡਰ ਤੇ ਨਾ ਬੂਟਾਂ ਦੀ ਪਾਲਿਸ਼ ਦਾ ਭੈਅ–ਤੇ ਇਸ ਤੋਰ ਵਿਚੋਂ ਉਸ ਨੂੰ ਇਕ ਅਜੀਬ ਨਸ਼ਾ ਆਉਣ ਲਗਿਆ।

ਉਹ ਆਖਰੀ ਕੁੱਲੀਆਂ ਵਲ ਵਧ ਰਿਹਾ ਸੀ। ਕੁਲੀਆਂ ਮੁੱਕਣ ਤੇ ਆ ਗਈਆਂ ਸਨ ਪਰ ਹਾਲੀ ਤਕ ਉਹਦਾ ਮਿਸ਼ਨ ਪੂਰਾ ਨਹੀਂ ਸੀ ਹੋਇਆ। (ਉਹਦਾ ਦਿਲ ਇਕ ਵਾਰ ਫਿਰ ਸਾਰੀਆਂ ਕੁੱਲੀਆਂ ਫੋਲਣ ਨੂੰ ਕਰ ਰਿਹਾ ਸੀ)

ਕਿਸੇ ਕਿਸੇ ਕੁੱਲੀ ਵਿਚ ਮੱਧਮ ਰੌਸ਼ਨੀ ਚਮਕਣ ਲਗ ਪਈ ਸੀ–ਲੋਕਾਂ ਨੇ ਮਿੱਟੀ ਦੇ ਤੇਲ ਦੇ ਦੀਵੇ ਬਾਲ ਲਏ ਸਨ ਸ਼ਾਇਦ!

ਸਾਹਮਣੇ ਇਕ ਪਾਸੇ ਮੰਜਾ ਡਾਹੀ ਬੈਠੇ ਮੁੰਡਿਆਂ ਵਿਚ ਉਸਨੇ ਵੇਖਿਆ ਇਕ ਕੁੜੀ ਵੀ ਬੈਠੀ ਸੀ। ਮੁੰਡੇ ਅਪ-ਟੂ-ਡੇਟ ਜੋ ਸ਼ਹਿਰੀ ਲਗਦੇ ਸਨ ਤੇ ਸਿਗਰਟਾਂ ਦਾ ਕਸ਼ ਲਾ ਕੇ ਉਸ ਵਲ ਖਾ ਜਾਨ ਵਾਲੀਆਂ ਨਿਗਾਹਾਂ ਨਾਲ ਤੱਕ ਜਾ ਰਹੇ ਸਨ।

ਉਸ ਨੂੰ ਵੇਖਣ ਲਈ ਉਹਦੇ ਕਦਮ ਤੇਜ਼ ਹੋ ਗਏ।

ਕੁੜੀ ਨਾਲ ਨਿਗਾਹਾਂ ਮਿਲੀਆਂ। ਉਹਦਾ ਦਿਲ ਧਕ ਕਰਕੇ ਰਹਿ ਗਿਆ। ਕੁੜੀ ਨੇ ਝਟ ਨੀਵੀਂ ਪਾ ਲਈ। ਮੁੰਡਿਆਂ ਵਲ ਉਹਨੇ ਘ੍ਰਿਣਾ ਵਾਲੀਆਂ ਨਿਗਾਹਾਂ ਨਾਲ ਤੱਕਿਆ। ਜਿਵੇਂ ਉਨ੍ਹਾਂ ਉਸ ਦੇ ਸੁਪਨੇ ਨੂੰ ਕਤਲ ਕਰ ਦਿਤਾ ਹੋਵੇ। ਕੁੜੀ ਨੇ ਮੂੰਹ ਤੇ ਪਲਾ ਦੇ ਲਿਆ। ਉਠੀ ਤੇ ਪਰਲੇ ਪਾਸੇ ਮੂੰਹ ਕਰਕੇ ਕੁੱਲੀ ਅੰਦਰ ਜਾ ਵੜੀ।

ਅੰਦਰ ਵੜ ਕੇ ਟੁੱਟੇ ਫੁੱਟੇ ਤਖਤੇ ਜੋੜ ਕੇ ਬਣਾਏ ਫਾਟਕ ਨੂੰ ਭੇੜ ਲਿਆ ਤੇ ਅੰਦਰ ਪਿਠ ਲਾ ਕੇ ਖੜੋ ਗਈ। ਜੀਤ ਦੇ ਕਦਮ ਰੁਕ ਗਏ। ਕੁੜੀ ਉਹੋ ਸੀ। ਤੋਰ ਵੀ–ਕੁੱਲੀਆਂ ਦੇ ਪਿਛਵਾੜੇ ਸੂਰ ਵੀ ਖਲੋਤੇ ਸਨ–ਕੁੜੀ ਨੇ ਮੂੰਹ ਢੱਕ ਲਿਆ ਸੀ–ਪਰ ਤੋਰ ਤੇ ਨਹੀਂ ਸੀ ਬਦਲੀ!

ਕੁੜੀ ਨੂੰ ਇਸ ਤਰ੍ਹਾਂ ਅੰਦਰ ਵੜ ਕੇ ਬਾਰ ਭੇੜ ਲੈਣਾ ਉਹਨੂੰ ਚੰਗਾ ਨਾ ਲਗਿਆ। ਜਿਸ ਲਈ ਉਹ ਇੰਨੇ 'ਗੰਦ' ਵਿਚੋਂ ਲੰਘ ਕੇ ਆਇਆ ਸੀ ਉਹ

ਇਸ ਤਰ੍ਹਾਂ ਦਰਵਾਜ਼ਾ ਭੇੜ ਲਵੇ ਉਸ ਨੂੰ ਚੰਗਾ ਨਾ ਲਗਿਆ ।

ਕੁੱਲੀ ਸਾਹਮਣੇ ਆ ਕੇ ਉਹਦੇ ਕਦਮ ਫੇਰ ਰੁਕ ਗਏ । ਦਰਵਾਜ਼ੇ ਦੀਆਂ ਵਿਰਲਾਂ ਵਿਚੋਂ ਉਹਦੇ ਮੋਟੇ ਨੈਣ ਸਾਫ ਆਪਣੇ ਤੇ ਟਿਕੇ ਉਹਨੂੰ ਵਿਖਾਈ ਦਿਤੇ— ਉਨ੍ਹਾਂ ਵਿਚੋਂ ਅੱਥਰੂ ਤ੍ਰਿਪ ਤ੍ਰਿਪ ਵਹਿ ਰਹੇ ਸਨ—!

ਜੀਤ ਦਾ ਦਿਲ ਇਕ ਦਮ ਪਸੀਜ ਗਿਆ...ਉਸ ਨੂੰ ਮਹਿਸੂਸ ਹੋਇਆ ਜਿਵੇਂ ਅੰਦਰ ਬੁੱਤ ਬਣੀ ਕੁੜੀ ਦਾ ਦਿਲ ਉੱਚੀ ਉੱਚੀ ਚਿਲਾ ਕੇ ਆਖ ਰਿਹਾ ਹੋਵੇ :

'ਮੈਨੂੰ ਮਾਫ ਕਰਦੇ ਮੇਰੇ ਮਹਿਬੂਬ...ਤੇਰੇ ਵਲ ਪਿਆਰ ਦੀ ਨਿਗਾਹ ਨਾਲ ਤਕ ਕੇ ਮੈਂ ਗਲਤੀ ਕੀਤੀ ਹੈ... ਮੈਂ ਭੁਲ ਗਈ ਸੀ ਤੂੰ ਮਹਿਲੀਂ ਵਸਦਾ ਰਾਜ ਕੁਮਾਰ ਹੈਂ...ਤੇ ਮੈਂ ਇਨ੍ਹਾਂ ਗੰਦੀਆਂ ਬਸਤੀਆਂ ਦਾ ਬੀਮਾਰ ਕੀੜਾ...ਇਹ ਨਾ ਸੋਚ ਬਹੀਂ ਦਰਵਾਜ਼ੇ ਬੰਦ ਕਰਕੇ ਮੈਂ ਨਫਰਤ ਦਾ ਪਰਗਟਾਵਾ ਕੀਤੈ । ਇਹ ਤੇ ਮੇਰੇ ਦਿਲ ਤੋਂ ਪੁਛ...ਮੈਂ ਤੈਨੂੰ ਕਿੰਨਾ ਚਾਹਿਆ...ਪਰ ਰਾਜੇ ਕਿਨ੍ਹਾਂ ਸੁਗਾਤਾਂ ਨਾਲ ਤੇਰਾ ਸਵਾਗਤ ਕਰਾਂ...ਕਿਹੜੇ ਪਲੰਘਾਂ ਤੇ ਤੈਨੂੰ ਬਿਠਾਵਾਂ ਤੇ ਕਿਹੜੀਆਂ ਕੋਠੀਆਂ ਵਿਚ ਤੈਨੂੰ ਅਰਾਮ ਦਿਵਾਵਾਂ...ਅੱਜ ਆਜ਼ਾਦੀ ਦੇ ਚਵੀ ਸਾਲਾਂ ਬਾਦ ਅਸੀਂ ਉਹੋ ਗੰਦ ਦੇ ਢੇਰ ਹਾਂ...ਤੂੰ ਹਾਲੇ ਉਡੀਕ ਮੇਰੇ ਚੰਨਾਂ...ਕਿਸੇ ਨਵੇਂ ਸੂਰਜ ਨੂੰ ਜਿਹੜਾ ਜਲਦੀ ਸਾਡੀਆਂ ਕੁੱਲੀਆਂ ਵਿਚੋਂ ਜਨਮੇਂਗਾ...ਫੇਰ ਉਸ ਦੀ ਰੋਸ਼ਨੀ ਵਿਚ ਤੂੰ ਆਵੀਂ...ਇਹ ਗੰਦੀ ਕੁੱਲੀ ਇਕ ਮਹਿਲ ਬਣੇਗੀ ਤੇ ਮੈਂ ਇਕ ਰਾਜਕੁਮਾਰੀ ਬਣ ਕੇ ਤੇਰੀ ਉਡੀਕ ਕਰਾਂਗੀ...ਮੈਨੂੰ ਨਫਰਤ ਨਾ ਕਰੀਂ...ਵੇਖੀਂ ਭੁਲ ਵੀ ਨਾ ਜਾਈਂ...ਬਸ...ਮੇਰੇ ਦੇਵਤੇ !'

ਤੇ ਜਦੋਂ ਉਹ ਕੁਲੀਆਂ ਵਿਚੋਂ ਬਾਹਰ ਆਇਆ ਤਾਂ ਉਸ ਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਸਚ ਮੁਚ ਹੀ ਕੋਈ ਨਵਾਂ ਸੂਰਜ ਇਨ੍ਹਾਂ ਕੁੱਲੀਆਂ ਵਿਚ ਚੜ੍ਹਨ ਲਈ ਤਿਆਰੀਆਂ ਆਰੰਭ ਰਿਹਾ ਹੋਵੇ ।

—ਦਸੰਬਰ 1971



## ਹਲਾਂ ਦੇ ਮੁੰਨੇ

'ਤਾਇਆ .ਤਾਇਆ...ਓ...ਤਾਇਆ...'

'ਹਾਂ ਹਾਂ ਕੁਝ ਮਰ ਵੀ......ਕਿਉਂ ਦਮ ਚੜ੍ਹਾਇਆ...' ਸੱਥ 'ਚ ਬੈਠੇ ਤਾਏ ਨੇ ਹਫੇ ਆਉਂਦੇ ਭਤੀਜੇ ਤੋਂ ਪੁੱਛਿਆ ।

'ਓਏ......ਮੈਂ ਆਖਿਆ ਅੱਜ ਜਾਂਦਾ ਸੀ ਨਾ ਸਰਦਾਰਾਂ ਦਾ ਵੱਡਾ ਮੁੰਡਾ ਦੁਪਹਿਰੇ ਰੋਟੀ ਲਈ...ਮੇਰੇ ਨਾਲ ਵਗ ਗਿਆ ਸੀ । ਹੁਣ ਪਿਆ ਮੰਜੇ 'ਚ...।'

'ਕਿਉਂ ਕੀ ਹੋ ਗਿਆ ਉਹਨੂੰ...?'

'ਅਖੇ ਗਰਮੀ ਲੱਗ ਗੀ...'

'ਹੱਛਾ ! ਉਹ ਤਾਂ ਸੌਹਰਾ ਉਦੋਂ ਕੁਮਲਾਇਆ ਪਿਆ ਸੀ । ਤੈਨੂੰ...ਮੈਂ ਨੀਂ ਸੀ ਆਖਿਆ, ਬਈ ਨਾ ਲਿਜਾ ਇਹਨੂੰ...ਨਹੀਂ ਗਰਮੀ ਝੱਲ ਹੋਣੀ... ਤੁਸੀਂ ਕਿਹੜਾ ਮੰਨਦੇ ਓ...।'

'ਓਏ ਹਾਲੇ ਕਿਹੜੀ ਗਰਮੀ ਪੈਂਦੀ ਆ, ਜਿਹੜੀ ਉਸ ਨੂੰ ਲੱਗ ਗੀ... ਐਥੇ ਤਾਂ ਸਾਲਾ ਕਦੇ ਨੀਂ ਬਖਾਰ ਬਖੂਰ ਚੜ੍ਹਿਆ...ਨਿੱਤ ਈ ਰੋਟੀ ਲਿਜਾਨੈ ਆਂ ।'

'ਉਏ ਉਹ ਹੋਇਆ ਸਰਦਾਰਾਂ ਦਾ ਮੁੰਡਾ ਆਪਣੇ ਨਾਲ ਰਲ ਗਿਆ ਭਲਾ...।'

'ਚਲ ਉਹ ਤਾਂ ਭਲਾ ਠੀਕ ਆ...ਪਰ ਬਈ ਉਹ ਤਾਂ ਰੋਟੀ ਫੜਾਉਣ

ਗਿਆ ਈ ਬੀਮਾਰ ਹੋ ਗਿਆ, ਜੇ ਕਿਤੇ ਕਾਮਰੇਡ ਦੇ ਕਹਿਣ ਮੁਤਾਬਕ ਹਲਾਂ ਦੇ ਮੁੰਨੇ ਫੜਨੇ ਪੈ ਗਏ ਫੇਰ ਭਲਾ ?'

ਤਾਏ ਨੂੰ ਕੋਈ ਜਵਾਬ ਨਾ ਔੜਿਆ। ਕਿੰਨਾਂ ਚਿਰ ਫੇਰ ਫੇਰ...ਕਰਦਾ ਹੋਇਆ ਫੇਰ ਬੋਲਿਆ :

'ਆਪੇ ਮਰਨਗੇ ਸਾਲੇ......ਤੂੰ ਕਾਤੋਂ ਫਿਕਰ ਕਰਦੈਂ...ਚਲ ਚਲੀਏ ਖੇਤ...।'

ਤੇ ਉਹ ਬੇਫਿਕਰ ਹੋ ਕੇ ਖੇਤ ਵੱਲ ਤੁਰ ਪਏ।

ਜਨਵਰੀ 1972



## ਫ਼ਾਇਰ

ਰਾਤ, ਸਾਰੀ ਰਾਤ ਵਟ ਰਿਹਾ ਸੀ। ਪਰ ਸਵੇਰ ਹੁੰਦਿਆਂ ਹੀ ਠੰਡੀ ਹਵਾ ਦੇ ਨਾਲ ਨਾਲ ਅਸਮਾਨ ਲਾਲ ਪੀਲੇ ਬੱਦਲਾਂ ਨਾਲ ਭਰ ਗਿਆ। ਫੇਰ ਉਹ ਕਿਧਰੇ ਅਲੋਪ ਹੋ ਗਏ ਅਤੇ ਕੱਲ ਵਾਂਗ ਥੋੜੀ ਥੋੜੀ ਵੱਗਦੀ ਰੁੱਖੀ ਹਵਾ ਤੂਫ਼ਾਨ ਵਿਚ ਵੱਟ ਗਈ। ਟਿੱਬਿਆਂ ਦਾ ਰੇਤਾ, ਸੜਕਾਂ ਤੇ ਬਿਖਰਿਆ ਕੂੜਾ ਅਤੇ ਸੁੱਕੇ ਦਰਖ਼ਤਾਂ ਦੇ ਝੜੇ ਪੱਤੇ ਵੀ ਅਸਮਾਨ ਵਿਚ ਜਾ ਚੜ੍ਹੇ।

ਪੁਲਿਸ ਟੈਂਟਾਂ ਦੁਆਲੇ ਲੱਗੇ ਦਰਖ਼ਤਾਂ ਦੇ ਝੁੰਡ ਵਿਚ ਜਦੋਂ ਤੂਫ਼ਾਨ ਅਪੜਿਆ ਤਾਂ ਦਰਖ਼ਤਾਂ ਦੇ ਪੱਤਿਆਂ ਵਿਚੋਂ ਆਵਾਜ਼ਾਂ ਗੂੰਜੀਆਂ। ਡਰੇ, ਧਮਕੇ ਸਿਪਾਹੀਆਂ ਨੇ ਆਪਣੇ ਆਪਣੇ ਟੈਂਟਾਂ ਨੂੰ ਬੰਦ ਕਰ ਲਿਆ, ਕਿਤੇ ਤੂਫ਼ਾਨ ਦਾ ਅਸਰ ਉਨ੍ਹਾਂ ਤੇ ਨਾ ਹੋ ਜਾਏ। ਤੂਫ਼ਾਨ ਪੱਤਿਆਂ ਵਿਚ ਦੀ ਜਦੋਂ ਚੰਘਾੜਦਾ ਜਾਂ ਉਨ੍ਹਾਂ ਦੇ ਤੰਬੂਆਂ ਨੂੰ ਜੜੋਂ ਉਖੇੜਨ ਵਰਗੇ ਕਰ ਦਿੰਦਾ, ਉਹ ਸਹਿਮੇ ਇਕ ਦੂਜੇ ਵੱਲ ਤੱਕਦੇ, ਕੋਲ ਕੋਲ ਹੋ ਹੋ ਬੈਠਦੇ ਕਿਤੇ ਆਪਣੇ ਹੀ ਤੰਬੂ ਹੇਠ ਉਹ ਦੱਬ ਨਾ ਮਰਨ।

ਤੂਫ਼ਾਨ ਆਪਣੇ ਪੂਰੇ ਜੋਬਨ ਤੇ ਸੀ, ਰਾਜਧਾਨੀਉਂ ਜਦੋਂ ਆਏ ਵੱਡੇ ਪੁਲਿਸ ਅਫ਼ਸਰ ਨੂੰ ਦੋ ਹਫ਼ੇ ਆਉਂਦੇ ਸਿਪਾਹੀਆਂ ਨੇ ਸੂਚਿਤ ਕੀਤਾ। ਵਿਦਿਆਰਥੀਆਂ ਦਾ ਤੂਫ਼ਾਨ ਅੱਜ ਖ਼ਾਲੀ ਵਾਪਸ ਨਹੀਂ ਜਾਣਾ। ਸੀ.ਆਈ.ਡੀ. ਦੀ ਰਿਪੋਰਟ ਸੀ, ਮੁੰਡਿਆਂ ਨੇ ਅੱਜ ਫੇਰ ਜਲੂਸ ਕੱਢਣਾ ਹੈ। ਅੱਜ ਮੁੰਡੇ ਕੱਲ ਵਾਂਗ

ਖਾਲੀ ਹੱਥ ਨਹੀਂ ਹੋਣਗੇ। ਪੰਜਾਹਾਂ ਤੋਂ ਵੱਧ ਕੋਲ ਡਾਂਗਾਂ, ਤਿੰਨ ਚਾਰ ਕੋਲ ਪਸਤੌਲ ਅਤੇ ਕਈ ਹੋਰਾਂ ਕੋਲ ਮਾਰੂ ਹਥਿਆਰ ਵੀ ਹੋ ਸਕਦੇ ਸਨ।

ਅਰਾਮ ਵਿਚ ਪਏ ਅਫ਼ਸਰ ਨੂੰ ਕੁਝ ਫਿਕਰ ਹੋਇਆ। ਉਹ ਅਬੜਵਾਹੇ ਉੱਠਿਆ ਅਤੇ ਵਾਂ ਵਾਂ ਕਰਦੀ ਹਨ੍ਹੇਰੀ ਵਿਚ ਤੰਬੂ ਤੰਬੂ ਘੁੰਮਣ ਲੱਗਿਆ ਸਾਰੇ ਸਿਪਾਹੀਆਂ ਨੂੰ ਰੌਂਦ ਲੈ ਕੇ ਤਿਆਰ ਹੋਣ ਦੇ ਆਦੇਸ਼ ਮਿਲ ਗਏ।

ਸਾਰੇ ਤੰਬੂਆਂ ਵਿਚ ਕੁਰਬਲ ਕੁਰਬਲ ਹੋਣ ਲੱਗੀ। ਸਭ ਨੇ ਆਪਣੀਆਂ ਆਪਣੀਆਂ ਵਰਦੀਆਂ ਕੱਸਣੀਆਂ ਸ਼ੁਰੂ ਕਰ ਦਿੱਤੀਆਂ। ਬੂਟ ਲਿਸ਼ਕਾਏ ਗਏ ਬੈਲਟਾਂ ਕੱਸੀਆਂ ਗਈਆਂ, ਰਾਈਫਲਾਂ ਸਾਫ਼ ਹੋਈਆਂ ਅਤੇ ਠੱਕ ਠੱਕ ਪੈਰ ਖੜਕਾਉਂਦੇ ਕੁਝ ਸਹਿਮੇ ਅਤੇ ਕੁਝ ਖੁਸ਼ ਸਿਪਾਹੀ ਰੌਂਦ ਲੈਣ ਨੂੰ ਕਤਾਰਾਂ ਬਣਾਉਣ ਲੱਗੇ।

ਪਰ ਸੁੱਚੇ ਦੀ ਵਰਦੀ ਪਾਉਣ ਨੂੰ ਵੱਢੀ ਰੂਹ ਵੀ ਨਹੀਂ ਸੀ ਕਰਦੀ। ਹਾਲੀਂ ਕੱਲ ਦੀਆਂ ਘਟਨਾਵਾਂ ਦਾ ਅਸਰ ਉਸਦੇ ਮਨ ਤੋਂ ਲੱਥਿਆ ਨਹੀਂ ਸੀ। ਉਹ ਇੰਨੇ ਪਤਲੇ ਦਿਲ ਦਾ ਹੋ ਗਿਐ, ਉਸਨੂੰ ਯਕੀਨ ਨਹੀਂ ਸੀ ਆਉਂਦਾ। ਕੱਲ ਤਾਂ ਉਸਦੀ ਗੋਲੀ ਤੋਂ ਸਿਰਫ ਇਕੋ ਮੁੰਡਾ ਮਰਿਆ ਸੀ। ਉਸਨੇ ਤਾਂ ਭੋਰਾ ਮਨ ਤੇ ਨਹੀਂ ਸੀ ਲਿਆਂਦੀ, ਜਦੋਂ ਵੱਢਾ ਟੁੱਕੀ ਵੇਲੇ ਪਤਾ ਨਹੀਂ ਕਿੰਨੇ ਮੁਸਲਮਾਨ ਉਸਨੇ ਮਾਰੇ ਸਨ। ਇਕੋ ਝਟਕੇ ਨਾਲ ਧੌਣ ਲਾਹ ਕੇ ਪਰ੍ਹਾਂ ਵਗਾਹ ਦੇਣੀ ਤਾਂ ਜਿਵੇਂ ਉਸਦਾ ਸ਼ੌਂਕ ਹੀ ਸੀ। ਉਸਨੂੰ ਯਾਦ ਸੀ ਘਟੋ ਘੱਟ ਪੰਦਰਾਂ ਵੀਹ ਤਾਂ ਉਸਨੇ ਕੱਲ ਮਰੇ ਮੁੰਡੇ ਵਰਗੇ ਜ਼ਰੂਰ ਹੀ ਮਾਰੇ ਹੋਣਗੇ। ਤੇ ਨਾਲੇ ਕੱਲ ਮਰਨ ਵਾਲੇ ਮੁੰਡੇ ਨੇ ਤਾਂ 'ਸੀ' ਤੱਕ ਵੀ ਨਹੀਂ ਸੀ ਕੀਤੀ। ਫੇਰ ਵੀ ਉਸਦੇ ਤੜਫ਼ ਤੜਫ ਮਰਨ ਦੇ ਦ੍ਰਿਸ਼ ਉਸ ਦੀਆਂ ਅੱਖਾਂ ਅੱਗੇ ਸਾਰੀ ਰਾਤ ਅਤੇ ਹੁਣ ਫੇਰ ਨੱਚ ਰਹੇ ਸਨ। ਸ਼ਾਮ ਨੂੰ ਉਸਨੂੰ ਰੋਟੀ ਵੀ ਚੰਗੀ ਨਹੀਂ ਸੀ ਲੱਗੀ। ਸਾਰੀ ਰਾਤ ਉਸ ਦੀ ਅੱਖ ਵੀ ਨਹੀਂ ਸੀ ਲੱਗੀ।

ਕੱਲ ਹੋਏ ਫ਼ਾਇਰ ਵਿਚ ਤਿੰਨ ਮੁੰਡੇ ਮਰੇ ਸਨ। ਅਤੇ ਇਕ ਉਸ ਦੀ ਮਨਹੂਸ ਰਾਈਫਲ ਨਾਲ। ਮੁੜ ਉਹਦਾ ਰਾਈਫਲ ਵੱਲ ਤੱਕਣ ਨੂੰ ਵੀ ਦਿਲ ਨਾ ਕੀਤਾ। ਦੋ ਸੌ ਸਿਪਾਹੀਆਂ ਵਿਚੋਂ ਉਸੇ ਨੂੰ ਕੀ ਲੋੜ ਸੀ? ਕਿਸੇ ਮਾਸੂਮ ਦੀ ਜਾਨ ਲੈਣ ਦੀ।

ਉਸੇ ਅੱਗ ਵਿਚ ਉਹ ਦੁਬਾਰਾ ਨਹੀਂ ਜਾਏਗਾ। ਫੈਸਲਾ ਕਰਕੇ ਉਹ



ਆਪਣੇ ਅਫ਼ਸਰ ਕੋਲ ਗਿਆ ਸੀ। ਸਾਰੀ ਰਾਤ ਬਿਮਾਰ ਰਹਿਣ ਦਾ ਉਸ ਦਾ ਬਹਾਨਾ ਸੀ। ਪਰ ਉਸ ਦੀ ਖਾਹਿਸ਼ ਦੱਬ ਕੇ ਰਹਿ ਗਈ।

'ਸ਼ਿਕਾਰ ਵੇਲੇ ਕੁੱਤੀ ਮੁਤਾਈ...ਦਬਾ ਦੱਬ ਤਿਆਰ ਹੋ—ਅਜਿਹੇ ਮੌਕੇ ਕੰਮ ਨੀਂ ਆਉਗੇ, ਫੇਰ ਥੌਂਡਾ ਅਚਾਰ ਪੌਣੈ...।'' ਜਿਸ ਤਰ੍ਹਾਂ ਦੀ ਆਸ ਉਸਨੂੰ ਆਪਣੇ ਅਫ਼ਸਰ ਤੋਂ ਸੀ ਉਸਨੂੰ ਝਾੜ ਪਈ।

ਉਹ ਰੌਂਦ ਲੈਣ ਵਾਲੇ ਸਿਪਾਹੀਆਂ ਦੀ ਕਤਾਰ ਦੇ ਸਭ ਤੋਂ ਪਿਛੇ ਜਾ ਖੜਿਆ। ਵਾਰ ਵਾਰ ਉਸਦੇ ਕੰਨ ਉਡੀਕ ਰਹੇ ਸਨ, ਕੋਈ ਉਸਨੂੰ ਕਹੇ ਰੌਂਦ ਮੁੱਕ ਗਏ...ਬਾਕੀ ਖਾਲੀ ਹੱਥ ਹੀ ਚਲਨਗੇ...ਜਾਂ ਖਾਲੀ ਰਾਈਫਲਾਂ ਨਾਲ ਲਿਜਾਣਗੇ ਅਤੇ ਜਾਂ ਫੇਰ ਟੀਅਰ ਗੈਸ ਹੀ ਦੇ ਦੇਣ...।

ਪਰ ਉਸ ਦੀਆਂ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ। ਸਿਪਾਹੀ ਇਕ ਇਕ ਇਕ ਕਰਕੇ ਲੰਘ ਗਏ। ਰੌਂਦਾਂ ਦੇ ਹਾਲੇ ਕਿੰਨੇ ਹੀ ਬਕਸੇ ਪਏ ਸਨ। ਢਿੱਲੇ ਜੇ ਕਦਮੀਂ ਉਹ ਵੀ ਹੌਲਦਾਰ ਅੱਗੇ ਜਾ ਖੜਿਆ।

'ਮੈਨੂੰ ਤਾਂ ਸਿਰਫ ਦੋ ਦਿਓ...।!

'ਹੋਰਾਂ ਨੇ ਵੀਹ ਵੀਹ ਲਏ ਨੇ, ਤੂੰ ਦੋ ਕਿਉਂ?' ਹੌਲਦਾਰ ਕੁਝ ਹੈਰਾਨ ਸੀ।

'ਆਪਣੇ ਦੋ ਦੇ ਦੋ ਕੰਮ ਆਉਣਗੇ।'' ਉਸਨੇ ਬਨਾਉਟੀ ਮੁਸਕਰਾਹਟ ਨਾਲ ਰੌਂਦਾਂ ਪ੍ਰਤੀ ਨਫਰਤ ਦਬਾਈ। ਪਰ ਫੇਰ ਵੀ ਹੌਲਦਾਰ ਨੇ ਪੰਜ ਉਸਦੇ ਨਾਂ ਲਿਖ ਹੀ ਦਿੱਤੇ।

'ਠੀਕ ਐ...ਠੀਕ ਐ...ਕੱਲ ਤੂੰ ਇਕੋ ਵਰਤਿਆ ਸੀ ਤੇ ਇਕ ਡੱਕ ਦਿੱਤਾ ਸੀ...ਇਨਾਮ ਵਨਾਮ ਮਿਲਿਆ ਤਾਂ ਪਾਰਟੀ ਲਵਾਂਗੇ...।' ਹੌਲਦਾਰ ਦੀਆਂ ਮੁੱਛਾਂ ਵਿਚ ਹੁਸ਼ਿਆਰੀ ਭਰੀ ਮੁਸਕਰਾਹਟ ਸੀ।

ਰੌਂਦ ਫੜਦੇ ਸੁੱਚੇ ਦੇ ਹੱਥ ਕੰਬਦੇ ਰਹੇ। ਪਰ ਇਕ ਮਸ਼ੀਨ ਦੇ ਪੁਰਜ਼ੇ ਵਾਂਗ ਉਹ ਸਭ ਕੁਝ ਕਰਦਾ ਰਿਹਾ। ਬਿਨਾਂ ਵੇਖੇ ਬਿਨਾਂ ਕੁਝ ਸਮਝੇ।

ਉਸ ਦੇ ਕੱਲ ਦੇ ਨਿਸ਼ਾਨੇ ਨੂੰ ਧਿਆਨ ਵਿਚ ਰੱਖਦਿਆਂ ਵੱਡੇ ਅਫ਼ਸਰ ਨੇ ਉਸਨੂੰ ਆਪਣੇ ਨਾਲ ਰਹਿਣ ਲਈ ਚੁਣਿਆ ਸੀ। ਪਰ ਸੁੱਚੇ ਦਾ ਪੱਕਾ ਇਰਾਦਾ ਸੀ, ਅੱਜ ਕੋਈ ਫ਼ਾਇਰ ਨਹੀਂ ਕਰੇਗਾ। ਹਾਲੀਂ ਤਾਂ ਕੱਲ ਮਾਰੇ ਮੁੰਡੇ ਦੀ ਨਾਭੀ ਪੱਗ, ਸਫੈਦ ਫਿਫਟੀ, ਹਲਕੀ ਨੀਲੀ ਸ਼ਰਟ ਅਤੇ ਕਾਲੀ ਪੈਂਟ

ਤੇ ਲੱਗੀ ਚਮੜੇ ਦੀ ਬੈਲਟ ਉਹਦੀਆਂ ਅੱਖਾਂ ਅੱਗੋਂ ਦੂਰ ਨਹੀਂ ਸੀ ਹੋਈ। ਉਹਦਾ ਲਟ ਲਟ ਬਲਦਾ ਜਿਸਮ, ਮਾਂ ਪਿਓ ਦੀਆਂ ਚੀਕਾਂ ਅਤੇ ਭੈਣ ਭਰਾਵਾਂ ਦੇ ਵੈਣ...। ਸਭ ਦੇ ਸਭ ਉਸ ਦੀਆਂ ਅੱਖਾਂ ਅੱਗੇ ਨੱਚ ਰਹੇ ਸਨ।

ਹੁਣ ਉਹ ਦੋ ਮੁੰਡਿਆਂ ਦਾ ਪਿਉ ਸੀ। ਅ[illegible]ਣੇ ਇਕ ਮੁੰਡੇ ਨੂੰ ਚਾਰ ਸਾਲ ਦੀ ਉਮਰ ਵਿਚ ਉਹਨੇ ਮਰਦੇ ਦੇਖਿਆ ਸੀ। ਸੁੱਚੇ ਦਾ ਕੀ ਹਾਲ ਹੋਇਆ ਸੀ, ਉਸਨੂੰ ਚੰਗੀ ਤਰ੍ਹਾਂ ਯਾਦ ਸੀ। ਪਰ ਉਸ[illegible]ਾਂ ਕਲ ਅਠਾਰਾਂ ਸਾਲਾਂ ਦੇ ਮੁੰਡੇ ਦਾ ਖ਼ੂਨ ਕੀਤਾ ਸੀ। ਤੇ ਫਿਰ ਕਿਸ ਕਸੂਰ ਬਦਲੇ ? ਬੱਸ ਇਹੋ ਕਿ ਉਹ ਸੱਚ ਬੋਲਣ ਦੀ ਹਿੰਮਤ ਕਰ ਰਹੇ ਸਨ। ਆਖਰ ਕਿਹੜੀ ਗੱਲ ਸੀ, ਜਿਹੜੀ ਝੂਠੀ ਸੀ। ਮਹਿੰਗਾਈ, ਹੇਰਾ-ਫੇਰੀ, ਰਿਸ਼ਵਤਖੋਰੀ ਤੇ ਬੇਰੁਜ਼ਗਾਰੀ। ਉਸਨੂੰ ਕਿਹੜਾ ਪਤਾ ਨੀਂ, ਲੋਕਾਂ ਦੀ ਕੀ ਹਾਲਤ ਹੈ। ਜਿੰਨ੍ਹਾਂ ਘਰਾਂ ਦੇ ਉਹ ਛਾਪੇ ਮਾਰਨ ਜਾਂਦੇ, ਸਭ ਦੇ ਸਭ ਭੁੱਖੇ। ਚੋਰ ਸਾਂਸੀਆਂ ਦੀਆਂ ਕੁੱਲੀਆਂ ਵ੍ਹਿਚੋਂ ਕਦੇ ਵੀ ਉਹਨਾਂ ਨੂੰ ਆਥਣ ਦੇ ਡੰਗ ਦਾ ਆਟਾ ਵੀ ਨਹੀਂ ਸੀ ਲੱਭਦਾ। ਤੇ ਫੇਰ ਉਸਦਾ ਅਫ਼ਸਰ ਅਫੀਮਾਂ, ਪਸਤੌਲਾਂ, ਸ਼ਰਾਬਾਂ, ਚੋਰੀਆਂ ਤੇ ਉਧਾਲੀਆਂ ਜ਼ਨਾਨੀਆਂ ਦੇ ਸਾਰੇ ਕੇਸ ਉਨ੍ਹਾਂ ਦੇ ਸਿਰ ਠੱਪਦਾ ਸੀ। ਜਿੰਨ੍ਹਾਂ ਕੋਠੀਆਂ ਵਿਚ ਇਹ ਕੁਝ ਹੁੰਦਾ ਸੀ, ਉਨ੍ਹਾਂ ਵੱਲ ਕਦੇ ਉਹਨੇ ਰੁਖ ਵੀ ਨਹੀਂ ਸੀ ਕੀਤਾ। ਜੇ ਉਨ੍ਹਾਂ ਦੀ ਗੱਲ ਇਹ ਕਰਨ ਲੱਗੇ ਤਾਂ ਅਫ਼ਸਰਾਂ ਨੂੰ ਚਿੜ ਕਿਉਂ ? ਉਸਨੂੰ ਕੁਝ ਸਮਝ ਨਹੀਂ ਸੀ ਆਉਂਦੀ। ਉਸ ਦੀ ਆਪਣੀ ਹਾਲਤ ਵੀ ਉਨ੍ਹਾਂ ਵਰਗੀ ਸੀ। ਸਾਰੇ ਦੋ ਸੌ ਤੇ ਅੱਸੀ ਹੀ ਮਿਲਦੇ ਸਨ। ਨਾਲੇ ਕਦੇ ਕਦਾਈਂ ਦੋ ਚਾਰ ਉਤੋਂ ਵੀ ਠੋਕ ਲੈਂਦਾ ਸੀ। ਫੇਰ ਵੀ ਡੰਗ ਨੀਂ ਸੀ ਟੱਪਦਾ। ਦੋ ਮੁੰਡੇ ਨੇ, ਕੋਈ ਬਹੁਤਾ ਟੱਬਰ ਨੀਂ। ਫੇਰ ਵੀ ਢਿੱਡ ਨੀਂ ਪਲਦੇ। ਉਸਨੂੰ ਪਤੈ ਕਿੰਨੀ ਹਾਲੀਂ ਮੁੰਡੇ ਪੜ੍ਹਦੇ ਨੇ। ਉਸਦਾ ਗੁਰਪ੍ਰੀਤ ਤਾਂ ਹਾਲੇ ਦਸਵੀਂ ਵਿਚ ਐ...ਨਾਨਕੇ ਯਾਦ ਆਏ ਪਏ ਨੇ ਸੁੱਚੇ ਦੇ...ਤੋਬਾ ਤੋਬਾ ਇੰਨੇ ਖਰਚ... ਕਿਤਾਬਾਂ ਕਾਪੀਆਂ ਹੀ ਨਹੀਂ ਮੁੱਕਦੀਆਂ। ਫੇਰ ਨੌਕਰੀਆਂ ? ਉਹਦੇ ਭਤੀਜੇ ਨੇ ਮਰ ਕੇ ਬੀ.ਏ. ਕੀਤੀ...ਫਿਰਦਾ ਰਿਹਾ.. ਫਿਰਦਾ ਰਿਹਾ.. ਹਾਰ ਕੇ ਭਰਤੀ ਹੋਇਆ।

ਆਪਣੇ ਆਪ ਨਾਲ ਘੁਲਦਾ, ਉਹ ਝੂਲਦੇ ਤੂਫ਼ਾਨਾਂ ਵਿਚ ਅੱਗੇ ਵੱਲ ਤੁਰ ਪਿਆ। ਮੁੰਡਿਆਂ ਦੇ ਹੱਥਾਂ ਵਿਚ ਫੜੀਆਂ ਡਾਂਗਾਂ ਵੇਖ ਕੇ ਉਹਦੇ ਦਿਲ



ਨੂੰ ਕੁਝ ਤਸੱਲੀ ਹੋਈ। ਚੰਗਾ ਹੋਵੇ ਜੇ ਮੁੰਡੇ ਅੱਜ ਬਦਲਾ ਲੈ ਲੈਣ...। ਸੁੱਚੇ ਦਾ ਹੱਡ ਹੱਡ ਤੋੜ ਦੇਣ, ਖਾ ਜਾਣ...ਭੁੰਨ ਦੇਣ ..ਕੁਝ ਵੀ ਕਰਨ ਉਨ੍ਹਾਂ ਦੀ ਮਰਜ਼ੀ। ਉਹਦੇ ਦਿਲ ਵਿਚ ਵਿਦਰੋਹੀ ਜਿਹੀ ਭਾਵਨਾ ਉੱਠੀ।

ਅਸਮਾਨ ਵਿਚ ਚੜ੍ਹੀ ਧੂੜ ਨੇ ਅਸਮਾਨ ਵਿਚ ਲਾਲੀ ਭਰ ਦਿੱਤੀ ਸੀ। ਵਿਦਿਆਰਥੀਆਂ ਦੀਆਂ ਅੱਖਾਂ ਵਿਚ ਵਰਸਦੀ ਅੱਗ ਨੇ ਸਿਪਾਹੀਆਂ ਦੇ ਸਰੀਰ ਸਾੜ ਸੁਟੇ ਸਨ। ਝੂਲ ਰਿਹਾ ਤੂਫ਼ਾਨ ਜਿਵੇਂ ਵਿਦਿਆਰਥੀਆਂ ਦੇ ਨਾਹਰਿਆਂ ਨਾਲ ਹੋਰ ਤੇਜ਼ ਹੋ ਗਿਆ ਸੀ। ਵਿਦਿਆਰਥੀਆਂ ਦੀਆਂ ਰੋਹ ਭਰੀਆਂ ਅੱਖਾਂ ਸਾਰੀਆਂ ਦੀਆਂ ਸਾਰੀਆਂ, ਜਿਵੇਂ ਸੁੱਚੇ ਉਤੇ ਆ ਟਿੱਕੀਆਂ।

ਸੁੱਚੇ ਦਾ ਅਫ਼ਸਰ ਜੀਪ ਵਿਚੋਂ ਹੇਠਾਂ ਉਤਰ ਆਇਆ। ਸੁੱਚਾ ਉਸ ਦੇ ਖੱਬੇ ਹੱਥ ਸੀ। ਉਨ੍ਹਾਂ ਦੀਆਂ ਅੱਖਾਂ ਵਿਚ ਉੱਡ ਰਿਹਾ ਰੇਤਾ ਭਰਨ ਲੱਗਿਆ। ਡੀ. ਸੀ. ਦੀ ਜੀਪ ਤੇ ਲੱਗਿਆ ਲਾਊਡ ਸਪੀਕਰ ਕੁਝ ਬੋਲਣ ਲੱਗਿਆਂ ਸੀ।

ਸੁੱਚੇ ਦੀਆਂ ਘਬਰਾਈਆਂ ਨਿਗਾਹਾਂ ਨੇ ਇਕ ਮੁੰਡੇ ਨੂੰ ਤੱਕਿਆ। ਸਭ ਦੇ ਡੌਲੇ ਫਰਕ ਰਹੇ ਸਨ। ਉਨ੍ਹਾਂ ਦਾ ਸਾਰਾ ਜੋਸ਼ ਜਿਵੇਂ ਸੁੱਚੇ ਉਤੇ ਹੀ ਠੰਡਾ ਹੋਵੇਗਾ।

ਕਈਆਂ ਮੁੰਡਿਆਂ ਨੇ ਡਾਂਗਾਂ ਉਘਰ ਲਈਆਂ ਸਨ। ਦੂਰ ਸਿਨਮੇ ਵਿਚੋਂ ਲਾਟਾਂ ਨਿਕਲਣ ਲੱਗ ਪਈਆਂ ਸਨ। ਅਫ਼ਸਰ ਨੇ ਧੂਹ ਕੇ ਸੁੱਚੇ ਨੂੰ ਆਪਣੇ ਕੋਲ ਕਰ ਲਿਆ।

'ਕੀ ਦੇਖਦੈਂ ਰੌਂਦ ਭਰ, ਔਹ ਦੇਖ ਮੁੰਡੇ ਨੇ ਪਸਤੌਲ ਤਾਣ ਲਿਐ' ਉਸਦੇ ਅਫ਼ਸਰ ਨੇ ਵੀ ਪਸਤੌਲ ਤਾਣ ਲਿਆ ਸੀ।

ਇਕ ਦੋ ਤਿੰਨ ਤੇ ਫੇਰ ਕਈ ਫਾਇਰ ਲਾਊਡ ਸਪੀਕਰ ਦੇ ਚੀਕਦਿਆਂ ਹੀ ਹੋ ਗਏ।

ਸੁੱਚਾ ਸ਼ਰੇਆਮ ਖੜਾ ਦੇਖਦਾ ਰਿਹਾ। ਉਸਦਾ ਦਿਮਾਗ ਉਸਦਾ ਸਾਥ ਨਹੀਂ ਸੀ ਦੇ ਰਿਹਾ। ਕੀ ਹੋ ਰਿਹੈ, ਉਸਨੂੰ ਸਮਝ ਨਹੀਂ ਸੀ ਆ ਰਹੀ। ਜਿਵੇਂ ਉਹ ਪਾਗਲ ਹੋ ਗਿਐ, ਉਸ ਨੂੰ ਝੌਲੇ ਪੈ ਰਹੇ ਸਨ, ਕੱਲ ਵਾਲਾ ਮੁੰਡਾ ਝੰਡਾ ਚੁੱਕੀ ਉਸ ਵੱਲ ਵੱਧ ਰਿਹਾ ਸੀ–ਸੁੱਚੇ ਨੇ ਰਾਈਫਲ ਤਾਣ ਕੇ ਫਾਇਰ ਕੀਤਾ ਤੇ ਉਹ ਧਾ ਕੇ ਜ਼ਮੀਨ ਤੇ...।

ਸੁੱਚੇ ਦੀਆਂ ਅੱਖਾਂ ਵਿਚ ਤਰਦੇ ਪਾਣੀ ਨੇ ਦੇਖਿਆ...ਉਹੀ ਮੁੰਡਾ ਸੁੱਚੇ ਦੇ ਆਪਣੇ ਗੁਰਪ੍ਰੀਤ ਵਿਚ ਵੱਟ ਗਿਐ...ਉਹ ਵੀ ਇਹੋ ਜਿਹੀਆਂ ਗੱਲਾਂ ਕਰਦਾ ਰਹਿੰਦੈ...ਜਿਹੋ ਜਿਹੀਆਂ ਇਹ ਮੁੰਡੇ ਕਰਦੇ ਨੇ...ਬਿਲਕੁਲ ਇਨਾਂ ਵਾਂਗ। ਉਸ ਦਾ ਮੁੰਡਾ ਕਾਲਜ ਜਾ ਰਿਹੈ...ਤੇ [illegible] ਚੁੱਕੀ ਕਈਆਂ ਦੇ ਅੱਗੇ ਜਾ ਰਿਹੈ... ਆਪਣੇ ਮੁੰਡੇ ਤੇ...ਉਸ ਦੇ ਹੱਥ ਕੰਬ[illegible] ਹਨ...ਉਸ ਤੋਂ ਕੁਝ ਨਾ ਹੋ ਸਕਿਆ— ਪਰ ਉਸ ਦੇ ਪਿੱਛੇ ਖੜੇ ਉਸੇ ਵਰਗੇ ਸਿਪਾਹੀ ਨੇ ਫ਼ਾਇਰ ਕੀਤੇ...ਉਸਦੀ ਚੀਕ ਨਿਕਲੀ...ਗੁਰਪ੍ਰੀਤ ਮਰ ਜਾਇਗਾ... [illegible] ਹੋਰ ਸਿਪਾਹੀ ਹਥੋਂ...ਜਦੋਂ ਵੀ ਕਦੇ ਉਹ ਕਾਲਜ ਆਇਆ...।

'ਕੀ ਹੋਇਆ ?' ਉਸਦੀ ਚੀਕ ਸੁਣ ਕੇ ਉਸਦੇ ਅਫ਼ਸਰ ਨੇ ਸੁੱਚੇ ਦੇ ਸਰੀਰ ਵਲ ਦੇਖਿਆ। ਕਿਤੇ ਕੋਈ ਜ਼ਖ਼ਮ ਨਹੀਂ ਸੀ। ਅੱਖਾਂ ਜ਼ਰੂਰ ਸਿਲੀਆਂ ਸਨ।

'ਫ਼ਾਇਰ...ਉਸ ਮੁੰਡੇ ਤੇ...ਨਹੀਂ ਤਾਂ ਉਸਨੇ ਡੀ. ਸੀ. ਤੇ ਫ਼ਾਇਰ ਕਰਨੈ...।' ਘਬਰਾਏ ਅਫ਼ਸਰ ਨੇ ਸੁੱਚੇ ਦੇ ਪਸਤੌਲ ਦਾ ਹੁਡ ਮਾਰਿਆ। ਇਕ ਪਸਤੌਲ ਤਾਨੀ ਖੜੇ ਮੁੰਡੇ ਵਲ ਇਸ਼ਾਰਾ ਕੀਤਾ! ਮੁੰਡਾ ਅਫਸਰ ਦੇ ਪਸਤੌਲ ਦੇ ਰੇਂਜ 'ਚ ਨਹੀਂ ਸੀ।

ਉਸਨੇ ਮੁੰਡੇ ਵਲ ਤੱਕਿਆ। ਗੋਰਾ ਨਿਸ਼ੋਹ...ਲੋਰੀਆਂ ਦੇ ਦੇ ਪਾਲਿਆ... ਉਸਦੇ ਗੁਰਪ੍ਰੀਤ ਵਰਗਾ। ਇਹ ਮੁੰਡਾ ਉਸਤੋਂ ਮਰ ਨਹੀਂ ਸਕੇਗਾ ...। ਨਹੀਂ... ਇਸ ਤਰ੍ਹਾਂ ਤੇ ਉਹ ਇਕ ਰੀਤ ਜਾਰੀ ਕਰ ਦੇਵੇਗਾ ...ਤੇ ਉਸਦਾ ਗੁਰਪ੍ਰੀਤ... ਕਿਸੇ ਹੋਰ ਫ਼ਾਇਰ ਦਾ...।

'ਹਰਾਮਜ਼ਾਦੇ...ਫਾਇਰ...ਦੇਖ ਉਸਦਾ ਨਿਸ਼ਾਨਾ ਮਿਸ ਹੋ ਗਿਐ...ਦਬਾ ਦੇ ਘੋੜਾ...ਨਹੀਂ ਫੇਰ...।' ਅਫ਼ਸਰ ਨੇ ਆਪਣੀ ਪਸਤੌਲ ਦਾ ਮੂੰਹ ਉਸਦੀ ਗਰਦਨ ਤੇ ਰਖ ਲਿਆ ਸੀ।

ਘੁੰਮਣ ਘੇਰੀਆਂ ਸੁੱਚੇ ਦੀਆਂ ਅੱਖਾਂ ਅਗੇ ਘੁੰਮੀਆਂ। ਅਫ਼ਸਰ ਪਸਤੌਲ ਤਾਣੀ ਖੜਾ ਸੀ। ਤਾੜ ਤਾੜ ਫ਼ਾਇਰ ਹੋ ਰਹੇ ਸਨ...ਕਈ ਮੁੰਡੇ ਉਸ ਦੇ ਸਾਹਮਣੇ ਤੜਫ ਰਹੇ ਸਨ...ਜਿਵੇਂ ਉਸ ਦਾ ਗੁਰਪ੍ਰੀਤ ਵੀ...ਉਸ ਦਾ ਮਨ ਕਰ ਰਿਹਾ ਸੀ—ਕਿਸੇ ਵਿਦਿਆਰਥੀ ਦੀ ਗੋਲੀ ਉਹਦੇ ਅੰਦਰ ਦੀ ਲੰਘ ਜਾਏ...ਇਸ ਤੋਂ ਪਹਿਲਾਂ ਕੇ ਉਸ ਦੀ ਰਾਇਫ਼ਲ ਚਲੇ।



'ਫ਼ਾਇਰ...।'

ਇਸ ਵਾਰ ਜਦੋਂ ਉਸ ਦਾ ਅਫ਼ਸਰ ਕੜਕਿਆ ਉਸ ਨੇ ਘੋੜਾ ਨੱਪ ਦਿਤਾ। ਗੋਲੀ ਮੁੰਡੇ ਦੀ ਹਿੱਕ ਵਿਚ ਵੱਜਦੀ ਉਸ ਤੋਂ ਦੇਖੀ ਨਾ ਗਈ। ਉਹਨੇ ਅੱਖਾਂ ਮੀਟ ਲਈਆਂ।

'ਸ਼ਾਬਾਸ਼...ਡੀ. ਸੀ. ਖ਼ਤਰੇਂ ਤੋਂ ਟਲ ਗਿਐ...ਉਹਨਾਂ ਦਾ ਮੁੰਡੇ ਵਲ ਧਿਆਨ ਨਹੀਂ ਸੀ...।' ਅਫ਼ਸਰ ਉਸਦੀ ਪਿੱਠ ਥਾਪੜ ਰਿਹਾ ਸੀ।

ਪਰ ਬੇਹੋਸ਼ ਹੋ ਕੇ ਧਰਤੀ ਤੇ ਡਿੱਗਦੇ ਸੁੱਚੇ ਨੂੰ ਮਹਿਸੂਸ ਹੋ ਰਿਹਾ ਸੀ। ਜਿਵੇਂ ਇਹ ਫ਼ਾਇਰ ਉਸ ਨੇ ਆਪਣੇ ਆਪ ਤੇ, ਆਪਣੇ ਗੁਰਪ੍ਰੀਤ ਤੇ ਅਤੇ ਆਪਣੀ ਸਾਰੀ ਉਲਾਦ ਤੇ ਕੀਤਾ ਸੀ।